
REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444



A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa

Punjab Mail USA

Vol. 17, Issue- 760, 27 July to 02 Aug, 2023, Ph: 916-320-9444, E-mail: punjabmailusa@yahoo.com, Web: punjabmailusa.com




# ਦੁਨੀਆਂ ਨੂੰ ਅਲਵਿਦਾ ਕਹਿ ਗਏ ਉੱਘੇ ਪੰਜਾਬੀ ਲੋਕ ਗਾਇਕ ਸੁਰਿੰਦਰ ਸ਼ਿੰਦਾ

## ਪਿਛਲੇ ਲੰਬੇ ਸਮੇਂ ਤੋਂ ਸੀ ਬਿਮਾਰ

**ਲੁਧਿਆਣਾ, (ਪੰਜਾਬ ਮੇਲ)**- 80-90 ਦੇ ਦਹਾਕੇ ਦੇ ਮਸ਼ਹੂਰ ਲੋਕ ਗਾਇਕ ਸੁਰਿੰਦਰ ਸ਼ਿੰਦਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਪਿਛਲੇ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ। ਉਨ੍ਹਾਂ ਨੇ ਡੀ.ਐੱਮ.ਸੀ. ਹਸਪਤਾਲ ਵਿਖੇ ਆਖ਼ਰੀ ਸਾਹ ਲਏ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਸੀ। ਉਨ੍ਹਾਂ ਨੂੰ ਲੁਧਿਆਣਾ ਦੇ ਮਾਡਲ ਟਾਊਨ ਵਿਖੇ ਇਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦਾ ਆਪਰੇਸ਼ਨ ਕੀਤਾ ਗਿਆ।

ਇਸ ਤੋਂ ਬਾਅਦ ਸਰੀਰ 'ਚ ਇਨਫੈਕਸ਼ਨ ਫੈਲਣ ਕਾਰਨ ਉਨ੍ਹਾਂ ਨੂੰ ਡੀ.ਐੱਮ.ਸੀ. ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਨੇ ਆਖ਼ਰੀ ਸਾਹ ਲਏ। ਇਸ ਤੋਂ ਪਹਿਲਾਂ ਉਨ੍ਹਾਂ ਦੀ ਮੌਤ ਦੀ ਅਫ਼ਵਾਹ ਵੀ ਫੈਲੀ ਸੀ ਪਰ ਉਨ੍ਹਾਂ ਦੇ ਪੁੱਤਰ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਇਨ੍ਹਾਂ ਅਫ਼ਵਾਹਾਂ ਦਾ ਖੰਡਨ ਕੀਤਾ ਸੀ। ਦੱਸਣਯੋਗ ਹੈ ਕਿ ਮਸ਼ਹੂਰ ਗਾਇਕ ਸੁਰਿੰਦਰ ਪਾਲ ਧੰਮੀ, ਜਿਨ੍ਹਾਂ ਨੂੰ ਅਸੀਂ ਸੁਰਿੰਦਰ ਛਿੰਦਾ ਵਜੋਂ ਜਾਣਦੇ ਹਾਂ, ਉਨ੍ਹਾਂ ਦਾ ਜਨਮ 20 ਮਈ, 1953 ਨੂੰ ਪਿੰਡ ਛੋਟੀ ਈਯਾਲੀ, ਜ਼ਿਲ੍ਹਾ ਲੁਧਿਆਣਾ, ਪੰਜਾਬ 'ਚ ਹੋਇਆ ਸੀ।

ਸੁਰਿੰਦਰ ਸ਼ਿੰਦਾ ਦਾ ਜਨਮ ਇੱਕ ਰਾਮਗੜ੍ਹੀਆ ਪਰਿਵਾਰ 'ਚ ਹੋਇਆ ਸੀ। ਪੰਜਾਬੀ ਸੰਗੀਤ ਜਗਤ 'ਚ ਆਉਣ ਤੋਂ ਪਹਿਲਾਂ ਸ਼ਿੰਦਾ ਸਰੂਪ ਮਕੈਨੀਕਲ ਵਰਕਸ 'ਚ ਨੌਕਰੀ ਕਰਦੇ ਸਨ। ਉਨ੍ਹਾਂ ਨੇ ਸਾਲ 1981 'ਚ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਗੀਤ ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਕਦਮ ਰੱਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਕਦੇ ਵਾਪਸ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਦੇ ਦਿਹਾਂਤ ਕਾਰਨ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਸੋਗ ਦੀ ਲਹਿਰ ਫੈਲ ਗਈ ਹੈ।

ਸੁਰਿੰਦਰ ਸ਼ਿੰਦਾ ਨੂੰ ਆਧੁਨਿਕ ਪੰਜਾਬੀ ਸੰਗੀਤ ਦਾ ਪਿਤਾਮਾ ਸਮਝਿਆ ਜਾਂਦਾ ਹੈ।










ਪੰਜਾਬੀ ਲੋਕ ਗਾਇਕ ਸੁਰਿੰਦਰ ਸ਼ਿੰਦਾ

20 ਮਈ, 1953- 26 ਜੁਲਾਈ 2023





ਕੈਲੀਫੋਰਨੀਆ ਦੌਰੇ ਦੌਰਾਨ ਗੁਰਜਤਿੰਦਰ ਸਿੰਘ ਰੰਧਾਵਾ ਦੇ ਨਾਲ ਮਰਹੂਮ ਪੰਜਾਬੀ ਗਾਇਕ ਸੁਰਿੰਦਰ ਸ਼ਿੰਦਾ ਦੀ ਯਾਦਗਾਰੀ ਤਸਵੀਰ।

## ਸੁਰਿੰਦਰ ਸ਼ਿੰਦਾ ਦਾ ਪਿਛੋਕੜ

(ਅਰਵਿੰਦਰ ਸਿੰਘ ਪਨੇਸਰ)





ਸੁਰਿੰਦਰ ਸ਼ਿੰਦਾ ਜਨਮ ਰਾਮਗੜ੍ਹੀਆ ਕਿਰਤੀ ਪਰਿਵਾਰ ਦੇ ਸ਼੍ਰੀ ਬਚਨ ਰਾਮ ਅਤੇ ਮਾਤਾ ਸ਼੍ਰੀਮਤੀ ਵਿਦਿਆਵਤੀ ਦੇ ਗ੍ਰਹਿ ਵਿਖੇ ਤਕਰੀਬਨ 70 ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਦੇ ਪਿਤਾ ਸ਼੍ਰੀ ਬਚਨ ਰਾਮ ਵੀ ਗਾਇਕੀ ਦੇ ਸ਼ੌਕੀਨ ਸਨ। ਉਨ੍ਹਾਂ ਨੂੰ ਵੇਖ ਕੇ ਸੁਰਿੰਦਰ ਸ਼ਿੰਦਾ ਵੀ ਗਾਉਣ ਲੱਗ ਪਿਆ। 1972-73 ਵਿਚ ਸੁਰਿੰਦਰ ਸ਼ਿੰਦਾ ਉਸਤਾਦ ਜਸਵੰਤ ਭੰਵਰਾ ਦੇ ਲੜ ਲੱਗ ਗਏ ਅਤੇ ਉਨ੍ਹਾਂ ਕੋਲੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਪ੍ਰਸਿੱਧ ਕੰਪਨੀ ਐੱਚ.ਐੱਮ.ਵੀ. ਨੇ ਉਨ੍ਹਾਂ ਦਾ ਪਹਿਲਾ ਰਿਕਾਰਡ 'ਘੱਗਰਾ ਸੂਫ ਦਾ' ਤਿਆਰ ਕੀਤਾ। ਇੰਝ ਉਨ੍ਹਾਂ ਨੇ ਪੇਸ਼ੇਵਰ ਗਾਇਕੀ ਵਿਚ ਪਹਿਲਾ ਕਦਮ ਰੱਖਿਆ। ਪ੍ਰਸਿੱਧ ਸੰਗੀਤਕਾਰ ਚਰਨਜੀਤ ਅਹੂਜਾ ਨੇ ਵੀ ਸੁਰਿੰਦਰ ਸ਼ਿੰਦੇ ਦੇ ਕਾਫੀ ਗੀਤ ਰਿਕਾਰਡ ਕਰਵਾਏ, ਜਿਸ ਨਾਲ ਉਨ੍ਹਾਂ ਨੇ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ। ਸੁਰਿੰਦਰ ਸ਼ਿੰਦਾ ਨੇ ਆਪਣੇ ਸਮੇਂ ਵਿਚ ਲੋਕ ਗਾਥਾਵਾਂ ਜਾਂ ਦੋਗਾਣੇ ਗਾਏ। ਉਨ੍ਹਾਂ ਦੇ ਗਾਏ ਗੀਤ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ ਸਨ। ਉਨ੍ਹਾਂ ਦੇ ਗਾਏ 'ਬਾਰੀ ਖੋਲ੍ਹ ਕੇ ਵਾਹਿਗੁਰੂ ਬੋਲ ਕੇ', 'ਦੋ ਊਠਾਂ ਵਾਲੇ ਨੀਂ', 'ਜੰਞ ਚੜ੍ਹੀ ਅਮਲੀ ਦੀ', 'ਬੱਦਲਾਂ ਨੂੰ ਪੁੱਛ ਗੋਰੀਏ', 'ਜਿਊਣਾ ਮੋੜ', 'ਉੱਚਾ ਬੁਰਜ ਲਾਹੌਰ ਦਾ', 'ਜੱਟ ਮਿਰਜ਼ਾ ਖਰਲਾਂ ਦਾ', 'ਸੁੱਚਾ ਸੂਰਮਾ', 'ਤਾਰਾ ਰੋਂਦੀ ਤੇ ਕਰਲਾਉਂਦੀ', 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ', 'ਮਾਲਵੇ ਦੇ ਜੱਟ', 'ਮੈਂ ਕਿਹੜੀ ਖੁਦਾਈ ਮੰਗ ਲਈ', 'ਦਿੱਲੀ ਸ਼ਹਿਰ ਦੀਆਂ ਕੁੜੀਆਂ' ਆਦਿ ਜ਼ਿਕਰਯੋਗ ਹਨ।

ਸੁਰਿੰਦਰ ਸ਼ਿੰਦਾ ਨੇ ਅਨੇਕਾਂ ਪੰਜਾਬੀ ਫ਼ਿਲਮਾਂ ਵਿਚ ਅਦਾਕਾਰੀ ਅਤੇ ਸੰਗੀਤ ਵੀ ਦਿੱਤਾ ਅਤੇ ਇੱਕ ਹਿੰਦੀ ਫ਼ਿਲਮ ਵਿਚ ਵੀ ਗੀਤ ਗਾਉਣ ਦਾ ਮਾਣ ਮਿਲਿਆ। ਸੁਰਿੰਦਰ ਛਿੰਦਾ ਨੇ ਆਪਣੀ ਗਾਇਕੀ ਵਿਚ ਨਵੇਂ ਤਜ਼ਰਬੇ ਵੀ ਕੀਤੇ, ਜੋ ਸਫ਼ਲ ਰਹੇ, ਜਿਵੇਂ 'ਜਿਊਣਾ ਮੋੜ' ਰਿਕਾਰਡ ਵਿਚ ਉਸ ਨੇ ਕੁਮੈਂਟਰੀ ਕਰਦਿਆਂ, ਜਿਊਣਾ ਅਤੇ ਇਸ ਗਾਥਾ ਦੇ ਹੋਰਨਾਂ ਪਾਤਰਾਂ ਨੂੰ ਗੀਤ ਦੇ ਨਾਲ ਆਪਣੀ ਆਵਾਜ਼ ਵਿਚ ਬਾਖ਼ੂਬੀ ਪੇਸ਼ ਕੀਤਾ। ਇਸ ਤੋਂ ਇਲਾਵਾ 'ਉੱਚਾ ਬੁਰਜ ਲਾਹੌਰ ਦਾ', 'ਤੀਆਂ ਲੌਂਗੋਵਾਲ ਦੀਆਂ', 'ਮੈਂ ਡਿੱਗੀ ਤਿਲਕ ਕੇ', 'ਜੱਟ ਮਿਰਜ਼ਾ ਖਰਲਾਂ ਦਾ', 'ਰੱਖ ਲੈ ਕਲੰਡਰ ਯਾਰਾ', 'ਜੰਞ ਚੜ੍ਹੀ ਅਮਲੀ ਦੀ', 'ਤਲਾਕ ਅਮਲੀ ਦਾ', 'ਘੁੱਢ ਚੱਕ ਮਾਰਦੇ ਸਲੂਟ', 'ਗੱਲਾਂ ਸੋਹਣੇ ਯਾਰ ਦੀਆਂ', 'ਮੈਂ ਨਾ ਅੰਗਰੇਜ਼ੀ ਜਾਣਦੀ', 'ਦਿਲ ਪੇਂਡੂ ਜੱਟ ਲੈ ਗਿਆ', 'ਤੋਹਫ਼ੇ' ਆਦਿ ਰਿਕਾਰਡਾਂ ਤੇ ਕੈਸਿਟਾਂ ਨੇ ਸਮੇਂ-ਸਮੇਂ ਜੋ ਪ੍ਰਸਿੱਧੀ ਹਾਸਲ ਕੀਤੀ, ਉਹ ਕਿਸੇ ਕੋਲੋਂ ਛੁਪੀ ਨਹੀਂ। ਉਸ ਨੇ ਚਰਚਿਤ ਗਾਇਕਾਵਾਂ ਅਨੁਰਾਧਾ ਪੌਡੋਂਵਾਲ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾਮੂਰਤੀ, ਸਵਿਤਾ ਸਾਥੀ, ਨਰਿੰਦਰ ਬੀਬਾ, ਗੁਲਸ਼ਨ ਕੋਮਲ, ਸੁਖਵੰਤ ਸੁੱਖੀ, ਸੁਰਿੰਦਰ ਸੋਨੀਆ, ਰੁਪਿੰਦਰ ਰੰਜਨਾ, ਕੁਲਦੀਪ ਕੌਰ, ਪਰਮਿੰਦਰ ਸੰਧੂ ਅਤੇ ਸੁਦੇਸ਼ ਕੁਮਾਰੀ ਆਦਿ ਨਾਲ ਵੀ ਦੋਗਾਣੇ ਗਾਏ। ਉਸ ਦੇ ਅਨੇਕਾਂ ਸ਼ਗਿਰਦਾਂ ਨੇ ਵੀ ਗਾਇਕੀ ਵਿਚ ਨਾਮਣਾ ਖੱਟਿਆ, ਜਿਨ੍ਹਾਂ ਵਿਚੋਂ ਮਰਹੂਮ ਅਮਰ ਸਿੰਘ ਚਮਕੀਲਾ, ਕੁਲਦੀਪ ਪਾਰਸ, ਸੋਹਨ ਸਿਕੰਦਰ ਆਦਿ ਸ਼ਾਮਲ ਸਨ।

# ਬਾਇਡਨ ਪ੍ਰਸ਼ਾਸਨ ਵੱਲੋਂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਪ੍ਰਵਾਸੀਆਂ ਨੂੰ ਰੋਕਣ ਲਈ ਟੈਕਸਾਸ ਗਵਰਨਰ ਵਿਰੁੱਧ ਮੁਕੱਦਮਾ ਦਾਇਰ

**ਆਸਟਿਨ, (ਪੰਜਾਬ ਮੇਲ)-** ਬਾਇਡਨ ਪ੍ਰਸ਼ਾਸਨ ਨੇ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਰੋਕਣ ਲਈ ਟੈਕਸਾਸ ਦੁਆਰਾ ਰੀਓ ਗ੍ਰਾਂਡੇ ਨਦੀ ਵਿਚ ਫਲੋਟਿੰਗ ਬੈਰੀਅਰ ਨੂੰ ਲੈ ਕੇ ਟੈਕਸਾਸ ਗਵਰਨਰ 'ਤੇ ਮੁਕੱਦਮਾ ਕੀਤਾ ਹੈ। ਪਾਬੰਦੀ ਦਾ ਐਲਾਨ ਟੈਕਸਾਸ ਦੇ ਰਿਪਬਲਿਕਨ ਗਵਰਨਰ ਗ੍ਰੇਗ ਐਬੋਟ ਨੇ ਜੂਨ ਵਿਚ ਕੀਤਾ ਸੀ।

ਸੰਘੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਦੀ ਵਿਚ ਰੁਕਾਵਟਾਂ ਸੰਘੀ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ। ਇਸ ਦੇ ਨਾਲ ਹੀ ਮਨੁੱਖਤਾਵਾਦੀ ਚਿੰਤਾਵਾਂ ਵੀ ਸਾਹਮਣੇ ਆ ਗਈਆਂ ਹਨ। ਗਵਰਨਰ ਨੇ ਕਿਹਾ ਕਿ ਉਹ ਅਦਾਲਤ ਵਿਚ ਇਸ ਨਾਲ ਨਜਿੱਠਣਗੇ। ਜ਼ਿਕਰਯੋਗ ਹੈ ਕਿ ਇਸ ਪਾਬੰਦੀ ਦਾ ਐਲਾਨ ਜੂਨ ਵਿਚ ਕੀਤਾ ਗਿਆ ਸੀ।

**■ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਰੋਕਣ ਲਈ ਟੈਕਸਾਸ ਵੱਲੋ ਰੀਓ ਗ੍ਰਾਂਡੇ ਨਦੀ ਵਿਚ ਫਲੋਟਿੰਗ ਬੈਰੀਅਰ ਨੂੰ ਲੈ ਕੇ ਮੁਕੱਦਮਾ ਕੀਤਾ ਦਰਜ**

ਰਾਜ ਦੇ ਅਧਿਕਾਰੀਆਂ ਨੇ ਸੰਘੀ ਅਧਿਕਾਰੀਆਂ ਦੇ ਬਿਆਨ 'ਤੇ ਦਲੀਲ ਦਿੱਤੀ ਹੈ ਕਿ ਇਸ ਨਾਲ ਸਰਹੱਦ ਨੂੰ ਸੁਰੱਖਿਅਤ ਕਰਨ ਵਿਚ ਮਦਦ ਮਿਲੇਗੀ। ਪ੍ਰਵਾਸੀ ਵਕੀਲਾਂ ਨੇ ਕਿਹਾ ਹੈ ਕਿ ਇਹ ਪ੍ਰਵਾਸੀਆਂ ਲਈ ਬੇਅਸਰ ਅਤੇ ਸੰਭਾਵੀ ਤੌਰ 'ਤੇ ਖ਼ਤਰਨਾਕ ਹੋ ਸਕਦਾ ਹੈ।

ਨਿਆਂ ਵਿਭਾਗ ਨੇ ਔਸਟਿਨ ਵਿਚ ਇੱਕ ਸੰਘੀ ਅਦਾਲਤ ਵਿਚ ਦਲੀਲ ਦਿੱਤੀ ਕਿ ਰਾਜ ਦੇ ਅਧਿਕਾਰੀਆਂ ਨੂੰ ਰੁਕਾਵਟਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਸੰਘੀ ਇਜਾਜ਼ਤ ਲੈਣ ਦੀ ਲੋੜ ਸੀ। ਸੰਘੀ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਅਜਿਹਾ ਨਾ ਕਰਕੇ, ਟੈਕਸਾਸ ਨੇ ਜਲ ਮਾਰਗਾਂ ਨੂੰ ਨਿਯੰਤਰਿਤ ਕਰਨ ਵਾਲੇ ਸੰਘੀ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਐਸੋਸੀਏਟ ਅਟਾਰਨੀ ਜਨਰਲ ਵਨੀਤਾ ਗੁਪਤਾ ਨੇ ਕਿਹਾ- "ਅਸੀਂ ਦੋਸ਼ ਲਗਾਉਂਦੇ ਹਾਂ ਕਿ ਟੈਕਸਾਸ ਨੇ ਜ਼ਰੂਰੀ ਸੰਘੀ ਪਰਮਿਟਾਂ ਤੋਂ ਬਿਨਾਂ ਰੀਓ ਗ੍ਰਾਂਡੇ 'ਤੇ ਰੁਕਾਵਟ ਖੜ੍ਹੀ ਕਰਕੇ ਸੰਘੀ ਕਾਨੂੰਨ ਦੀ ਉਲੰਘਣਾ ਕੀਤੀ ਹੈ।"

ਇਸ ਤੋਂ ਪਹਿਲਾਂ, ਬਾਇਡਨ ਪ੍ਰਸ਼ਾਸਨ ਨੇ ਟੈਕਸਾਸ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਨਦੀ ਤੋਂ ਰੁਕਾਵਟ ਨੂੰ ਹਟਾ ਕੇ ਕਾਨੂੰਨੀ ਲੜਾਈ ਤੋਂ ਬਚ ਸਕਦੇ ਹਨ। ਹਾਲਾਂਕਿ, ਅਜਿਹਾ ਨਹੀਂ ਹੋਇਆ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ 80 ਤੋਂ ਵੱਧ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਇਕ ਪੱਤਰ ਭੇਜ ਕੇ ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਦੀਆਂ ਖਤਰਨਾਕ ਅਤੇ ਬੇਰਹਿਮ ਕਾਰਵਾਈਆਂ ਦੀ ਜਾਂਚ ਕਰਨ ਦੀ ਅਪੀਲ ਕੀਤੀ ਸੀ। ਪੱਤਰ ਵਿਚ ਕਿਹਾ ਗਿਆ ਸੀ ਕਿ ਐਬਟ ਨਦੀ ਵਿਚ ਪ੍ਰਵਾਸੀਆਂ ਲਈ ਮੌਤ ਦੇ ਜਾਲ ਬਣਾ ਰਿਹਾ ਹੈ ਅਤੇ ਮੈਕਸੀਕੋ ਨਾਲ ਅਮਰੀਕੀ ਸੰਧੀ ਪ੍ਰਤੀਬੱਧਤਾਵਾਂ ਦੀ ਉਲੰਘਣਾ ਕਰ ਰਿਹਾ ਹੈ। ਇਸ ਦੇ ਜਵਾਬ ਵਿਚ ਗਵਰਨਰ ਐਬੋਟ ਨੇ ਟਵਿੱਟਰ 'ਤੇ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੇ ਰਾਜ ਕੋਲ ਸਰਹੱਦ ਦੀ ਰੱਖਿਆ ਕਰਨ ਲਈ ਪ੍ਰਭੂਸੱਤਾ ਸੰਪੰਨ ਅਧਿਕਾਰ ਹੈ।

ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਰਿਪਬਲਿਕਨ ਪਾਰਟੀ ਨਾਲ ਸੰਬੰਧ ਰੱਖਦੇ ਹਨ ਅਤੇ ਉਹ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਫੀ ਨਜ਼ਦੀਕ ਸਮਝੇ ਜਾਂਦੇ ਸਨ।

# ਉੱਤਰੀ ਬਾਜਾ, ਕੈਲੀਫੋਰਨੀਆ 'ਚ 17,000 ਪ੍ਰਵਾਸੀ ਫਸੇ

**ਸੈਨ ਡਿਆਗੋ, (ਪੰਜਾਬ ਮੇਲ)-** ਮੈਕਸੀਕੋ ਦੇ ਨੈਸ਼ਨਲ ਇੰਸਟੀਚਿਊਟ ਆਫ ਮਾਈਗ੍ਰੇਸ਼ਨ ਦੇ ਅਨੁਸਾਰ, ਲਗਭਗ 17,000 ਪ੍ਰਵਾਸੀ ਉੱਤਰੀ ਬਾਜਾ, ਕੈਲੀਫੋਰਨੀਆ ਵਿਚ ਸਰਹੱਦ ਪਾਰ ਕਰਨ ਦੇ ਮੌਕੇ ਦੀ ਉਡੀਕ ਕਰ ਰਹੇ ਹਨ।

ਏਜੰਸੀ ਦਾ ਕਹਿਣਾ ਹੈ ਕਿ ਜ਼ਿਆਦਾਤਰ ਪ੍ਰਵਾਸੀ ਟਿਜੁਆਨਾ ਵਿਚ ਹਨ ਅਤੇ ਪੂਰਬ ਵਿਚ ਮੈਕਸੀਕਲੀ ਵਿਚ ਥੋੜ੍ਹੀ ਗਿਣਤੀ ਹੈ।

ਬਾਜਾ ਕੈਲੀਫੋਰਨੀਆ 'ਚ ਮਾਈਗ੍ਰੇਸ਼ਨ ਇੰਸਟੀਚਿਊਟ ਦੇ ਮੁਖੀ ਡੇਵਿਡ ਪੇਰੇਜ਼ ਤੇਜਾਦਾ ਪਡੀਲਾ ਨੇ ਕਿਹਾ, "ਉਹ ਇੱਥੇ ਆਸਰਾ, ਹੋਟਲਾਂ ਅਤੇ ਨਿੱਜੀ ਘਰਾਂ ਵਿਚ ਫਸੇ ਹੋਏ ਹਨ। "ਸਹੀ ਅੰਕੜੇ ਦੇ ਨਾਲ ਆਉਣਾ ਮੁਸ਼ਕਲ ਹੈ ਕਿਉਂਕਿ ਨੰਬਰ ਰੋਜ਼ਾਨਾ ਬਦਲਦੇ ਹਨ।"

ਉਸਨੇ ਕਿਹਾ ਕਿ ਉਨ੍ਹਾਂ ਦਾ ਅੰਦਾਜ਼ਾ ਹੈ ਕਿ ਸੀ.ਬੀ.ਪੀ. ਵਨ ਐਪ ਦੁਆਰਾ ਸ਼ਰਣ ਪ੍ਰਕਿਰਿਆ ਸ਼ੁਰੂ ਕਰਨ ਲਈ ਹਰ ਮਹੀਨੇ ਲਗਭਗ 8,000 ਪ੍ਰਵਾਸੀ ਟਿਜੁਆਨਾ ਵਿਚ ਦਿਖਾਈ ਦੇ ਰਹੇ ਹਨ, ਜੋ ਪ੍ਰਵਾਸੀਆਂ ਨੂੰ ਸਰਹੱਦ ਦੇ ਅਮਰੀਕਾ ਵਾਲੇ ਪਾਸੇ ਇੰਟਰਵਿਊ ਸਥਾਪਤ ਕਰਨ ਦੀ ਆਗਿਆ ਦਿੰਦਾ ਹੈ। ਸੀ.ਬੀ.ਪੀ. ਵਨ ਨੇ ਉੱਤਰ-ਪੂਰਬੀ ਏਲ ਪਾਸੋ ਵਿਚ ਨਵੀਂ, ਵੱਡੇ ਪੈਮਾਨੇ 'ਤੇ ਪ੍ਰਵਾਸੀ ਰੱਖਣ ਦੀ ਸਹੂਲਤ ਖੋਲ੍ਹੀ ਹੈ

ਇੰਟਰਵਿਊਆਂ ਯੂ.ਐੱਸ. ਇਮੀਗ੍ਰੇਸ਼ਨ ਕਰਮਚਾਰੀਆਂ ਨਾਲ ਪ੍ਰਵੇਸ਼ ਦੇ ਬੰਦਰਗਾਹਾਂ 'ਤੇ ਹੁੰਦੀਆਂ ਹਨ, ਜੋ ਇਹ ਨਿਰਧਾਰਤ ਕਰਦੇ ਹਨ ਕਿ ਕੀ ਕਿਸੇ ਪ੍ਰਵਾਸੀ ਕੋਲ ਸਰਹੱਦ ਦੇ ਉੱਤਰ ਵਿਚ ਅਦਾਲਤੀ ਸ਼ਰਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕੋਈ ਜਾਇਜ਼ ਕੇਸ ਹੈ।

**■ ਕੈਲੀਫੋਰਨੀਆ ਵਿਚ ਸਰਹੱਦ ਪਾਰ ਕਰਨ ਦੇ ਮੌਕੇ ਦੀ ਕਰ ਰਹੇ ਉਡੀਕ**

ਟਿਜੁਆਨਾ ਦੇ ਪ੍ਰਵਾਸੀ ਮਾਮਲਿਆਂ ਦੇ ਦਫਤਰ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਪ੍ਰਵਾਸੀਆਂ ਨੂੰ ਸੀ.ਬੀ.ਪੀ. ਵਨ ਐਪ ਰਾਹੀਂ ਮੁਲਾਕਾਤ ਨੂੰ ਸੁਰੱਖਿਅਤ ਕਰਨ ਲਈ 90 ਦਿਨਾਂ ਤੱਕ ਉਡੀਕ ਕਰਨੀ ਪੈਂਦੀ ਹੈ।

ਉਸ ਨੇ ਕਿਹਾ, "ਹੁਣ ਤੱਕ ਨਿਯੁਕਤੀਆਂ ਲਈ ਸਾਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 49,000 ਪ੍ਰਵਾਸੀ ਸੈਨ ਡਿਆਗੋ-ਟਿਜੁਆਨਾ ਖੇਤਰ ਵਿਚ ਸਰਹੱਦ ਪਾਰ ਕਰਨ ਦੇ ਯੋਗ ਹੋ ਚੁੱਕੇ ਹਨ।"

11 ਮਈ ਨੂੰ ਟਾਈਟਲ 42 ਦੀ ਸਮਾਪਤੀ ਤੋਂ ਪਹਿਲਾਂ, ਪ੍ਰਵਾਸੀ ਵੱਡੀ ਗਿਣਤੀ ਵਿਚ ਯੂ.ਐੱਸ.-ਮੈਕਸੀਕੋ ਸਰਹੱਦ 'ਤੇ ਆ ਰਹੇ ਸਨ, ਤਾਂ ਕਿ ਉਨ੍ਹਾਂ ਦੀ ਸ਼ਰਣ ਪ੍ਰਕਿਰਿਆ ਸ਼ੁਰੂ ਕਰਨ ਦੇ ਮੌਕੇ ਲਈ ਬਾਰਡਰ ਪੈਟਰੋਲ ਏਜੰਟਾਂ ਦੁਆਰਾ ਚੁੱਕਿਆ ਜਾਵੇਗਾ।

ਬਿਨਾਂ ਅਪੁਆਇੰਟਮੈਂਟ ਦੇ, ਜਿਹੜੇ ਲੋਕ ਦਾਖਲੇ ਦੀਆਂ ਬਾਰਡਰ 'ਤੇ ਫੜੇ ਗਏ ਹਨ, ਮੈਕਸੀਕੋ ਜਾਂ ਉਨ੍ਹਾਂ ਦੇ ਘਰੇਲੂ ਦੇਸ਼ਾਂ ਨੂੰ ਵਾਪਸ ਭੇਜੇ ਜਾ ਸਕਦੇ ਹਨ ਅਤੇ ਉਨ੍ਹਾਂ 'ਤੇ ਘੱਟੋ-ਘੱਟ ਪੰਜ ਸਾਲਾਂ ਲਈ ਅਮਰੀਕਾ ਆਉਣ 'ਤੇ ਪਾਬੰਦੀ ਲਗਾਈ ਜਾਵੇਗੀ।

ਮੈਕਸੀਕੋ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਅਨੁਸਾਰ, ਨਵੇਂ ਨਿਯਮ ਜ਼ਿਆਦਾਤਰ ਪ੍ਰਵਾਸੀਆਂ ਨੂੰ ਸਰਹੱਦ ਦੇ ਦੱਖਣ ਵੱਲ ਪ੍ਰਕਿਰਿਆ ਦਾ ਇੰਤਜ਼ਾਰ ਕਰ ਰਹੇ ਹਨ।

# ਨਿਊ ਮੈਕਸੀਕੋ ਦੇ ਰੇਗਿਸਤਾਨ 'ਚ ਤਾਪਮਾਨ ਵਧਣ ਕਾਰਨ ਮੌਤਾਂ ਦੀ ਗਿਣਤੀ 96 ਹੋਈ

**ਸਨਲੈਂਡ ਪਾਰਕ (ਨਿਊ ਮੈਕਸੀਕੋ), (ਪੰਜਾਬ ਮੇਲ)-** ਮੈਕਸੀਕੋ ਬਾਰਡਰ ਤੋਂ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਪਹੁੰਚਣ ਵਾਲੇ ਬਹੁਤ ਸਾਰੇ ਪ੍ਰਵਾਸੀ ਤਪਦੀ ਗਰਮੀ ਕਾਰਨ ਰਸਤੇ ਵਿਚ ਮਾਰੇ ਜਾ ਰਹੇ ਹਨ। ਕੁੱਝ ਥਾਂਵਾਂ 'ਤੇ ਬਾਰਡਰ ਪਾਰ ਕਰਨ ਲਈ



ਰੇਗਿਸਤਾਨ 'ਚੋਂ ਹੋ ਕੇ ਜਾਣਾ ਪੈਂਦਾ ਹੈ। ਦਿਨ ਦੇ ਸਮੇਂ ਤਾਪਮਾਨ ਜ਼ਿਆਦਾ ਹੋਣ ਕਾਰਨ ਇਹ ਥਾਵਾਂ ਜ਼ਿਆਦਾ ਤੱਪ ਜਾਂਦੀਆਂ ਹਨ। ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਲ ਆ ਰਹੇ ਸਮੱਗਲਰ ਇਨ੍ਹਾਂ ਨੂੰ ਭੱਜ ਕੇ ਜਾਣ ਲਈ ਮਜਬੂਰ ਕਰਦੇ ਹਨ, ਜੋ ਕਿ ਹਰੇਕ ਲਈ ਮੁਮਕਿਨ ਨਹੀਂ ਹੁੰਦਾ। ਕਈ ਵਾਰੀ ਇਨ੍ਹਾਂ ਨੂੰ ਪੀਣ ਲਈ ਪਾਣੀ ਵੀ ਨਸੀਬ ਨਹੀਂ ਹੁੰਦਾ। ਲੂ ਲੱਗਣ ਕਾਰਨ ਬਹੁਤੇ ਲੋਕ ਰਸਤੇ ਵਿਚ ਹੀ ਦਮ ਤੋੜ ਜਾਂਦੇ ਹਨ।

ਯੂ.ਐੱਸ. ਬਾਰਡਰ ਪੈਟਰੋਲ ਫਿਰ ਪ੍ਰਵਾਸੀਆਂ ਨੂੰ ਤਸਕਰਾਂ 'ਤੇ ਭਰੋਸਾ ਨਾ ਕਰਨ ਲਈ ਕਹਿ ਰਿਹਾ ਹੈ, ਜੋ ਉਨ੍ਹਾਂ ਨੂੰ ਦੱਸ ਰਹੇ ਹਨ ਕਿ ਤਿੰਨ ਅੰਕਾਂ ਦੀ ਗਰਮੀ ਵਿਚ ਦੱਖਣੀ ਨਿਊ ਮੈਕਸੀਕੋ ਦੇ ਮਾਰੂਥਲ ਨੂੰ ਪਾਰ ਕਰਨਾ ਸੁਰੱਖਿਅਤ ਹੈ।

ਇਹ ਪਟੀਸ਼ਨ ਉਦੋਂ ਆਈ ਹੈ, ਜਦੋਂ ਇਸ ਵਿੱਤੀ ਸਾਲ ਵਿਚ ਐਲ ਪਾਸੋ ਸੈਕਟਰ ਵਿਚ ਸਰਹੱਦੀ ਏਜੰਟਾਂ ਦੁਆਰਾ ਲੱਭੇ ਗਏ ਮ੍ਰਿਤਕ ਵਿਅਕਤੀਆਂ ਦੀ ਗਿਣਤੀ ਇਸ ਹਫ਼ਤੇ 96 ਤੱਕ ਪਹੁੰਚ ਗਈ ਹੈ। ਜ਼ਿਆਦਾਤਰ ਲਾਸ਼ਾਂ ਸੈਂਟਾ ਟੇਰੇਸਾ ਬਾਰਡਰ ਪੈਟਰੋਲ ਸਟੇਸ਼ਨ ਖੇਤਰ ਵਿਚ ਮਿਲੀਆਂ ਹਨ। ਇਹ ਸਨਲੈਂਡ ਪਾਰਕ ਦੇ ਮਾਊਂਟ ਕ੍ਰਿਸਟੋ ਰੇ ਤੋਂ ਕੋਲੰਬਸ, ਨਿਊ ਮੈਕਸੀਕੋ ਦੇ ਨੇੜੇ ਫੈਲਿਆ ਹੋਇਆ ਹੈ।

ਬਾਰਡਰ ਪੈਟਰੋਲ ਦਾ ਕਹਿਣਾ ਹੈ ਕਿ ਕਾਉਂਟੀ ਵਿਚ ਜਿੱਥੇ ਲਾਸ਼ਾਂ ਮਿਲੀਆਂ ਹਨ, ਸਿਰਫ਼ ਮੈਡੀਕਲ ਜਾਂਚਕਰਤਾ ਹੀ ਲਾਸ਼ਾਂ ਦੀ ਪਛਾਣ ਦਾ ਨਿਸ਼ਚਤ ਤੌਰ 'ਤੇ ਪਤਾ ਲਗਾ ਸਕਦੇ ਹਨ। ਪਰ ਏਜੰਸੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਪ੍ਰਵਾਸੀ ਹਨ।

ਬਾਰਡਰ ਗਸ਼ਤ ਨੇ ਬਾਰਡਰ ਰਿਪੋਰਟ ਨੂੰ ਦਿੱਤੇ ਇੱਕ ਬਿਆਨ ਵਿਚ ਕਿਹਾ ਕਿ ਅਸੀਂ ਵਰਤਮਾਨ ਵਿਚ ਨਿਊ ਮੈਕਸੀਕੋ 'ਚ ਮਾਰੂਥਲ ਦੇ ਖੇਤਰ ਅਤੇ ਅਤਿਅੰਤ ਗਰਮੀ ਕਾਰਨ ਵੱਡੀ ਗਿਣਤੀ ਵਿਚ ਪ੍ਰਵਾਸੀ ਮੌਤਾਂ ਦਰਜ ਕਰ ਰਹੇ ਹਾਂ। ਪ੍ਰਵਾਸੀਆਂ ਕੋਲ ਲੋੜੀਂਦਾ ਪਾਣੀ ਨਹੀਂ ਹੈ ਅਤੇ ਘੱਟ ਤੋਂ ਘੱਟ ਛਾਂ ਹੈ।"

ਬਾਰਡਰ ਅਧਿਕਾਰੀਆਂ ਅਨੁਸਾਰ ਤਸਕਰਾਂ ਦੁਆਰਾ ਪ੍ਰਵਾਸੀਆਂ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਬਾਰਡਰ ਏਜੰਟ ਦਿਨ ਦੇ ਸਮੇਂ ਗਸ਼ਤ ਬੰਦ ਕਰ ਦਿੰਦੇ ਹਨ। ਪਰ ਅਜਿਹਾ ਨਹੀਂ ਹੈ। ਗਸ਼ਤ ਦਿਨ-ਰਾਤ ਜਾਰੀ ਰਹਿੰਦੀ ਹੈ।

# ਅਮਰੀਕਾ 'ਚ ਇਮੀਗ੍ਰੇਸ਼ਨ ਕੇਸਾਂ ਦਾ ਬੈਕਲਾਗ 2 ਮਿਲੀਅਨ ਤੋਂ ਵਧਿਆ



**ਟੈਕਸਾਸ, (ਪੰਜਾਬ ਮੇਲ)-** ਇਕ ਰਿਪੋਰਟ ਅਨੁਸਾਰ ਅਮਰੀਕਾ 'ਚ 2 ਮਿਲੀਅਨ ਤੋਂ ਵੱਧ ਕੇਸਾਂ ਦਾ ਇਕ ਇਤਿਹਾਸਕ ਬੈਕਲਾਗ ਹੋ ਗਿਆ ਹੈ, ਜਿਸ ਕਰਕੇ ਪ੍ਰਵਾਸੀ ਗੈਰ ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਕੇ ਇਥੇ ਪਹੁੰਚ ਰਹੇ ਹਨ। ਦੂਜੇ ਦੇਸ਼ਾਂ ਤੋਂ ਭਾਰੀ ਗਿਣਤੀ ਵਿਚ ਇਥੇ ਆਣ ਕੇ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਹੱਦੋਂ ਵਧ ਗਈ ਹੈ, ਜਿਸ ਕਰਕੇ ਅਦਾਲਤਾਂ ਵਿਚ ਬਹੁਤ ਜ਼ਿਆਦਾ ਬੋਝ ਪਿਆ ਹੈ ਅਤੇ ਗੈਰ ਨਾਗਰਿਕ ਸ਼ਰਣ ਲੈਣ ਲਈ ਕੀਤੇ ਆਪਣੇ ਕੇਸ ਦੀ ਸੁਣਵਾਈ ਲਈ ਲਗਭਗ 4 ਸਾਲ ਦੀ ਉਡੀਕ ਕਰ ਰਹੇ ਹਨ।

ਜਾਰੀ ਕੀਤੀ ਰਿਪੋਰਟ ਅਨੁਸਾਰ ਅੰਤਿਮ ਨਤੀਜਿਆਂ ਵਿਚ ਕਿਤੇ ਜ਼ਿਆਦਾ ਸਮਾਂ ਲੱਗ ਰਿਹਾ ਹੈ। ਲੱਖਾਂ ਪ੍ਰਵਾਸੀ ਆਪਣੇ ਸ਼ਰਣ ਦੀ ਉਡੀਕ ਕਰਨ ਕਰਕੇ ਸਾਲਾਂਬੱਧੀ ਆਪਣੇ ਪਰਿਵਾਰਾਂ ਤੋਂ ਟੁੱਟੇ ਹੋਏ ਹਨ। ਸ਼ਰਣ ਦੇਣ ਤੋਂ ਇਨਕਾਰ ਕੀਤੇ ਗਏ ਜ਼ਿਆਦਾਤਰ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਨਹੀਂ ਭੇਜਿਆ ਜਾਂਦਾ, ਜਿਸ ਕਰਕੇ ਬਾਰਡਰ ਰਾਹੀਂ ਅਮਰੀਕਾ ਆਉਣ ਵਾਲੇ ਪ੍ਰਵਾਸੀ ਹੋਰ ਵੀ ਖਿੱਚੇ ਜਾਂਦੇ ਹਨ। ਰਿਪੋਰਟ ਅਨੁਸਾਰ ਅਮਰੀਕਾ ਭਰ 'ਚ ਲਗਭਗ 650 ਇਮੀਗ੍ਰੇਸ਼ਨ ਜੱਜ ਹਨ ਅਤੇ ਉਹ ਹਰ ਸਾਲ 500-500 ਤੋਂ ਘੱਟ ਇਮੀਗ੍ਰੇਸ਼ਨ ਕੇਸਾਂ ਨੂੰ ਪੂਰਾ ਕਰਦੇ ਹਨ।

ਕੋਵਿਡ ਮਹਾਂਮਾਰੀ ਕਾਰਨ ਇਮੀਗੇਸ਼ਨ ਅਦਾਲਤਾਂ ਵਿਚ ਦੇਰੀ ਹੋ ਰਹੀ ਹੈ, ਜਿਸ ਨਾਲ ਸਾਲਾਨਾ ਨਤੀਜੇ ਦਰਾਂ ਵਿਚ ਗਿਰਾਵਟ ਆਈ ਹੈ। ਸਾਲ 2009 ਵਿਚ ਹਰੇਕ ਇਮੀਗ੍ਰੇਸ਼ਨ ਜੱਜ ਹਰ ਸਾਲ ਲਗਭਗ 1000 ਕੇਸ ਪੂਰੇ ਕਰਦਾ ਸੀ। ਰਿਪੋਰਟ ਵਿਚ ਪਾਇਆ ਗਿਆ ਹੈ ਕਿ 2021 ਸਾਲ ਵਿਚ ਇਹ ਘੱਟ ਕੇ ਪ੍ਰਤੀ ਜੱਜ 200 ਰਹਿ ਗਿਆ। ਕਾਂਗਰੇਸ਼ਨਲ ਰਿਸਰਚ ਸਰਵਿਸ ਅਨੁਸਾਰ, 2022 ਵਿਚ 230,389 ਰੱਖਿਆਤਮਕ ਸ਼ਰਣ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਸਨ, ਜੋ ਕਿ ਵਿੱਤੀ ਸਾਲ 2996 ਵਿਚ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਵੱਧ ਰਿਕਾਰਡ ਹੈ। ਇਕ ਰਿਪੋਰਟ ਅਨੁਸਾਰ ਇਸ ਸਮੇਂ 2.4 ਮਿਲੀਅਨ ਬੈਕਲਾਗ ਇਮੀਗ੍ਰੇਸ਼ਨ ਦੇ ਕੇਸ ਹਨ, ਜਿਸ ਕਰਕੇ ਪ੍ਰਵਾਸੀਆਂ ਵਿਚ ਹਾਹਾਕਾਰ ਮਚੀ ਹੋਈ ਹੈ।

# ਹੁਣ ਵਿਦੇਸ਼ਾਂ ਵਿਚ ਬਣਾਈ ਜ਼ਾਇਦਾਦ 'ਤੇ ਟਿਕੀਆਂ ਇਨਕਮ ਟੈਕਸ ਵਿਭਾਗ ਦੀਆਂ ਨਜ਼ਰਾਂ!

**ਨਵੀਂ ਦਿੱਲੀ, (ਪੰਜਾਬ ਮੇਲ)-** ਇਨਕਮ ਟੈਕਸ ਵਿਭਾਗ ਦੀਆਂ ਨਜ਼ਰਾਂ ਹੁਣ ਵਿਦੇਸ਼ਾਂ ਵਿਚ ਬਣਾਈ ਜਾਇਦਾਦ 'ਤੇ ਵੀ ਟਿੱਕ ਗਈਆਂ ਹਨ। ਇਸ ਸਬੰਧੀ ਇਨਕਮ ਟੈਕਸ ਵਿਭਾਗ ਨੇ ਇੱਕ ਨਵਾਂ ਫਰਮਾਨ ਜਾਰੀ ਕਰ ਦਿੱਤਾ ਹੈ। ਨਵੇਂ ਨੋਟੀਫਿਕੇਸ਼ਨ ਮੁਤਾਬਕ ਤੁਹਾਨੂੰ ਵਿਦੇਸ਼ ਵਿਚ ਬਣਾਈ ਜਾਇਦਾਦ ਦਾ ਵੇਰਵਾ ਵੀ ਇਨਕਮ ਟੈਕਸ ਵਿਭਾਗ ਨਾਲ ਸਾਂਝਾ ਕਰਨਾ ਪਵੇਗਾ। ਇਸ ਦੇ ਵਿੱਚ ਵਿਦੇਸ਼ੀ ਬੈਂਕਾਂ ਵਿਚ ਖੋਲ੍ਹੇ ਖਾਤਿਆਂ ਬਾਰੇ ਵੀ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ।

ਦਰਅਸਲ ਇਨਕਮ ਟੈਕਸ ਵਿਭਾਗ ਨੇ ਕਿਹਾ ਕਿ ਹੈ ਜਿਹੜੇ ਭਾਰਤੀਆਂ ਦੇ ਵਿਦੇਸ਼ੀ ਬੈਂਕਾਂ ਵਿਚ ਖਾਤੇ ਹਨ ਜਾਂ ਕੋਈ ਜਾਇਦਾਦ ਖਰੀਦੀ ਹੈ, ਉਨ੍ਹਾਂ ਨੂੰ ਹੁਣ ਆਪਣੀ ਇਨਕਮ ਟੈਕਸ ਰਿਟਰਨ ਵਿਚ ਆਪਣੀ ਸਾਰੀ ਜਾਣਕਾਰੀ ਦੇਣੀ ਪਵੇਗੀ। ਜਿਹੜੇ ਲੋਕ ਸਾਲ ਵਿਚ ਘੱਟੋ-ਘੱਟ 180 ਦਿਨ ਭਾਰਤ ਵਾਪਸ ਆ ਕੇ ਆਪਣੇ ਘਰ ਰਹਿੰਦੇ ਹਨ, ਉਨ੍ਹਾਂ ਲਈ ਵਿਦੇਸ਼ੀ ਜਾਇਦਾਦ ਦੀ ਜਾਣਕਾਰੀ ਦੇਣਾ ਲਾਜ਼ਮੀ ਹੈ।

ਇਨਕਮ ਟੈਕਸ ਰਿਟਰਨ ਭਰਨ ਦੀ ਆਖਰੀ ਮਿਤੀ 31 ਜੁਲਾਈ ਹੈ। ਤੇ ਕੇਂਦਰ ਸਰਕਾਰ ਰਿਟਰਨ ਭਰਨ ਦੀ ਤਰੀਕ ਵਿਚ ਛੋਟ ਦੇਣ ਦੇ ਮੂਡ ਵਿਚ ਨਹੀਂ ਹੈ। ਜੇਕਰ ਇਸ ਵਾਰ ਰਿਟਰਨ ਵਿਚ ਇਨ੍ਹਾਂ ਲੋਕਾਂ ਨੇ ਵਿਦੇਸ਼ੀ ਜਾਇਦਾਦ ਦਾ ਵੇਰਵਾ ਨਹੀਂ ਦਿੱਤਾ, ਤਾਂ ਉਨ੍ਹਾਂ ਖਿਲਾਫ਼ ਕਾਲੇ ਧਨ ਨਾਲ ਜੁੜੇ ਨਿਯਮਾਂ ਦੇ ਤਹਿਤ 10 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਲਗਾਇਆ ਜਾ ਸਕਦਾ ਹੈ। ਇਨਕਮ ਟੈਕਸ ਵਿਭਾਗ ਦੇ ਨਿਯਮਾਂ ਅਨੁਸਾਰ, ਭਾਰਤ ਦੇ ਵਸਨੀਕ ਲਈ 31 ਦਸੰਬਰ 2022 ਤੱਕ ਵਿਦੇਸ਼ੀ ਸੰਪਤੀਆਂ ਅਤੇ ਉਸਦੀ ਮਲਕੀਅਤ ਵਾਲੇ ਬੈਂਕ ਖਾਤਿਆਂ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ। ਭਾਵੇਂ ਤੁਹਾਡੀ ਕੋਈ ਟੈਕਸਯੋਗ ਆਮਦਨ ਨਹੀਂ ਹੈ ਜਾਂ ਤੁਹਾਡੀ ਆਮਦਨ ਮੂਲ ਛੋਟ ਸੀਮਾ ਦੇ ਅਧੀਨ ਆਉਂਦੀ ਹੈ। ਜੇਕਰ ਤੁਹਾਡੇ ਕੋਲ ਬੈਂਕ ਖਾਤੇ, ਵਿਦੇਸ਼ੀ ਕਰਜ਼ੇ ਜਾਂ ਇਕੁਇਟੀ, ਕਿਸੇ ਇਕਾਈ ਜਾਂ ਕਾਰੋਬਾਰ ਵਿਚ ਵਿੱਤੀ ਵਿਆਜ਼, ਅਚੱਲ ਜਾਇਦਾਦ, ਐੱਫ.ਏ. ਸੂਚੀ ਵਿਚ ਦਰਸਾਏ ਗਏ ਸੰਪਤੀਆਂ ਤੋਂ ਇਲਾਵਾ ਕੋਈ ਹੋਰ ਪੂੰਜੀ ਸੰਪਤੀ ਹੈ, ਤਾਂ ਤੁਹਾਨੂੰ ਆਮਦਨ ਕਰ ਵਿਭਾਗ ਨੂੰ ਸੂਚਿਤ ਕਰਨਾ ਹੋਵੇਗਾ।

**■ ਵਿਦੇਸ਼ 'ਚ ਬਣਾਈ ਜ਼ਾਇਦਾਦ ਦਾ ਦੇਣਾ ਪਵੇਗਾ ਹਿਸਾਬ**

# ਕੈਲੀਫੋਰਨੀਆ 'ਚ ਖੇਤ ਮਜ਼ਦੂਰਾਂ ਨੂੰ ਮਿਲੇਗੀ ਮੁਫਤ ਕਾਨੂੰਨੀ ਸੇਵਾਵਾਂ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਗੈਰ ਕਾਨੂੰਨੀ ਖੇਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਮਾਲਕਾਂ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਨੂੰ ਰੋਕਣ ਲਈ ਜਲਦ ਹੀ ਮੁਫਤ ਕਾਨੂੰਨੀ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਜਾਣਗੀਆਂ। ਇਸ ਬਾਰੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਕੈਲੀਫੋਰਨੀਆ ਦੇ ਖੇਤਾਂ 'ਚ 50 ਫੀਸਦੀ ਦੇ ਕਰੀਬ ਖੇਤ ਮਜ਼ਦੂਰ ਬਿਨਾਂ ਦਸਤਾਵੇਜ਼ਾਂ ਤੋਂ ਕੰਮ ਕਰ ਰਹੇ ਹਨ, ਇਨ੍ਹਾਂ ਵਿਚੋਂ ਬਹੁਤਿਆਂ 'ਤੇ ਉਨ੍ਹਾਂ ਦੇ ਮਾਲਕਾਂ ਵੱਲੋਂ ਸ਼ੋਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਰਕਾਰ ਕੋਲ ਫੜਾਏ ਜਾਣ ਦਾ ਡਰ ਦੇ ਕੇ ਅਤੇ ਵਧ ਕੰਮ ਕਰਾ ਕੇ ਘੱਟ ਤਨਖਾਹ ਦਿੱਤੀ ਜਾਂਦੀ ਹੈ। ਨਾਲ ਦੀ ਨਾਲ ਉਨ੍ਹਾਂ ਨੂੰ ਮਾਨਸਿਕ ਤਸੀਹੇ ਵੀ ਦਿੱਤੇ ਜਾਂਦੇ ਹਨ ਅਤੇ ਮਾਲਕਾਂ ਵੱਲੋਂ ਮਜ਼ਦੂਰਾਂ ਨੂੰ ਡਰਾਇਆ ਜਾਂਦਾ ਹੈ ਕਿ ਜੇ ਤੁਸੀਂ ਘੱਟ ਪੈਸਿਆਂ 'ਤੇ ਕੰਮ ਨਹੀਂ ਕਰੋਗੇ, ਤਾਂ ਤੁਹਾਡੀ ਸ਼ਿਕਾਇਤ ਇਮੀਗ੍ਰੇਸ਼ਨ ਵਿਭਾਗ ਨੂੰ ਕਰ ਦਿੱਤੀ ਜਾਵੇਗੀ।

ਇਸ 'ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਖੇਤ ਮਜ਼ਦੂਰਾਂ ਦੇ ਸ਼ੋਸ਼ਨ ਨੂੰ ਰੋਕਣ ਲਈ 4.5 ਮਿਲੀਅਨ ਡਾਲਰ ਦੀ



ਗ੍ਰਾਂਟ ਨਾਲ ਨਵਾਂ ਪਾਇਲਟ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ, ਜਿਸ ਰਾਹੀਂ ਖੇਤ ਮਜ਼ਦੂਰ ਇਨ੍ਹਾਂ ਅੜਚਣਾਂ ਤੋਂ ਬਚਣ ਲਈ ਸਰਕਾਰ ਨੂੰ ਸ਼ਿਕਾਇਤ ਕਰਨ ਦੇ ਹੱਕਦਾਰ ਹੋ ਜਾਣਗੇ। ਇਨ੍ਹਾਂ ਮਜ਼ਦੂਰਾਂ ਨੂੰ ਸਰਕਾਰ ਵੱਲੋਂ ਕੇਸ ਸਮੀਖਿਆ ਸੇਵਾਵਾਂ, ਕਾਨੂੰਨੀ ਸਲਾਹ ਅਤੇ ਅਟਾਰਨੀ ਪ੍ਰਤੀਨਿਧਤਾ ਦੇ ਨਾਲ-ਨਾਲ ਗੈਰ ਕਾਨੂੰਨੀ ਰਹਿਣ ਦੇ ਬਾਵਜੂਦ ਵੀ ਉਹ ਆਪਣੇ ਅਧਿਕਾਰਾਂ ਦੀ ਰਾਖੀ ਕਰ ਸਕਣਗੇ।

ਗਵਰਨਰ ਨਿਊਸਮ ਨੇ ਕਿਹਾ ਕਿ ਇਸ ਪ੍ਰੋਗਰਾਮ ਨਾਲ ਜਿੱਥੇ ਇਨ੍ਹਾਂ ਮਜ਼ਦੂਰਾਂ ਦਾ ਸ਼ੋਸ਼ਣ ਰੁਕੇਗਾ, ਉਥੇ ਇਨ੍ਹਾਂ ਨੂੰ ਦੇਸ਼ ਨਿਕਾਲੇ ਦੇ ਡਰ ਜਾਂ ਬਿਨਾਂ ਵਰਕ ਪਰਮਿਟ ਦੇ ਕੰਮ ਲੱਭਣ ਦੀਆਂ ਮੁਸਕਿਲਾਂ ਬਾਰੇ ਚਿੰਤਾ ਨਹੀਂ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ, ਅਸੀਂ ਹਰ ਹੀਲੇ ਉਨ੍ਹਾਂ ਦੀ ਮਦਦ ਕਰਾਂਗੇ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ : www.punjabmailusa.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਪੈਨਸ਼ਨਾਂ ਨੂੰ ਚੈੱਕ ਵੰਡੇ



**ਬਟਾਲਾ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾ. ਐੱਸ.ਪੀ. ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਟੀਮ ਮੈਂਬਰਾਂ ਵੱਲੋਂ ਵਿਧਵਾ ਔਰਤਾਂ, ਅੰਗਹੀਣਾਂ, ਗਰੀਬਾਂ ਤੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ ਗਏ। ਜਿਸ ਵਿਚ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਬਟਾਲਾ ਦੇ ਮੇਅਰ ਸੁੱਖਦੀਪ ਸਿੰਘ ਸੁੱਖ ਤੇਜਾ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਬਲਾਕ ਕਾਂਗਰਸ ਕਮੇਟੀ ਸਿਟੀ ਦੇ ਪ੍ਰਧਾਨ ਤੇ ਕੌਂਸਲਰ ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਸੁਨੀਲ ਸਰੀਨ, ਸੀਨੀਅਰ ਕੌਂਸਲਰ ਹਰਨੇਕ ਸਿੰਘ ਨੇਕੀ, ਕੌਂਸਲਰ ਸੁਖਦੇਵ ਸਿੰਘ ਬਾਜਵਾ, ਵਿਜੇ ਕੁਮਾਰ ਬਿੱਲੂ, ਕੌਂਸਲਰ ਚੰਦਰ ਮੋਹਨ ਵਿੱਜ, ਕੌਂਸਲਰ ਗੁਰਪ੍ਰੀਤ ਸਿੰਘ ਸਾਨਾ, ਕੌਂਸਲਰ ਜੋਗਿੰਦਰ ਸਿੰਘ, ਕੌਂਸਲਰ ਬੱਬੀ ਸੇਖੜੀ, ਕੌਂਸਲਰ ਰਾਣੂ ਸੇਖੜੀ, ਕੌਂਸਲਰ ਬਾਵਾ ਸਿੰਘ, ਕੌਂਸਲਰ ਕਸਤੂਰੀ ਲਾਲ ਕਾਲਾ, ਸਮਾਜ ਸੇਵਕ ਜੋਗਿੰਦਰ ਅੰਗੂਰਾਲਾ, ਪ੍ਰੇਮ ਕੁਮਾਰ ਸ਼ਾਮਲ ਹੋਏ।

**■ ਡਾ. ਐੱਸ.ਪੀ. ਸਿੰਘ ਓਬਰਾਏ ਮਨੁੱਖਤਾ ਨੂੰ ਬਚਾਉਣ ਲਈ ਕਰ ਰਹੇ ਹਨ ਨੇਕ ਕਾਰਜ : ਮੇਅਰ ਸੁੱਖ ਤੇਜਾ**



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈਕ ਭੇਂਟ ਕਰਦਿਆਂ ਮੇਅਰ ਸੁੱਖਦੀਪ ਸਿੰਘ ਤੇਜਾ ਨੇ ਕਿਹਾ ਕਿ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫ਼ੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ। ਜਦਕਿ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਣ ਦੇ ਲਈ ਡਾ. ਐੱਸ.ਪੀ. ਸਿੰਘ ਉਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ। ਮੇਅਰ ਸੁੱਖਦੀਪ ਤੇਜਾ ਨੇ ਕਿਹਾ ਕਿ ਡਾ. ਓਬਰਾਏ ਦੀ ਅਗਵਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਤੇ ਉਨ੍ਹਾਂ ਦੀ ਸਮੁੱਚੀ ਟੀਮ ਬਹੁਤ ਹੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੈ। ਇਸ ਦੌਰਾਨ ਪੈਨਸ਼ਨਾਂ ਲੈਣ ਵਾਲੇ ਪਰਿਵਾਰਾਂ ਨੇ ਡਾ. ਓਬਰਾਏ ਦਾ ਧੰਨਵਾਦ ਕੀਤਾ। ਇਸ ਮੌਕੇ ਟਰੱਸਟ ਦੇ ਜਨਰਲ ਸੈਕਟਰੀ ਹਰਮਿੰਦਰ ਸਿੰਘ ਬੱਬੂ, ਵਿੱਤ ਸਕੱਤਰ ਰਜਿੰਦਰ ਸਿੰਘ ਹੈਪੀ, ਸਲਾਹਾਕਾਰ ਸਲਵਿੰਦਰ ਸਿੰਘ ਬਿੱਟੂ ਰੰਧਾਵਾ, ਸਲਾਹਕਾਰ ਜਗਜੀਤ ਸਿੰਘ ਰਾਜਨ, ਸਲਾਹਕਾਰ ਰਜਿੰਦਰ ਸਿੰਘ ਰਾਜੂ ਸਰਪੰਚ, ਸੈਕਟਰੀ ਇੰਦਰਪ੍ਰੀਤ ਸਿੰਘ ਰਿੱਕੀ, ਮੈਂਬਰ ਹਰਵਿੰਦਰ ਸਿੰਘ ਟਿੰਕੂ, ਮੈਂਬਰ ਕੇਵਲ ਕੁਮਾਰ, ਮੈਂਬਰ ਰੋਹਿਤ ਕੁਮਾਰ, ਪੀ.ਏ. ਗੁਰਮੁੱਖ ਸਿੰਘ, ਸੁੱਖ ਛਾਪਿਆਂਵਾਲੀ, ਅਜੇਪਾਲ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਬਲੌਂਗੀ ਵਿਖੇ ਮੈਡੀਕਲ ਕੈਂਪ ਲਗਾਇਆ



**ਐੱਸ.ਏ.ਐੱਸ. ਨਗਰ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਲਗਾਏ ਜਾ ਰਹੇ ਮੈਡੀਕਲ ਕੈਂਪਾਂ ਵਾਸਤੇ ਇੱਕ ਐਂਬੂਲੈਂਸ ਅਤੇ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ ਹਨ। ਟਰੱਸਟ ਵਲੋਂ ਇਹ ਮੁਹਾਲੀ ਦੇ ਸਿਵਲ ਹਸਪਤਾਲ ਵਿਖੇ ਐੱਸ.ਐੱਮ.ਓ. ਡਾਕਟਰ ਚੀਮਾ ਦੇ ਸਪੁਰਦ ਕੀਤੀਆਂ ਗਈਆਂ ਅਤੇ ਇਸ ਉਪਰੰਤ ਟਰੱਸਟ ਵਲੋਂ ਡਾਕਟਰ ਸਰਜਨ ਹਰਕੀਰਤ ਕੌਰ 'ਤੇ ਆਧਾਰਿਤ ਮੈਡੀਕਲ ਟੀਮ ਦੇ ਨਾਲ ਬਲੌਂਗੀ ਵਿਖੇ ਸਥਿਤ ਅੰਬੇਡਕਰ ਕਲੋਨੀ ਵਿਖੇ ਕੈਂਪ ਲਗਾਇਆ ਗਿਆ।

ਟਰੱਸਟ ਦੇ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਸ. ਕਮਲਜੀਤ ਸਿੰਘ ਰੂਬੀ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਵਲ ਸਰਜਨ ਮੁਹਾਲੀ ਨੂੰ ਜ਼ਰੂਰੀ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸਿਵਲ ਸਰਜਨ ਦਫਤਰ ਵੱਲੋਂ ਮੁਹਾਲੀ ਜ਼ਿਲ੍ਹੇ ਵਿਚ ਆਉਣ ਵਾਲੇ ਦਿਨਾਂ ਵਿਚ ਜਿੱਥੇ-ਜਿੱਥੇ ਵੀ ਮੈਡੀਕਲ ਕੈਂਪ ਲਗਾਏ ਜਾਣਗੇ, ਉੱਥੇ ਟਰੱਸਟ ਵੱਲੋਂ ਐਂਬੂਲੈਂਸ ਅਤੇ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ, ਤਾਂ ਕਿ ਹੜ੍ਹਾਂ ਦੇ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਜਾ ਸਕਣ। ਇਸ ਮੌਕੇ ਹਰਿੰਦਰਪਾਲ ਸਿੰਘ ਹੈਰੀ, ਮੱਖਣ ਸਿੰਘ, ਹਰਪਾਲ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਫੇਜ਼ 6 ਮੁਹਾਲੀ ਸਮੇਤ ਟਰੱਸਟ ਦੀ ਟੀਮ ਨੇ ਸ਼ਮੂਲੀਅਤ ਕੀਤੀ।

**■ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ**



1

# ਵਲੇਹੋਂ ਤੀਆਂ ਮੇਲਾ ਕਾਮਯਾਬੀ ਨਾਲ ਸੰਪੰਨ




























# ਵਲੇਹੋਂ ਤੀਆਂ ਮੇਲਾ ਕਾਮਯਾਬੀ ਨਾਲ ਸੰਪੰਨ





































**ਵਲੇਹੋਂ, (ਪੰਜਾਬ ਮੇਲ)-** ਪਿਛਲੇ ਲੰਮੇ ਸਮੇਂ ਤੋਂ ਸਾਉਣ ਮਹੀਨੇ ਦਾ ਤੀਆਂ ਦਾ ਮੇਲਾ ਕੈਲੀਫੋਰਨੀਆ ਦੇ ਵਲੇਹੋਂ ਸ਼ਹਿਰ ਵਿਖੇ ਬੜੀ ਕਾਮਯਾਬੀ ਨਾਲ ਮਨਾਇਆ ਜਾ ਰਿਹਾ ਹੈ। ਇਸ ਵਾਰ ਵੀ ਸੁਨੀਤਾ ਵਰਮਾ ਅਤੇ ਉਨ੍ਹਾਂ ਦੀਆਂ ਸਾਥਣਾਂ ਵੱਲੋਂ ਤੀਆਂ ਬੜੀ ਸ਼ਾਨ ਨਾਲ ਮਨਾਈਆਂ ਗਈਆਂ। ਦੂਰੋਂ-ਨੇੜਿਓਂ ਹਰ ਵਰਗ ਦੀਆਂ ਬੀਬੀਆਂ ਨੇ ਭਾਰੀ ਗਿਣਤੀ ਵਿਚ ਆਣ ਕੇ ਇਸ ਤੀਆਂ ਦੀ ਰੌਣਕ ਨੂੰ ਵਧਾਇਆ। ਡੈਨ ਫੋਲੇ ਕਲਚਰ ਸੈਂਟਰ ਵਿਖੇ ਸਟੇਜ ਨੂੰ ਬਾਖੂਬੀ ਸਜਾਇਆ ਗਿਆ ਸੀ। ਪੰਜਾਬੀ ਵਿਰਸੇ ਨਾਲ ਸੰਬੰਧਤ ਵਸਤੂਆਂ ਨਾਲ ਸਜੀ ਇਸ ਸਟੇਜ 'ਤੇ ਛੋਟੀ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੇ ਸਾਰਾ ਦਿਨ ਧਮਾਲਾਂ ਪਾਈਆਂ। ਸਟੇਜ ਸਕੱਤਰ ਵਜੋਂ ਆਸ਼ਾ ਸ਼ਰਮਾ ਨੇ ਹਰ ਵਾਰ ਵਾਂਗ ਮੇਲੇ ਦੀ ਰੌਣਕ ਨੂੰ ਬਰਕਰਾਰ ਰੱਖਿਆ। ਜਿੱਥੇ ਉਨ੍ਹਾਂ ਵਾਰੋ-ਵਾਰੀ ਟੀਮਾਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਅਤੇ ਉਥੇ ਨਾਲ ਦੀ ਨਾਲ ਆਪਣੇ ਟੋਟਕੇ ਅਤੇ ਸ਼ੇਅਰੋ-ਸ਼ਾਇਰੀ ਨਾਲ ਬੀਬੀਆਂ ਦਾ ਭਰਪੂਰ ਮਨੋਰੰਜਨ ਕੀਤਾ। ਬੀਬੀਆਂ ਵੰਨ-ਸੁਵੰਨੀਆਂ ਅਤੇ ਰੰਗ-ਬਿਰੰਗੀਆਂ ਪੁਸ਼ਾਕਾਂ ਪਹਿਨ ਕੇ ਇਸ ਮੇਲੇ ਦਾ ਆਨੰਦ ਮਾਣਨ ਆਈਆਂ। ਇਸ ਦੌਰਾਨ ਵੱਖ-ਵੱਖ ਸਟਾਲਾਂ ਤੋਂ ਬੀਬੀਆਂ ਨੇ ਖੂਬ ਖਰੀਦੋ-ਫਰੋਖਤ ਕੀਤੀ। ਸੁਨੀਤਾ ਵਰਮਾ ਨੇ ਸਮੂਹ ਦਰਸ਼ਕਾਂ, ਸਪਾਂਸਰਾਂ ਅਤੇ ਸਟੇਜ 'ਤੇ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੁੱਲ ਮਿਲਾ ਕੇ ਤੀਆਂ ਦਾ ਇਹ ਤਿਉਹਾਰ ਕਾਮਯਾਬੀ ਨਾਲ ਸੰਪੰਨ ਹੋਇਆ।

# ਰਾਏ ਬਿਲਾਲ ਅਕਰਮ ਭੱਟੀ ਕੈਲੀਫੋਰਨੀਆ ਦੌਰੇ ਦੌਰਾਨ ਪੰਜਾਬ ਮੇਲ ਦੇ ਦਫਤਰ ਪਹੁੰਚੇ

**ਸੈਕਰਾਮੈਂਟੋ, (ਪੰਜਾਬ ਮੇਲ)-** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ ਦੇ 19ਵੀਂ ਪੀੜ੍ਹੀ 'ਚ ਰਾਏ ਬਿਲਾਲ ਅਕਰਮ ਭੱਟੀ ਆਪਣੇ ਕੈਲੀਫੋਰਨੀਆ ਦੌਰੇ ਦੌਰਾਨ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਦੇ ਦਫਤਰ ਪਹੁੰਚੇ, ਜਿੱਥੇ ਉਨ੍ਹਾਂ ਨੇ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਟੀ.ਵੀ. ਇੰਟਰਵਿਊ ਦੌਰਾਨ ਬੋਲਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਹੁਤ ਸਾਰੀਆਂ ਸਾਖੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਕਿਵੇਂ ਸਾਡੇ ਵਡੇਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰੱਬੀ ਸਰੂਪ ਮੰਨਿਆ ਸੀ। ਇਸ ਇੰਟਰਵਿਊ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਬਾਰੇ ਬਹੁਤ ਹੀ ਵੱਡਮੁੱਲੀ ਜਾਣਕਾਰੀ ਦਿੱਤੀ। ਇਹ ਇੰਟਰਵਿਊ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਵੀ ਅਪਲੋਡ ਕੀਤੀ ਗਈ ਹੈ। ਖਾਸ ਕਰਕੇ ਪੰਜਾਬ ਮੇਲ ਯੂ.ਐੱਸ.ਏ. ਦੇ ਯੂਟਿਊਬ ਚੈਨਲ 'ਤੇ ਵੀ ਇਸ ਇੰਟਰਵਿਊ ਨੂੰ ਦੇਖਿਆ ਜਾ ਸਕਦਾ ਹੈ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਅਤੇ ਪਾਲ ਮਾਹਲ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।





# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ ਮੌਕੇ ਜੇਤੂਆਂ, ਦਾਨੀਆਂ, ਕੋਚਿਜ਼ ਤੇ ਵਾਲੰਟੀਅਰਾਂ ਨਾਲ ਵੱਖ-ਵੱਖ ਸੰਸਥਾਵਾਂ ਦਾ ਹੋਵੇਗਾ ਸਨਮਾਨ

**ਸੈਕਰਾਮੈਂਟੋ, ਗੁਰਚਰਨ ਸਿੰਘ ਢਿੱਲੋਂ, (ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 13ਵੇਂ ਬੱਚਿਆਂ ਦੇ ਖੇਡ ਕੈਂਪ ਦੀ 2 ਮਹੀਨੇ ਜੁਲਾਈ ਤੇ ਅਗਸਤ ਮਹੀਨੇ ਚੱਲ ਰਹੇ ਖੇਡ ਕੈਂਪ ਦੇ ਬੱਚਿਆਂ ਅਤੇ 27 ਅਗਸਤ ਨੂੰ 5 ਤੋਂ 7 ਵਜੇ ਤੱਕ ਜੇਤੂਆਂ, ਦਾਨੀਆਂ, ਕੋਚਿਜ਼, ਵਾਲੰਟੀਅਰਾਂ, ਵੱਖ-ਵੱਖ ਸੰਸਥਾਵਾਂ ਤੇ ਕਲੱਬਾਂ, ਗੁਰਦੁਆਰਿਆਂ ਦੇ ਮੁਖੀਆਂ ਦਾ ਸਮਾਪਤੀ ਮੌਕੇ ਮਾਣ-ਸਨਮਾਨ ਕੀਤਾ ਜਾਵੇਗਾ।



ਬੱਚਿਆਂ ਦਾ ਖੇਡ ਕੈਂਪ ਪਿਛਲੇ 12 ਸਾਲਾਂ ਤੋਂ ਚੱਲ ਰਿਹਾ ਹੈ, ਜਿਸ ਵਿਚ 200 ਤੋਂ ਵੱਧ ਬੱਚੇ ਸਰੀਰਕ ਫਿੱਟਨੈੱਸ ਲਈ ਵੱਖ-ਵੱਖ ਖੇਡਾਂ 'ਚ ਕੋਚਿੰਗ ਲੈ ਰਹੇ ਹਨ, ਜਿਨ੍ਹਾਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਵਿਚ ਕੋਚਿਜ਼ ਤੇ ਵਾਲੰਟੀਅਰ ਨੇ ਬੜੀ ਲਗਨ ਤੇ ਉਤਸ਼ਾਹ ਨਾਲ ਕੰਮ ਕੀਤਾ ਤੇ ਦਾਨੀਆਂ ਵੱਲੋਂ ਵੀ ਮਦਦ ਕੀਤੀ ਗਈ ਤੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ। 26 ਅਗਸਤ ਨੂੰ 5 ਤੋਂ 7 ਵਜੇ ਤੱਕ ਸਾਕਰ, ਵਾਲੀਬਾਲ ਤੇ ਐਥਲੈਟਿਕਸ ਦੇ ਮੁਕਾਬਲੇ ਹੋਣਗੇ ਅਤੇ 27 ਅਗਸਤ ਸ਼ਾਮ 5 ਤੋਂ 6 ਵਜੇ ਤੱਕ ਫਾਈਨਲ ਮੁਕਾਬਲਾ ਹੋਵੇਗਾ ਅਤੇ ਸਮਾਪਤੀ ਸਮਾਰੋਹ ਮੌਕੇ ਜੇਤੂਆਂ, ਦਾਨੀਆਂ, ਕੋਚਿਜ਼, ਵਲੰਟੀਅਰਾਂ ਅਤੇ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਦਾ ਸਨਮਾਨ ਹੋਵੇਗਾ, ਜਿਨ੍ਹਾਂ ਖੇਤਰਾਂ ਵਿਚ ਵੱਡਮੁੱਲਾ ਯੋਗਦਾਨ ਪਾ ਕੇ ਸਿਆਟਲ ਤੇ ਪੰਜਾਬੀ ਭਾਈਚਾਰੇ ਦਾ ਨਾਂ ਰੌਸ਼ਨ ਕੀਤਾ ਹੈ। ਸ਼ਾਮ ਨੂੰ ਰਾਤਰੀ ਭੋਜਨ ਸੇਮ ਵਿਰਕ ਤੇ ਗੁਰਪ੍ਰੀਤ ਵਿਰਕ ਵੱਲੋਂ ਮਹਿਮਾਨਾਂ ਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸੇਵਾ ਦੇ ਤੌਰ 'ਤੇ ਕੀਤਾ ਜਾਵੇਗਾ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।





**ਬੱਚਿਆਂ ਦੇ ਖੇਡ ਕੈਂਪ ਦਾ ਦ੍ਰਿਸ਼।**




# ਸ਼ੇਰਗਿੱਲ ਪਰਿਵਾਰ ਵੱਲੋਂ ਮਨਾਈ ਗਈ ਸਪੁੱਤਰ-ਨੂੰਹ ਦੇ ਵਿਆਹ ਦੀ ਪਹਿਲੀ ਵਰ੍ਹੇਗੰਢ



**ਸੈਕਰਾਮੈਂਟੋ, (ਪੰਜਾਬ ਮੇਲ)-** ਉੱਘੇ ਬਿਜ਼ਨਸਮੈਨ ਜਸਵਿੰਦਰ ਜੱਸੀ ਸ਼ੇਰਗਿੱਲ ਦੇ ਸਪੁੱਤਰ ਸਿਮਰਨਜੀਤ ਸਿੰਘ ਸ਼ੇਰਗਿੱਲ ਅਤੇ ਨੂੰਹ ਸਿਮਰਨ ਕੌਰ ਸ਼ੇਰਗਿੱਲ ਦੀ ਵਿਆਹ ਦੀ ਪਹਿਲੀ ਵਰ੍ਹੇਗੰਢ ਗੁਰਦੁਆਰਾ ਦਸ਼ਮੇਸ਼ ਦਰਬਾਰ, ਸੈਕਰਾਮੈਂਟੋ ਵਿਖੇ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਬਹੁਤ ਸਾਰੇ ਰਿਸ਼ਤੇਦਾਰ ਅਤੇ ਪਰਿਵਾਰਕ ਦੋਸਤ, ਮਿੱਤਰ ਭਾਰੀ ਗਿਣਤੀ 'ਚ ਹਾਜ਼ਰ ਸਨ। ਉਨ੍ਹਾਂ ਵੱਲੋਂ ਸ਼ੇਰਗਿੱਲ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਗਈਆਂ। ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ ਦੇ ਸਮੂਹ ਮੈਂਬਰ ਵੀ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਉਨ੍ਹਾਂ ਵੱਲੋਂ ਵੀ ਸ਼ੇਰਗਿੱਲ ਪਰਿਵਾਰ ਵੱਲੋਂ ਇਸ ਖੁਸ਼ੀ ਦੇ ਮੌਕੇ ਵਧਾਈ ਦਿੱਤੀ ਗਈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਏ ਅਤੇ ਉਪਰੰਤ ਹਜ਼ੂਰੀ ਰਾਗੀ ਵੱਲੋਂ ਕੀਰਤਨ ਦਰਬਾਰ ਹੋਇਆ। ਬਿਲਗੇ ਵਾਲਿਆਂ ਦੇ ਢਾਡੀ ਜੱਥੇ ਨੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

## ਡੇਰਾ ਮੁਖੀ ਰਾਮ ਰਹੀਮ ਨੂੰ 30 ਦਿਨਾਂ ਨੂੰ 7ਵੀਂ ਵਾਰ ਮਿਲੀ ਪੈਰੋਲ

**ਚੰਡੀਗੜ੍ਹ, (ਪੰਜਾਬ ਮੇਲ)-** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਮਿਲ ਗਈ ਹੈ। ਇਸ ਦੌਰਾਨ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਵਿਚ ਸਥਿਤ ਬਰਨਾਵਾ ਆਸ਼ਰਮ ਵਿਚ ਰਹੇਗਾ, ਜਦੋਂ ਕਿ ਡੇਰਾ ਮੁਖੀ ਨੂੰ ਸਿਰਸਾ ਜਾਣ ਦੀ ਇਜਾਜ਼ਤ ਨਹੀਂ ਹੈ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਦਾ 15 ਅਗਸਤ ਨੂੰ ਜਨਮਦਿਨ ਹੈ। ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਹ ਪਹਿਲੀ ਵਾਰ ਜੇਲ੍ਹ ਤੋਂ ਬਾਹਰ ਆਪਣਾ ਜਨਮ ਦਿਨ ਮਨਾਏਗਾ। ਡੇਰਾ ਮੁਖੀ ਨੂੰ 7ਵੀਂ ਵਾਰ ਪੈਰੋਲ



# ਕੈਨੇਡਾ 'ਚ ਅੰਤਰਰਾਸ਼ਟਰੀ ਭਾਰਤੀ ਵਿਦਿਆਰਥੀ ਦੀ ਮੌਤ

### ਪੈਦਲ ਜਾਂਦੇ ਸਮੇਂ ਕਾਰ ਨੇ ਮਾਰੀ ਟੱਕਰ

**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਦੇ ਸੂਬੇ ਓਨਟਾਰੀਓ ਦੇ ਬੈਰੀ ਸ਼ਹਿਰ ਵਿਚ ਇੱਕ ਕਾਰ ਸੜਕ ਹਾਦਸੇ ਵਿਚ ਇਕ ਭਾਰਤੀ ਮੂਲ ਦੇ ਗੁਜਰਾਤ ਸੂਬੇ ਦੇ ਅਹਿਮਦਾਬਾਦ ਦੇ ਨਾਲ ਪਿਛੋਕੜ ਰੱਖਣ ਵਾਲੇ ਇਕ 19 ਸਾਲਾ ਨੌਜਵਾਨ ਵਰਸਿਲ ਪਟੇਲ ਦੀ ਮੌਤ ਹੋ ਗਈ ਹੈ। ਵਰਸੀਲ ਪਟੇਲ ਭਾਰਤ ਤੋ ਉਚੇਰੀ ਸਿੱਖਿਆ ਲਈ ਕੈਨੇਡਾ ਗਿਆ ਸੀ, ਜਿੱਥੇ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਦੋਸਤਾਂ ਨੇ ਗੌਫੰਡਮੀ ਵੈੱਬਸਾਈਟ ਦੁਆਰਾ ਉਸ ਦੀ ਲਾਸ਼ ਭੇਜਣ ਲਈ ਫੰਡਿੰਗ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਵਰਸਿਲ ਪਟੇਲ ਦੀ ਲਾਸ਼ ਨੂੰ ਭਾਰਤ ਲਿਆਉਣ ਲਈ 30,000 ਹਜ਼ਾਰ ਡਾਲਰ ਦੇ ਕਰੀਬ ਖਰਚਾ ਆਵੇਗਾ। ਹੁਣ ਤੱਕ ਕਰੀਬ 21 ਹਜ਼ਾਰ ਡਾਲਰ ਦੇ ਕਰੀਬ ਇਕੱਠੇ ਹੋ ਚੁੱਕੇ ਹਨ। ਉਸ ਦੇ ਦੋਸਤ ਰਾਜਨ ਪਟੇਲ ਨੇ ਵਰਸਿਲ ਪਟੇਲ ਦੀ ਲਾਸ਼ ਗੁਜਰਾਤ ਵਿਚ ਭੇਜਣ ਲਈ ਸੋਸ਼ਲ ਮੀਡੀਆ 'ਤੇ ਵੀ ਭਾਰਤੀ ਮੂਲ ਦੇ ਲੋਕਾਂ ਨੂੰ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਵਰਸਿਲ ਪਟੇਲ ਦਾ ਪਰਿਵਾਰ ਆਪਣੇ ਪੁੱਤਰ ਦਾ ਚਿਹਰਾ ਦੇਖ ਸਕੇ, ਅਤੇ ਉਸ ਦਾ ਅੰਤਿਮ ਸੰਸਕਾਰ ਉਸ ਦੀ ਜਨਮ ਭੂਮੀ ਵਿਖੇ ਕੀਤਾ ਜਾ ਸਕੇ। ਇਸ ਸੰਬੰਧ ਵਿਚ ਪੁਲਿਸ ਨੇ ਕਾਰ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



## ਵਿਰਾਸਤ-ਏ-ਖਾਲਸਾ, ਦਾਸਤਾਨ-ਏ-ਸ਼ਹਾਦਤ, ਗੋਲਡਨ ਟੈਂਪਲ ਪਲਾਜ਼ਾ 31 ਜੁਲਾਈ ਤੱਕ ਸੈਲਾਨੀਆਂ ਲਈ ਰਹਿਣਗੇ ਬੰਦ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਅਧੀਨ ਆਉਂਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜਾਇਬ ਘਰ ਵਿਰਾਸਤ-ਏ-ਖਾਲਸਾ, ਸ੍ਰੀ ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਅਤੇ ਅੰਮ੍ਰਿਤਸਰ ਵਿਖੇ ਗੋਲਡਨ ਟੈਂਪਲ ਪਲਾਜ਼ਾ ਛਿਮਾਹੀ ਰੱਖ-ਰਖਾਅ ਦੇ ਮੱਦੇਨਜ਼ਰ 31 ਜੁਲਾਈ ਤੱਕ ਸੈਲਾਨੀਆਂ ਲਈ ਬੰਦ ਰਹਿਣਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਅਜਾਇਬ ਘਰਾਂ ਨੂੰ ਹਰ ਸਾਲ ਦੀ ਤਰਜ਼ ਤੇ ਜਨਵਰੀ ਅਤੇ ਜੁਲਾਈ ਦੇ ਅਖੀਰਲੇ ਹਫਤੇ 'ਚ ਸੈਲਾਨੀਆਂ ਲਈ ਬੰਦ ਰੱਖਿਆ ਜਾਂਦਾ ਹੈ, ਤਾਂ ਜੋ ਇਨ੍ਹਾਂ ਦੀ ਮੁਰੰਮਤ ਅਤੇ ਰੱਖ-ਰਖਾਅ ਸਬੰਧੀ ਕੰਮ ਕੀਤੇ ਜਾ ਸਕਣ, ਜੋ ਕਿ ਅਜਾਇਬ ਘਰਾਂ ਦੀਆਂ ਗੈਲਰੀਆਂ ਵਿਚ ਸੈਲਾਨੀਆਂ ਦੀ ਲਗਾਤਾਰ ਆਵਾਜਾਈ ਦੌਰਾਨ ਨਹੀਂ ਕੀਤੇ ਜਾ ਸਕਦੇ।

## ਲੁਧਿਆਣਾ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਵੀ ਜਲਦ ਸ਼ੁਰੂ ਹੋਣਗੀਆਂ ਉਡਾਣਾਂ

**ਲੁਧਿਆਣਾ, (ਪੰਜਾਬ ਮੇਲ)-** ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਜਲਦ ਉਡਾਣਾਂ ਸ਼ੁਰੂ ਹੋਣ ਜਾ ਰਹੀਆਂ ਹਨ।

ਦੱਸ ਦਈਏ ਕਿ ਇਸ ਸਾਲ ਦੇ ਅੰਤ ਤੱਕ ਲੁਧਿਆਣਾ ਦੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਉਡਾਣਾਂ ਸ਼ੁਰੂ ਹੋਣ ਦੀਆਂ ਉਮੀਦਾਂ ਹਨ ਅਤੇ ਇਸਦੇ ਨਾਲ ਸਭ ਤੋਂ ਵੱਧ ਲਾਭ ਮਾਲਵਾ ਖੇਤਰ ਦੇ ਲੋਕਾਂ ਨੂੰ ਹੋਵੇਗਾ ਕਿਉਂਕੀ ਫਿਲਹਾਲ ਲੋਕਾਂ ਨੂੰ ਹਵਾਈ ਸਫਰ ਕਰਨ ਲਈ ਜਾਂ ਤਾਂ ਅੰਮ੍ਰਿਤਸਰ ਜਾਣਾ ਪੈਂਦਾ ਸੀ ਜਾਂ ਚੰਡੀਗੜ੍ਹ ਨਹੀਂ ਤਾਂ ਦਿੱਲੀ ਹਵਾਈ ਅੱਡਾ। ਮਿਲੀ ਜਾਣਕਾਰੀ ਦੇ ਮੁਤਾਬਕ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਫਿਲਹਾਲ ਨਿਰਮਾਣ ਅਧੀਨ ਹੈ ਪਰ ਇੱਥੇ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਇਸ ਕਰਕੇ ਉਮੀਦ ਲਗਾਈ ਜਾ ਰਹੀ ਹੈ ਕਿ ਇਸ ਸਾਲ ਦੇ ਅੰਤ ਤੱਕ ਇੱਥੋਂ ਉਡਾਣਾਂ ਸ਼ੁਰੂ ਹੋ ਜਾਣ। ਫਿਲਹਾਲ ਏਅਰਪੋਰਟ ਅਧੀਨ ਟਰਮੀਨਲ ਦੇ ਨਿਰਮਾਣ ਨਾਲ ਜੁੜੇ ਕਾਰਜਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਟਰਮੀਨਲ ਦੇ ਨਿਰਮਾਣ ਦਾ ਕੰਮ 31 ਜੁਲਾਈ ਤੱਕ ਪੂਰਾ ਹੋ ਜਾਵੇਗਾ।

## ਪੁਲਿਸ ਵੱਲੋਂ ਫਰਜ਼ੀ ਇੰਟਰਨੈਸ਼ਨਲ ਕਾਲ ਸੈਂਟਰ ਦਾ ਪਰਦਾਫਾਸ਼; 29 ਗ੍ਰਿਫਤਾਰ

**ਲੁਧਿਆਣਾ, (ਪੰਜਾਬ ਮੇਲ)-** ਲੁਧਿਆਣਾ ਪੁਲਿਸ ਨੇ ਇੱਕ ਫਰਜ਼ੀ ਇੰਟਰਨੈਸ਼ਨਲ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਹੈ, ਜਿਸ ਤੋਂ ਬਾਅਦ ਪੁਲਿਸ ਨੇ 29 ਠੱਗਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗਿਰੋਹ ਦੇ ਮੈਂਬਰ ਜ਼ਿਆਦਾਤਰ ਵਿਦੇਸ਼ੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ।

ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਇਸ ਕਾਲ ਸੈਂਟਰ ਬਾਰੇ ਗੁਪਤ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਹੀ ਪੁਲਿਸ ਨੇ ਛਾਪਾ ਮਾਰ ਕੇ ਇਨ੍ਹਾਂ ਵਿਅਕਤੀਆਂ ਨੂੰ ਫੜ ਲਿਆ। ਮੁਲਜ਼ਮਾਂ ਨੇ ਆਪਣੇ ਆਪ ਨੂੰ ਮਲਟੀਨੈਸ਼ਨਲ ਕੰਪਨੀਆਂ ਲਈ ਟੈਕਨੀਕਲ ਸਰਵਿਸ ਪ੍ਰੋਵਾਈਡਰ ਵਜੋਂ ਪੇਸ਼ ਕੀਤਾ। ਪੁਲਿਸ ਮੁਤਾਬਕ ਇਹ ਵਿਦੇਸ਼ੀਆਂ ਨੂੰ ਠੱਗੀ ਦਾ ਸ਼ਿਕਾਰ ਬਣਾਉਂਦੇ ਸਨ। ਇਸ ਵਿਚ ਵਰਤੇ ਗਏ ਸਾਰੇ ਮੋਬਾਈਲ ਫੋਨ ਵੀ ਪੁਲਿਸ ਨੇ ਜ਼ਬਤ ਕਰ ਲਏ ਹਨ। ਗ੍ਰਿਫਤਾਰ ਕੀਤੇ ਗਏ ਗਿਰੋਹ ਦੇ ਮੈਂਬਰਾਂ ਵਿਚ 11 ਜਣੇ ਮੇਘਾਲਿਆ ਦੇ, 3 ਜਣੇ ਉੱਤਰ ਪ੍ਰਦੇਸ਼, 7 ਜਣੇ ਗੁਜਰਾਤ ਤੋਂ, 1 ਹਿਮਾਚਲ ਪ੍ਰਦੇਸ਼, 3 ਨਾਗਾਲੈਂਡ, ਇੱਕ ਦਿੱਲੀ ਅਤੇ ਚਾਰ ਜਣੇ ਪੰਜਾਬ ਦੇ ਹਨ।




Global Allianz
LAW FIRM LLP
ਕਾਨੂੰਨੀ ਸਲਾਹ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਪੱਤਰਕਾਰ ਗੁਰਦੀਪ ਸਿੰਘ ਗਰੇਵਾਲ ਅਤੇ ਜਸਵੰਤ ਸਿੰਘ ਢਿਲੋਂ ਦੇ ਬੱਚੇ ਵਿਆਹ ਦੇ ਬੰਧਨ 'ਚ ਬੱਝੇ

**ਵੈਨਕੂਵਰ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਬੀਤੇ ਸ਼ਨੀਵਾਰ ਵੈਨਕੂਵਰ ਬੀ.ਸੀ. ਦੇ ਪੁਰਾਣੇ ਗੁਰੂਘਰ ਗੁਰਦੁਆਰਾ ਅਕਾਲੀ ਸਿੰਘ ਵਿਖੇ ਉੱਘੇ ਪੱਤਰਕਾਰ ਸ. ਗੁਰਦੀਪ ਸਿੰਘ ਗਰੇਵਾਲ ਅਤੇ ਸਰਦਾਰਨੀ ਬਲਜਿੰਦਰ ਕੌਰ ਗਰੇਵਾਲ ਦੇ ਬੇਟੇ ਹਰਜੀਤ ਸਿੰਘ ਗਰੇਵਾਲ ਦਾ ਸ਼ੁੱਭ ਵਿਆਹ ਸ. ਜਸਵੰਤ ਸਿੰਘ ਢਿੱਲੋਂ ਅਤੇ ਸਰਦਾਰਨੀ ਹਰਪ੍ਰੀਤ ਕੌਰ ਢਿੱਲੋਂ ਦੀ ਬੇਟੀ ਗੁਰਲੀਨ ਕੌਰ ਢਿੱਲੋਂ ਜਿਹੜੀ ਕਿ ਹੁਣ ਗਰੇਵਾਲ ਬਣ ਚੁੱਕੀ ਹੈ, ਨਾਲ ਸਿੱਖੀ ਰਹੁ-ਰੀਤਾਂ ਮੁਤਾਬਕ ਹੋਇਆ। ਇਸ ਮੌਕੇ ਇਲਾਕੇ ਦੀਆਂ ਮੀਡੀਏ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ। ਇਸ ਵਿਆਹ ਵਿਚ ਹੋਰ ਪਤਵੰਤੇ ਸੱਜਣਾਂ ਤੋਂ ਇਲਾਵਾ ਕੈਨੇਡਾ ਦੇ ਸਿਰਕੱਢ ਰਾਜਨੀਤਿਕ ਲੀਡਰ ਨੇ ਵੀ ਸ਼ਿਰਕਤ ਕੀਤੀ ਅਤੇ ਅਨੰਦ ਕਾਰਜ ਦੀ ਰਸਮ ਮਗਰੋਂ ਬੀ.ਸੀ. ਦੇ ਹੈਲਥ ਮਨਿਸਟਰ ਐਡਰੀਅਨ ਡਿਕਸ ਨੇ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਬੇਟੀ ਗੁਰਲੀਨ ਦੇ ਨਾਨਾ ਜੀ ਸ. ਗੁਰਨਾਮ ਸਿੰਘ ਖੰਘੂੜਾ ਨੇ ਸਿੱਖਿਆ ਬੋਲੀ ਅਤੇ ਕੈਲੀਫੋਰਨੀਆ ਤੋਂ ਪੱਤਰਕਾਰ ਨੀਟਾ ਮਾਛੀਕੇ ਨੇ ਦੋਹਾਂ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ। ਹਫ਼ਤਾ ਭਰ ਚੱਲੇ ਵਿਆਹ ਦੌਰਾਨ ਰਿਸ਼ਤੇਦਾਰ-ਮਿੱਤਰ ਇੰਗਲੈਂਡ,







ਆਸਟਰੇਲੀਆ, ਇੰਡੀਆ, ਅਮਰੀਕਾ ਅਤੇ ਕੈਨੇਡਾ ਦੇ ਵੱਖੋ-ਵੱਖ ਸ਼ਹਿਰਾਂ ਤੋਂ ਦੋਹਾਂ ਪਰਿਵਾਰਾਂ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ।

# ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸ਼ੈੱਫ ਦੀ ਸ਼ੱਕੀ ਹਾਲਾਤਾਂ 'ਚ ਮੌਤ

**■ ਸਾਬਕਾ ਅਮਰੀਕੀ ਰਾਸ਼ਟਰਪਤੀ ਓਬਾਮਾ ਹੋਏ ਭਾਵੁਕ**



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਆਪਣੇ ਨਿੱਜੀ ਸ਼ੈੱਫ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਜਿਸ ਦੀ ਲਾਸ਼ ਬੀਤੇ ਦਿਨੀਂ ਇਕ ਝੀਲ ਵਿਚੋਂ ਮਿਲੀ ਹੈ। ਪੁਲਿਸ ਉਸ ਦੀ ਭੇਦਭਰੀ ਹੋਈ ਮੌਤ ਦੇ ਮਾਮਲੇ ਦੀ ਜਾਂਚ 'ਚ ਜੁਟੀ ਹੋਈ ਹੈ। ਅਮਰੀਕਾ ਦੇ ਮੈਸੇਚਿਉਸੇਟਸ ਸੂਬੇ ਦੇ ਇਲਾਕੇ ਦੀ ਪੁਲਿਸ ਨੇ ਸ਼ੈੱਫ ਟੈਫਾਰੀ ਕੈਂਪਬੈਲ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਓਬਾਮਾ ਦਾ ਸੈੱਫ (ਰਸੋਈਏ) ਲਾਸ਼ ਮਾਰਥਾ ਦੇ ਵਾਈਨਯਾਰਡ ਦੇ ਨੇੜੇ ਇੱਕ ਝੀਲ ਦੇ ਕੋਲ ਮਿਲੀ ਹੈ। ਪੁਲਿਸ ਵੱਲੋਂ ਪੂਰੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਉਹ ਮਾਰਥਾ ਦੇ ਵਾਈਨਯਾਰਡ ਨੂੰ ਦੇਖਣ ਆਇਆ ਸੀ ਅਤੇ ਬੀਤੇ ਐਤਵਾਰ ਸ਼ਾਮ ਤੋਂ ਲਾਪਤਾ ਸੀ। ਇਸ ਦੌਰਾਨ ਉਹ ਪਾਣੀ ਦੇ ਹੇਠਾਂ ਚਲਾ ਗਿਆ, ਉਸ ਨੇ ਕੁਝ ਸੰਘਰਸ਼ ਕੀਤਾ ਪਰ ਉਸ ਤੋਂ ਬਾਅਦ ਉਹ ਵਾਪਸ ਨਹੀਂ ਆ ਸਕਿਆ, ਤੇ ਉਸ ਦੀ ਮੌਤ ਹੋ ਗਈ। ਇਸ ਦੌਰਾਨ ਝੀਲ 'ਚ ਮੌਜੂਦ ਹੋਰ ਲੋਕਾਂ ਨੇ ਸੈੱਫ ਟਾਫਾਰੀ ਕੈਂਪਬੈਲ ਨੂੰ ਡੁੱਬਦੇ ਦੇਖਿਆ। ਪਾਣੀ 'ਚ ਸਰਫਿੰਗ ਕਰਨ ਗਏ ਟੈਫਾਰੀ ਕੈਂਪਬੈਲ ਨੇ ਉਸ ਸਮੇਂ ਲਾਈਫ ਜੈਕੇਟ ਵੀ ਨਹੀਂ ਪਾਈ ਹੋਈ ਸੀ। ਸੋਮਵਾਰ ਨੂੰ ਪੁਲਿਸ ਨੇ ਝੀਲ ਦੇ ਅੰਦਰੋਂ ਟੈਫਾਰੀ ਕੈਂਪਬੈਲ ਦੀ ਲਾਸ਼ ਬਰਾਮਦ ਕੀਤੀ। ਬਰਾਕ ਅਤੇ ਮਿਸ਼ੇਲ ਓਬਾਮਾ ਨੇ ਆਪਣੇ ਸ਼ੈੱਫ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਮੁਲਾਕਾਤ ਵ੍ਹਾਈਟ ਹਾਊਸ 'ਚ ਹੋਈ ਸੀ, ਸਥਾਨਕ ਪੁਲਿਸ ਅਜੇ ਵੀ ਟੈਫਾਰੀ ਕੈਂਪਬੈਲ ਦੀ ਮੌਤ ਦੀ ਜਾਂਚ ਕਰ ਰਹੀ ਹੈ ਅਤੇ ਅਜੇ ਤੱਕ ਕੋਈ ਠੋਸ ਕਾਰਨ ਨਹੀਂ ਦੱਸਿਆ ਗਿਆ ਹੈ।

# ਅਮਰੀਕਾ 'ਚ ਨਿਹੱਥੇ ਕਾਲੇ ਵਿਅਕਤੀ 'ਤੇ ਪੁਲਿਸ ਅਫਸਰ ਨੇ ਛੱਡਿਆ ਕੁੱਤਾ

**■ ਮਨੁੱਖੀ ਹੱਕਾਂ ਬਾਰੇ ਐਸੋਸੀਏਸ਼ਨ ਨੇ ਘਟਨਾ ਨੂੰ ਸ਼ਰਮਨਾਕ ਤੇ ਜੰਗਲੀ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ 'ਚ ਇਕ ਪੁਲਿਸ ਅਫਸਰ ਵੱਲੋਂ ਇਕ ਨਿਹੱਥੇ ਕਾਲੇ ਵਿਅਕਤੀ ਉਪਰ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਨੁੱਖੀ ਹੱਕਾਂ ਬਾਰੇ ਇਕ ਸੰਗਠਨ ਨੇ ਇਸ ਘਟਨਾ ਨੂੰ ਸ਼ਰਮਨਾਕ ਤੇ ਅਸੱਭਿਅਕ ਕਰਾਰ ਦਿੱਤਾ ਹੈ। ਓਹਾਇਓ ਸਟੇਟ ਹਾਈਵੇਅ ਪੈਟਰੋਲ ਵੱਲੋਂ ਜਾਰੀ ਇਕ ਵੀਡੀਓ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਇਕ ਅਫਸਰ ਨੇ ਇਕ ਕਮਰਸ਼ੀਅਲ ਸੈਮੀ ਟਰੱਕ ਨੂੰ ਜਾਂਚ ਵਾਸਤੇ ਰੋਕਣ ਦਾ ਯਤਨ ਕੀਤਾ ਪਰੰਤੂ ਉਹ ਨਹੀਂ ਰੁਕਿਆ। ਜੈਕਸਨ ਕਾਊਂਟੀ ਵਿਚ ਯੂ.ਐੱਸ. 35 ਉਪਰ ਵਾਪਰੀ ਇਸ ਘਟਨਾ ਵਿਚ ਪੁਲਿਸ ਤੇ ਲਾਅ ਇਨਫੋਰਸਮੈਂਟ ਦੀਆਂ ਗੱਡੀਆਂ ਵੱਲੋਂ ਲੰਬਾ ਸਮਾਂ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਤੇ ਆਖਰਕਾਰ ਟਰੱਕ ਖੜ੍ਹਾ ਹੋ ਗਿਆ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ 23 ਸਾਲਾ ਡਰਾਈਵਰ ਨਿਕਲਿਆ, ਜਿਸ ਨੇ ਆਪਣੇ ਹੱਥ ਉਪਰ ਕੀਤੇ ਹੋਏ ਸਨ। ਉਸ ਨੂੰ ਪੁਲਿਸ ਦੀਆਂ ਕਾਰਾਂ ਤੇ ਅਫਸਰਾਂ ਨੇ ਘੇਰਿਆ ਹੋਇਆ ਹੈ। ਡਰਾਈਵਰ ਨੂੰ ਇਕ ਪੁਲਿਸ ਅਫਸਰ ਜ਼ਮੀਨ ਉਪਰ ਲੇਟਣ ਲਈ ਕਹਿੰਦਾ ਹੈ। ਸਟੇਟ ਪੁਲਿਸ ਦੇ ਇਕ ਅਫਸਰ ਵੱਲੋਂ ਕੁੱਤਾ ਨਾ ਛੱਡਣ ਲਈ ਵਾਰ-ਵਾਰ ਕਹਿਣ ਦੇ ਬਾਵਜੂਦ ਮੌਕੇ 'ਤੇ ਪੁੱਜੇ ਇਕ ਸਿਰਕਲਵਿਲੇ ਕੇ-9 ਅਫਸਰ ਵੱਲੋਂ ਕੁੱਤਾ ਛੱਡ ਦਿੱਤਾ ਜਾਂਦਾ ਹੈ, ਜੋ ਡਰਾਈਵਰ ਉਪਰ ਹਮਲਾ ਕਰ ਦਿੰਦਾ ਹੈ ਤੇ ਉਸ ਨੂੰ ਜ਼ਖਮੀ ਕਰ ਦਿੰਦਾ ਹੈ। ਬਾਅਦ ਵਿਚ ਪੁਲਿਸ ਅਫਸਰ ਡਰਾਈਵਰ ਨੂੰ ਹਿਰਾਸਤ ਵਿਚ ਲੈ ਕੇ ਮੁੱਢਲੀ ਸਹਾਇਤਾ ਦਿੰਦੇ ਹਨ। ਮਨੁੱਖੀ ਹੱਕਾਂ ਬਾਰੇ ਸੰਗਠਨ 'ਨੈਸ਼ਨਲ ਐਸੋਸੀਏਸ਼ਨ ਫਾਰ ਦਾ ਐਡਵਾਂਸਮੈਂਟ ਆਫ ਕਲਰਡ ਪੀਓਪਲ' ਨੇ ਇਸ ਘਟਨਾ ਨੂੰ ਅੱਤ ਸ਼ਰਮਨਾਕ ਕਰਾਰ ਦਿੱਤਾ ਹੈ। ਐਸੋਸੀਏਸ਼ਨ ਦੇ ਕੋਲੰਬਸ ਬਰਾਂਚ ਦੇ ਪ੍ਰਧਾਨ ਨਾਨਾ ਵਾਟਸਨ ਨੇ ਕਿਹਾ ਹੈ ਕਿ ਇਸ ਕਿਸਮ ਦੇ ਜੰਗਲੀ ਵਿਵਹਾਰ ਤੋਂ 1960ਵਿਆਂ ਵਿਚ ਦੱਖਣ ਵਿਚ ਵਾਪਰੀਆਂ ਭਿਆਨਕ ਘਟਨਾਵਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਜਦੋਂ ਮਨੁੱਖੀ ਹੱਕਾਂ ਬਾਰੇ ਕਾਰਕੁੰਨਾਂ ਉਪਰ ਕੁੱਤੇ ਛੱਡੇ ਗਏ ਸਨ। ਵਾਟਸਨ ਨੇ ਕਿਹਾ ਹੈ ਕਿ ਇਕ ਨਿਹੱਥੇ ਕਾਲੇ ਵਿਅਕਤੀ ਨਾਲ ਕੀਤੇ ਵਿਵਹਾਰ ਤੋਂ ਅਨਿਆਂ ਤੇ ਭੇਦਭਾਵ ਦੀ ਝਲਕ ਵੀ ਮਿਲਦੀ ਹੈ। ਵਾਟਸਨ ਨੇ ਆਸ ਪ੍ਰਗਟਾਈ ਹੈ ਕਿ ਸਮੁੱਚੀ ਘਟਨਾ ਦੀ ਜਾਂਚ ਉਪਰੰਤ ਨਿਆਂ ਹੋਵੇਗਾ ਤੇ ਕਸੂਰਵਾਰ ਪੁਲਿਸ ਅਫਸਰ ਵਿਰੁੱਧ ਕਾਰਵਾਈ ਹੋਵੇਗੀ। ਡਰਾਈਵਰ ਨੂੰ ਰੋਸ ਕਾਊਂਟੀ ਜੇਲ੍ਹ ਵਿਚ ਲਿਜਾਇਆ ਗਿਆ ਹੈ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

ਪੰਜਾਬ ਮੇਲ USA

# ਟੈਕਸਾਸ ਰਸਤੇ ਅਮਰੀਕਾ 'ਚ ਗੈਰ ਕਾਨੂੰਨੀ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਰੋਕਣ ਸਬੰਧੀ ਨੀਤੀਆਂ ਦੀ ਵੱਡੀ ਪੱਧਰ 'ਤੇ ਆਲੋਚਨਾ

**■ ਇਕ ਜਵਾਨ ਵੱਲੋਂ ਆਪਣੇ ਸੀਨੀਅਰ ਨੂੰ ਭੇਜੀ ਈ ਮੇਲ ਉਪਰੰਤ ਮਾਮਲੇ ਨੇ ਤੂਲ ਫੜਿਆ**



ਵਰਨਰ ਗਰੇਗ ਅਬੋਟ ਦੇ ਆਦੇਸ਼ 'ਤੇ ਪ੍ਰਵਾਸੀਆਂ ਨੂੰ ਰੋਕਣ ਲਈ ਰੀਓ ਗਰੈਂਡ ਦਰਿਆ 'ਚ ਲਾਈ ਗਈ 'ਫਲੋਟਿੰਗ ਬੈਰੀਅਰ'।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਟੈਕਸਸ ਰਾਜ ਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਰੋਕਣ ਸਬੰਧੀ ਅਪਣਾਈਆਂ ਜਾ ਰਹੀਆਂ ਨੀਤੀਆਂ ਦੀ ਵੱਡੀ ਪੱਧਰ ਉਪਰ ਆਲੋਚਨਾ ਹੋ ਰਹੀ ਹੈ। ਰਾਜ ਦੇ ਇਕ ਜਵਾਨ ਵੱਲੋਂ ਪ੍ਰਗਟਾਵਾ ਕੀਤਾ ਗਿਆ ਹੈ ਕਿ ਸਰਹੱਦ 'ਤੇ ਤਾਇਨਾਤ ਮੁਲਾਜ਼ਮਾਂ ਨੂੰ ਕਿਹਾ ਗਿਆ ਹੈ ਕਿ ਜੋ ਵੀ ਪ੍ਰਵਾਸੀ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ, ਉਨ੍ਹਾਂ ਨੂੰ ਗਵਰਨਰ ਗਰੇਗ ਅਬੋਟ ਦੇ ਸਰਹੱਦ ਸੁਰੱਖਿਆ ਕਦਮਾਂ ਤਹਿਤ ਦੁਬਾਰਾ ਰੀਓ ਗਰੈਂਡ ਦਰਿਆ ਵਿਚ ਧੱਕ ਦਿੱਤਾ ਜਾਵੇ। ਇਸ ਪ੍ਰਗਟਾਵੇ ਉਪਰੰਤ ਮਾਮਲਾ ਤੂਲ ਫੜ ਗਿਆ ਹੈ। ਇਕ ਅਖਬਾਰ 'ਚ ਛਪੀ ਇਕ ਰਿਪੋਰਟ ਜਿਸ ਵਿਚ ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਨੂੰ ਇਕ ਜਵਾਨ ਵੱਲੋਂ ਭੇਜੀ ਇਕ ਈ ਮੇਲ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗਵਰਨਰ ਅਬੋਟ ਦੇ ਆਪਰੇਸ਼ਨ ਲੋਨ ਸਟਾਰ ਕਾਰਨ ਪ੍ਰਵਾਸੀਆਂ ਦੀ ਜ਼ਿੰਦਗੀ ਖਤਰੇ ਵਿਚ ਪਾ ਦਿੱਤੀ ਗਈ ਹੈ। ਜਵਾਨ ਜੋ ਇਕ ਡਾਕਟਰ ਹੈ, ਨੇ ਆਪਣੇ ਸੀਨੀਅਰ ਨੂੰ ਭੇਜੀ ਈ-ਮੇਲ ਵਿਚ ਸਪੱਸ਼ਟ ਕੀਤਾ ਹੈ ਕਿ ਉਹ ਪ੍ਰਵਾਸੀਆਂ ਨੂੰ ਰੋਕਣ ਦੇ ਕਦਮਾਂ ਦਾ ਸਮਰਥਕ ਹੈ ਪਰੰਤੂ ਇਸ ਦੇ ਨਾਲ ਹੀ ਉਸ ਨੇ ਡੈਲ ਰੀਓ ਖੇਤਰ 'ਚ ਇਸ ਸਾਲ ਜੂਨ ਦੇ ਅੰਤ ਵਿਚ ਤੇ ਜੁਲਾਈ ਦੇ ਸ਼ੁਰੂ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਪ੍ਰਵਾਸੀਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਹੈ। ਇਨ੍ਹਾਂ ਵਿਚ ਪ੍ਰਵਾਸੀ ਬੱਚਿਆਂ ਦੇ ਜ਼ਖਮੀ ਹੋਣ, ਇਕ ਗਰਭਵਤੀ ਔਰਤ ਨਾਲ ਗਲਤ ਵਿਵਹਾਰ ਤੇ ਹੋਰ ਬਹੁਤ ਸਾਰਿਆਂ ਨੂੰ ਭਿਆਨਕ ਗਰਮੀ ਦੇ ਬਾਵਜੂਦ ਪਾਣੀ ਨਾ ਦੇਣ ਜਾਂ ਉਚਿਤ ਡਾਕਟਰੀ ਸਹਾਇਤਾ ਨਾ ਦੇਣ ਵਰਗੀਆਂ ਘਟਨਾਵਾਂ ਦਾ ਜ਼ਿਕਰ ਹੈ। ਜਵਾਨ ਨੇ ਕਿਹਾ ਹੈ ਕਿ ਟੈਕਸਾਸ ਰਾਜ ਵੱਲੋਂ ਰੀਓ ਗਰੈਂਡ ਦਰਿਆ ਦੇ ਨਾਲ ਲਾਈ ਗਈ ਕੰਡਿਆਲੀ ਵਾੜ ਦੇ ਸਿੱਟੇ ਵਜੋਂ 5 ਪ੍ਰਵਾਸੀ ਦਰਿਆ ਵਿਚ ਡੁੱਬ ਗਏ ਸਨ, ਜਦਕਿ ਕੁਝ ਹੋਰ ਕੰਡਿਆਲੀ ਵਾੜ ਵਿਚ ਫਸ ਕੇ ਜ਼ਖਮੀ ਹੋ ਗਏ ਸਨ। ਜਵਾਨ ਨਿਕੋਲਸ ਵਿੰਗੇਟ ਨੇ ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਸਾਰਜੈਂਟ ਨੂੰ ਭੇਜੀ ਈ ਮੇਲ ਵਿਚ ਹੋਰ ਕਿਹਾ ਹੈ ਕਿ "ਮੈ ਸੱਚੇ ਦਿੱਲੋਂ ਆਪਰੇਸ਼ਨ ਲੋਨ ਸਟਾਰ ਦੇ ਮਿਸ਼ਨ 'ਚ ਵਿਸ਼ਵਾਸ ਰੱਖਦਾ ਹਾਂ ਪਰੰਤੂ ਮੇਰਾ ਵਿਸ਼ਵਾਸ ਹੈ ਕਿ ਅਸੀਂ ਅਣਮਨੁੱਖੀ ਸੀਮਾ ਨੂੰ ਪਾਰ ਕੀਤਾ ਹੈ। ਸਾਨੂੰ ਇਸ ਆਪਰੇਸ਼ਨ ਨੂੰ ਉਸ ਪ੍ਰਮਾਤਮਾ ਦੀ ਨਜ਼ਰ ਅਨੁਸਾਰ ਠੀਕ ਤਰ੍ਹਾਂ ਲਾਗੂ ਕਰਨਾ ਪਵੇਗਾ। ਸਾਨੂੰ ਇਹ ਮਾਨਤਾ ਦੇਣ ਦੀ ਲੋੜ ਹੈ ਕਿ ਇਹ ਲੋਕ ਉਸ ਪ੍ਰਮਾਤਮਾ ਦਾ ਹੀ ਰੂਪ ਹਨ ਤੇ ਉਨ੍ਹਾਂ ਨਾਲ ਇਸ ਅਨੁਸਾਰ ਹੀ ਵਿਵਹਾਰ ਕਰਨ ਦੀ ਲੋੜ ਹੈ।"

## ਟੈਕਸਾਸ 'ਚ 18 ਪਹੀਆ ਵਾਹਨ 'ਚ ਲੁਕੇ ਮਿਲੇ 12 ਪ੍ਰਵਾਸੀ

**ਟੈਕਸਾਸ, (ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ 'ਚ ਪੁਲਿਸ ਵੱਲੋਂ ਕੀਤੀ ਛਾਪੇਮਾਰੀ ਦੌਰਾਨ 18 ਪਹੀਆ ਇਕ ਵਾਹਨ ਵਿਚ 12 ਪ੍ਰਵਾਸੀ ਲੁਕੇ ਹੋਏ ਪਾਏ ਗਏ। ਸਥਾਨਕ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਸਮਾਚਾਰ ਏਜੰਸੀ ਸ਼ਿਨਹੂਆ ਨੇ ਕਿਹਾ ਕਿ ਸਥਾਨਕ ਪੁਲਿਸ ਅਧਿਕਾਰੀਆਂ ਨੇ ਚੋਰੀ ਕੀਤੇ ਟਰੱਕ ਦੇ ਡਰਾਈਵਰ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਬੇਕਸਰ ਕਾਉਂਟੀ ਵਿਚ ਇੱਕ ਛੋਟਾ ਪਿੱਛਾ ਕੀਤਾ ਗਿਆ।

ਡਰਾਈਵਰ, ਜਿਸ ਨੇ ਬੰਦੂਕ ਰੱਖੀ ਹੋਈ ਸੀ, ਆਖਰਕਾਰ ਰੁੱਕ ਗਿਆ ਅਤੇ ਉਸਨੂੰ ਹਿਰਾਸਤ ਵਿਚ ਲੈ ਲਿਆ ਗਿਆ। ਜਾਂਚਕਰਤਾਵਾਂ ਨੂੰ ਟਰੇਲਰ ਦੇ ਅੰਦਰ ਇੱਕ ਗਰਭਵਤੀ ਸਮੇਤ 10 ਪੁਰਸ਼ ਅਤੇ ਦੋ ਔਰਤਾਂ ਮਿਲੀਆਂ। ਰਿਪੋਰਟ ਮੁਤਾਬਕ ਪ੍ਰਵਾਸੀ ਹੋਂਡੂਰਾਸ, ਗੁਆਟੇਮਾਲਾ ਅਤੇ ਮੈਕਸੀਕੋ ਦੇ ਸਨ। ਅਜਿਹਾ ਉਦੋਂ ਹੋਇਆ ਹੈ, ਜਦੋਂ ਅਧਿਕਾਰੀ ਰਿਪੋਰਟਾਂ ਤੋਂ ਬਾਅਦ ਸਰਹੱਦ 'ਤੇ ਪ੍ਰਵਾਸੀਆਂ ਨਾਲ ਵਿਵਹਾਰ ਦੀ ਜਾਂਚ ਕਰਦੇ ਹਨ।

## ਕੈਲੀਫੋਰਨੀਆ ਵਾਸੀ ਦਲਿਤ ਭਾਈਚਾਰੇ ਦੇ ਆਗੂ ਮਕਵਾਨਾ ਦੀ ਮੌਤ ਕਾਰਨ ਭਾਰਤੀ ਭਾਈਚਾਰੇ 'ਚ ਸੋਗ ਦੀ ਲਹਿਰ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਦਲਿਤ ਆਗੂ ਇੰਜੀਨੀਅਰ ਮਿਲਿੰਡ ਮਕਵਾਨਾ ਜਿਸ ਨੇ ਕੈਲੀਫੋਰਨੀਆ ਅਸੈਂਬਲੀ ਵਿਚ ਜਾਤੀ ਭੇਦਭਾਵ ਬਿੱਲ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਸੀ, ਦੀ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਮੌਤ ਹੋ ਗਈ। ਮਿਲਿੰਡ ਦੀ ਮੌਤ ਕਾਰਨ ਭਾਰਤੀ ਭਾਈਚਾਰੇ 'ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਕੂਪਰਟਿਨੋ ਸਿਟੀ ਕੌਂਸਲ ਦੀ ਮੀਟਿੰਗ ਵਿਚ ਐੱਸ.ਬੀ.-403 ਜਾਤੀ ਭੇਦਭਾਵ ਬਿੱਲ ਵਿਰੁੱਧ ਆਪਣੇ ਵਿਚਾਰ ਰੱਖਣ ਤੋਂ ਥੋੜੀ ਦੇਰ ਬਾਅਦ ਮਕਵਾਨਾ ਨੂੰ ਦਿਲ ਦਾ ਦੌਰਾ ਪਿਆ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ। ਕੋਲੀਸ਼ਨ ਆਫ ਹਿੰਦੂ ਨਾਰਥ ਅਮਰੀਕਾ ਨੇ ਇਕ ਟਵੀਟ ਵਿਚ ਮਕਵਾਨਾ ਦੀ ਮੌਤ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ "ਮਿਲਿੰਡ ਮਕਵਾਨਾ ਨੇ ਹਿੰਦੂ ਭਾਈਚਾਰੇ ਨੂੰ ਧਰਮ ਲਈ ਜੱਦੋ-ਜਹਿਦ ਕਰਨ ਵਾਸਤੇ ਉਤਸ਼ਾਹਿਤ ਕੀਤਾ। ਬੇ ਏਰੀਆ ਵਿਚ ਸਾਡੇ ਵਿਚੋਂ ਕਈਆਂ ਨੂੰ ਉਸ ਨਾਲ ਕੰਮ ਕਰਨ ਤੇ ਉਸ ਕੋਲੋਂ ਸਿੱਖਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਵਿਚ ਹਿੰਦੂਤਵ ਲਈ ਕਮਾਲ ਦੀ ਊਰਜਾ ਤੇ ਉਤਸ਼ਾਹ ਸੀ। ਉਸ ਦੇ ਆਖਰੀ ਸ਼ਬਦ ਸਨ, ਕਮਜ਼ੋਰਾਂ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਹੈ।" ਇਥੇ ਜ਼ਿਕਰਯੋਗ ਹੈ ਕਿ ਕੂਪਰਟਿਨੋ ਸਿਟੀ ਕੌਂਸਲ ਦੀ ਮੀਟਿੰਗ ਸਬੰਧੀ ਇਕ ਵੀਡੀਓ 'ਚ ਮਕਵਾਨਾ ਇਹ ਕਹਿੰਦੇ ਹੋਏ ਨਜ਼ਰ ਆ ਰਹੇ ਹਨ ਕਿ ਮੈਨੂੰ ਆਪਣੇ ਹਿੰਦੂ ਹੋਣ ਉਪਰ ਮਾਣ ਹੈ। ਮੇਰਾ ਪਿਛੋਕੜ ਹਾਸ਼ੀਏ 'ਤੇ ਧੱਕ ਦਿੱਤੇ ਗਏ ਭਾਈਚਾਰੇ ਨਾਲ ਹੈ ਪਰ ਮੈਂ ਇਕ ਗੌਰਵਸ਼ਾਲੀ ਹਿੰਦੂ ਹਾਂ। ਇਸ ਲਈ ਜੋ ਲੋਕ ਇਥੇ ਸਾਡੀ ਪ੍ਰਤੀਨਿੱਧਤਾ ਕਰਨ ਦਾ ਦਾਅਵਾ ਕਰਦੇ ਹਨ ਪਰੂੰਤ ਜੇਕਰ ਉਹ ਹਿੰਦੂਆਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਤਾਂ ਇਹ ਸਾਡੀ ਗੱਲ ਸਾਡੇ ਤੋਂ ਬਿਨਾਂ ਕਰਨ ਵਾਂਗ ਹੈ।" ਮੁੰਬਈ ਵਿਚ ਜੰਮੇ-ਪਲੇ ਮਕਵਾਨਾ 2006 'ਚ ਅਮਰੀਕਾ ਆਏ ਸਨ।

## ਅਮਰੀਕਾ-ਭਾਰਤੀ ਜੋੜੇ ਵਿਰੁੱਧ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ ਤੇ ਬੰਧੂਆ ਮਜ਼ਦੂਰੀ ਕਰਵਾਉਣ ਦੇ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇਕ ਭਾਰਤੀ ਅਮਰੀਕੀ ਜੋੜੇ ਨੂੰ ਇਕ ਵਰਕਰ ਦੇ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ, ਘੱਟ ਤਨਖਾਹ 'ਤੇ ਵਧ ਕੰਮ ਕਰਵਾਉਣ ਤੇ ਧਮਕੀਆਂ ਦੇਣ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਜਾਣ ਦੀ ਖਬਰ ਹੈ। ਰਿਚਮੰਡ ਵਿਚ ਇਕ ਫੈਡਰਲ ਜਿਊਰੀ ਨੇ ਉੱਤਰੀ ਚੈਸਟਰਫੀਲਡ ਖੇਤਰ ਦੇ ਵਾਸੀ ਹਰਮਨਪ੍ਰੀਤ ਸਿੰਘ (30) ਤੇ ਕੁਲਬੀਰ ਕੌਰ (42) ਵਿਰੁੱਧ ਕੁੱਲ 6 ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਹੈ। ਆਇਦ ਦੋਸ਼ਾਂ 'ਚ ਬੰਧੂਆ ਮਜ਼ਦੂਰੀ ਕਰਵਾਉਣ ਦੀ ਸਾਜਿਸ਼ ਰਚਣ, ਬੰਧੂਆ ਮਜ਼ਦੂਰੀ ਕਰਵਾਉਣਾ, ਆਪਣੇ ਵਿੱਤੀ ਲਾਭ ਲਈ ਵਿਦੇਸ਼ੀ ਨੂੰ ਪਨਾਹ ਦੇਣਾ, ਦਸਤਾਵੇਜ਼ੀ ਗੁਲਾਮੀ, ਦਿਵਾਲੀਆਪਣ ਫਰਾਡ ਲਈ ਸਾਜਿਸ਼ ਰਚਣ ਤੇ ਦਿਵਾਲੀਆਪਣ ਪ੍ਰਕ੍ਰਿਆ ਮੁਕੰਮਲ ਕਰਨ ਲਈ ਝੂਠੇ ਤਬਾਦਲੇ ਕਰਨੇ ਸ਼ਾਮਲ ਹਨ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਇਸ ਪੰਜਾਬੀ ਜੋੜੇ ਨੇ ਮਾਰਚ 2018 ਤੋਂ ਮਈ 2021 ਦਰਮਿਆਨ ਪੀੜਤ ਨੂੰ ਆਪਣੇ ਸਟੋਰ ਵਿਚ ਕਥਿਤ ਤੌਰ 'ਤੇ ਮਜ਼ਦੂਰੀ ਕਰਨ ਤੇ ਹੋਰ ਸੇਵਾਵਾਂ ਦੇਣ ਲਈ ਮਜਬੂਰ ਕੀਤਾ। ਨਿਆਂ ਵਿਭਾਗ ਅਨੁਸਾਰ ਪੀੜਤ ਨੇ ਖਜ਼ਾਨਚੀ, ਖਾਣਾ ਬਣਾਉਣ, ਸਫਾਈ ਕਰਨ ਤੇ ਸਟੋਰ ਰਿਕਾਰਡ ਦਾ ਪ੍ਰਬੰਧ ਕਰਨ ਸਮੇਤ ਹੋਰ ਕਈ ਤਰ੍ਹਾਂ ਦੇ ਕੰਮ ਕੀਤੇ। ਉਸ ਨੂੰ ਮਾੜੇ ਹਾਲਾਤ ਵਿਚ ਰੱਖਿਆ ਗਿਆ ਤੇ ਘੱਟੋ-ਘੱਟ ਤਨਖਾਹ 'ਤੇ ਲੰਬਾ ਸਮਾਂ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਲਾਏ ਦੋਸ਼ਾਂ ਅਨੁਸਾਰ ਜੋੜੇ ਨੇ ਵੀਜ਼ੇ ਦੀ ਮਿਆਦ ਖਤਮ ਹੋਣ ਦੇ ਬਾਵਜੂਦ ਆਪਣੇ ਲਾਭ ਲਈ ਪੀੜਤ ਨੂੰ ਪਨਾਹ ਦਿੱਤੀ। ਜੋੜੇ ਨੂੰ ਸਜ਼ਾ ਬਾਰੇ ਫੈਸਲਾ ਫੈਡਰਲ ਡਿਸਟ੍ਰਿਕਟ ਕੋਰਟ ਜੱਜ ਕਰੇਗਾ। ਇਥੇ ਜ਼ਿਕਰਯੋਗ ਹੈ ਕਿ ਬੰਧੂਆਂ ਮਜ਼ਦੂਰੀ ਲਈ ਵਧ ਤੋਂ ਵਧ 20 ਸਾਲ ਲਈ ਜੇਲ੍ਹ ਹੋ ਸਕਦੀ ਹੈ।






# ਭਾਰਤੀ ਪਾਸਪੋਰਟ ਧਾਰਕ 10 ਦੇਸ਼ਾਂ 'ਚ ਬਿਨਾਂ ਵੀਜ਼ਾ ਕਰ ਸਕਦੇ ਨੇ ਯਾਤਰਾ!

**ਨਵੀਂ ਦਿੱਲੀ, (ਪੰਜਾਬ ਮੇਲ)**-ਵਿਦੇਸ਼ ਜਾਣ ਲਈ ਪਾਸਪੋਰਟ ਅਤੇ ਵੀਜ਼ਾ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਤੁਸੀਂ ਵਿਦੇਸ਼ ਨਹੀਂ ਜਾ ਸਕਦੇ, ਪਰ ਇੱਥੇ ਅਸੀਂ ਤੁਹਾਨੂੰ ਕੁਝ ਅਜਿਹੇ ਦੇਸ਼ਾਂ ਬਾਰੇ ਦੱਸ ਰਹੇ ਹਾਂ, ਜਿੱਥੇ ਤੁਸੀਂ ਬਿਨਾਂ ਵੀਜ਼ਾ ਦੇ ਜਾ ਸਕਦੇ ਹੋ।

1. **ਸੇਂਟ ਲੂਸੀਆ** : ਜੇ ਤੁਸੀਂ 45 ਦਿਨਾਂ ਲਈ ਵਿਦੇਸ਼ ਜਾਣਾ ਚਾਹੁੰਦੇ ਹੋ, ਤਾਂ ਸੇਂਟ ਲੂਸੀਆ ਇੱਕ ਚੰਗਾ ਵਿਕਲਪ ਹੋ ਸਕਦਾ ਹੈ। ਇਸ ਕੈਰੇਬੀਅਨ ਟਾਪੂ ਰਾਜ ਦੇ ਮਨਮੋਹਕ ਕੁਦਰਤੀ ਨਜ਼ਾਰੇ ਸੈਲਾਨੀਆਂ ਨੂੰ ਸੈਰ-ਸਪਾਟੇ ਲਈ ਆਕਰਸ਼ਿਤ ਕਰਦੇ ਹਨ।
2. **ਸੇਸ਼ੇਲਜ਼**: ਸੇਸ਼ੇਲਜ਼ ਅਫ਼ਰੀਕੀ ਦੀਪ ਸਮੂਹ ਵਿਚ ਸਭ ਤੋਂ ਛੋਟਾ ਆਬਾਦੀ ਵਾਲਾ ਦੇਸ਼ ਹੈ। ਤੁਸੀਂ ਬਿਨਾਂ ਵੀਜ਼ਾ ਦੇ ਆਸਾਨੀ ਨਾਲ ਇਸ ਦੇਸ਼ ਦੀ ਯਾਤਰਾ ਕਰ ਸਕਦੇ ਹੋ।
3. **ਮੌਰੀਸ਼ਸ**: ਹਰੇ-ਭਰੇ ਜੰਗਲਾਂ, ਸੁੰਦਰ ਬੀਚਾਂ ਅਤੇ ਜੀਵ-ਜੰਤੂਆਂ ਦੀ ਇੱਕ ਵਿਸ਼ਾਲ ਕਿਸਮ ਨਾਲ ਭਰਿਆ, ਮਾਰੀਸ਼ਸ ਇੱਕ ਅਜਿਹਾ ਦੇਸ਼ ਹੈ, ਜਿੱਥੇ ਤੁਸੀਂ ਬਿਨਾਂ ਵੀਜ਼ਾ ਦੇ ਸਫ਼ਰ ਕਰ ਸਕਦੇ ਹੋ। ਵੀਜ਼ਾ ਆਨ ਅਰਾਈਵਲ ਰਾਹੀਂ ਤੁਸੀਂ ਆਸਾਨੀ ਨਾਲ 60 ਦਿਨਾਂ ਦਾ ਵੀਜ਼ਾ ਪ੍ਰਾਪਤ ਕਰ ਸਕਦੇ ਹੋ।
4. **ਮਾਲਦੀਵ**: ਬਹੁਤ ਸਾਰੇ ਲੋਕ ਮਾਲਦੀਵ ਜਾ ਕੇ ਆਪਣੀਆਂ ਛੁੱਟੀਆਂ ਦਾ ਆਨੰਦ ਲੈਣਾ ਚਾਹੁੰਦੇ ਹਨ। ਇੱਥੇ ਤੁਸੀਂ ਬਿਨਾਂ ਵੀਜ਼ੇ ਦੇ 30 ਦਿਨਾਂ ਲਈ ਆਰਾਮਦਾਇਕ ਛੁੱਟੀਆਂ ਬਿਤਾ ਸਕਦੇ ਹੋ।
5. **ਸਵਾਲਬਾਰਡ**: ਨਾਰਵੇ ਅਤੇ ਉੱਤਰੀ ਧਰੁਵ ਦੇ ਵਿਚਕਾਰ ਸਥਿਤ, ਇਹ ਸਥਾਨ ਨਾਰਵੇਈ ਟਾਪੂਆਂ ਦਾ ਇੱਕ ਸਮੂਹ ਹੈ। ਤੁਸੀਂ ਇੱਥੇ ਬਿਨਾਂ ਵੀਜ਼ਾ ਦੇ ਵੀ ਜਾ ਸਕਦੇ ਹੋ।
6. **ਨੇਪਾਲ**: ਜੇ ਤੁਸੀਂ ਪਹਾੜਾਂ ਦੇ ਦੇਸ਼ ਨੇਪਾਲ ਜਾਣਾ ਚਾਹੁੰਦੇ ਹੋ, ਤਾਂ ਤੁਸੀਂ ਇੱਥੇ 90 ਦਿਨਾਂ ਲਈ ਬਿਨਾਂ ਵੀਜ਼ਾ ਦੇ ਜਾ ਸਕਦੇ ਹੋ।
7. **ਭੂਟਾਨ**: ਭੂਟਾਨ ਜਾਣ ਲਈ ਵੀਜ਼ਾ ਦੀ ਲੋੜ ਨਹੀਂ ਹੈ। ਤੁਸੀਂ ਯਾਤਰਾ ਤੋਂ ਪਹਿਲਾਂ ਜਾਂ ਹਵਾਈ ਅੱਡੇ 'ਤੇ ਪਹੁੰਚਣ 'ਤੇ ਵੀਜ਼ਾ ਪ੍ਰਾਪਤ ਕਰ ਸਕਦੇ ਹੋ।
8. **ਸ਼੍ਰੀਲੰਕਾ**: ਸ਼੍ਰੀਲੰਕਾ ਟਾਪੂਆਂ ਨਾਲ ਭਰਿਆ ਇੱਕ ਖੂਬਸੂਰਤ ਦੇਸ਼ ਹੈ, ਜਿੱਥੇ ਤੁਸੀਂ ਬਿਨਾਂ ਵੀਜ਼ਾ ਦੇ ਘੁੰਮ ਸਕਦੇ ਹੋ। ਜੇ ਤੁਸੀਂ ਘੱਟ ਬਜਟ 'ਚ ਬਿਹਤਰੀਨ ਲੋਕੇਸ਼ਨ ਲੱਭ ਰਹੇ ਹੋ, ਤਾਂ ਸ਼੍ਰੀਲੰਕਾ ਇਕ ਵਧੀਆ ਵਿਕਲਪ ਹੋ ਸਕਦਾ ਹੈ।
9. **ਇੰਡੋਨੇਸ਼ੀਆ**: ਇੰਡੋਨੇਸ਼ੀਆ ਇੱਕ ਸੁੰਦਰ ਦੇਸ਼ ਹੈ। ਇੱਥੇ ਤੁਸੀਂ ਬਿਨਾਂ ਵੀਜ਼ਾ ਦੇ ਵੀ ਸਫਰ ਕਰ ਸਕਦੇ ਹੋ। ਭਾਰਤੀ ਇੰਡੋਨੇਸ਼ੀਆ ਵਿਚ 30 ਦਿਨਾਂ ਤੱਕ ਠਹਿਰਣ ਲਈ ਆਗਮਨ 'ਤੇ ਵੀਜ਼ਾ ਪ੍ਰਾਪਤ ਕਰ ਸਕਦੇ ਹਨ।
10. **ਥਾਈਲੈਂਡ**: ਜੇ ਤੁਸੀਂ ਥਾਈਲੈਂਡ ਜਾਣਾ ਚਾਹੁੰਦੇ ਹੋ, ਤਾਂ ਤੁਸੀਂ ਵੀਜ਼ਾ ਆਨ ਅਰਾਈਵਲ ਦਾ ਲਾਭ ਲੈ ਸਕਦੇ ਹੋ। ਇੱਥੇ ਜਾਣ ਲਈ ਪਹਿਲਾਂ ਤੋਂ ਵੀਜ਼ੇ ਦੀ ਲੋੜ ਨਹੀਂ ਹੈ।




### ਦੁਨੀਆਂ 'ਚ ਸਭ ਤੋਂ ਸ਼ਕਤੀਸ਼ਾਲੀ ਬਣਿਆ ਸਿੰਗਾਪੁਰ ਦਾ ਪਾਸਪੋਰਟ

**ਸਿੰਗਾਪੁਰ, (ਪੰਜਾਬ ਮੇਲ)**- ਸਿੰਗਾਪੁਰ ਦਾ ਪਾਸਪੋਰਟ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਬਣ ਗਿਆ ਹੈ। ਮਤਲਬ ਇਸ ਦੇਸ਼ ਦੇ ਨਾਗਰਿਕ ਬਿਨ੍ਹਾਂ ਵੀਜ਼ਾ 192 ਦੇਸ਼ਾਂ ਦੀ ਯਾਤਰਾ ਕਰ ਸਕਦੇ ਹਨ। ਪਾਸਪੋਰਟ ਦਰਜ਼ਾਬੰਦੀ ਜਾਰੀ ਕਰਨ ਵਾਲੀ ਸੰਸਥਾ ਹੈਨਲੀ ਐਂਡ ਪਾਰਟਨਰਜ਼ ਨੇ 2023 ਲਈ ਹੈਨਲੀ ਪਾਸਪੋਰਟ ਇੰਡੈਕਸ ਜਾਰੀ ਕੀਤਾ ਹੈ।

## ਮਾਣਹਾਨੀ ਮਾਮਲਾ: ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਦੀ ਅਰਜ਼ੀ 'ਤੇ ਗੁਜਰਾਤ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ 'ਮੋਦੀ ਗੋਤ' ਟਿੱਪਣੀ ਵਿਵਾਦ ਨਾਲ ਜੁੜੇ ਮਾਣਹਾਨੀ ਮਾਮਲੇ ਵਿਚ ਗੁਜਰਾਤ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਅਰਜ਼ੀ 'ਤੇ ਗੁਜਰਾਤ ਦੇ ਸਾਬਕਾ ਮੰਤਰੀ ਪੂਰਨੇਸ਼ ਮੋਦੀ ਅਤੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਇਸ ਸਬੰਧੀ ਜਵਾਬ ਮੰਗਿਆ ਹੈ। ਹਾਈ ਕੋਰਟ ਨੇ ਮਾਮਲੇ ਵਿਚ ਰਾਹੁਲ ਵੱਲੋਂ ਦਾਇਰ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿਚ ਉਸ ਨੂੰ ਦੋਸ਼ੀ ਠਹਿਰਾਏ ਜਾਣ ਦੇ ਫ਼ੈਸਲੇ 'ਤੇ ਰੋਕ ਲਾਉਣ ਦੀ ਅਪੀਲ ਕੀਤੀ ਗਈ ਸੀ।

## ਕੇਂਦਰ ਵੱਲੋਂ 2 ਹਜ਼ਾਰ ਦੇ ਨੋਟ ਬਦਲਣ ਸਬੰਧੀ ਆਖ਼ਰੀ ਤਰੀਕ ਅੱਗੇ ਵਧਾਉਣ ਦੀ ਕੋਈ ਤਜਵੀਜ਼ ਨਹੀਂ

**ਨਵੀਂ ਦਿੱਲੀ, (ਪੰਜਾਬ ਮੇਲ)**- ਵਿੱਤ ਮੰਤਰਾਲੇ ਨੇ ਕਿਹਾ ਕਿ 2 ਹਜ਼ਾਰ ਦੇ ਨੋਟ ਬਦਲਣ ਲਈ ਦਿੱਤੀ ਗਈ ਆਖਰੀ ਤਰੀਕ 30 ਸਤੰਬਰ ਤੋਂ ਅੱਗੇ ਵਧਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਲੋਕ ਸਭਾ ਵਿਚ ਲਿਖਤੀ ਜਵਾਬ ਦਾਖਲ ਕਰਦਿਆਂ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਕਿਹਾ ਕਿ 'ਫ਼ਿਲਹਾਲ ਇਹ ਮਾਮਲਾ ਵਿਚਾਰ ਅਧੀਨ ਨਹੀਂ ਹੈ।' ਚੌਧਰੀ ਨੇ ਇਕ ਹੋਰ ਸਵਾਲ ਦੇ ਜਵਾਬ 'ਚ ਕਿਹਾ ਕਿ ਸਰਕਾਰ ਦੀ ਹੋਰ ਵੱਡੇ ਨੋਟ ਬੰਦ ਕਰਨ ਦੀ ਕੋਈ ਯੋਜਨਾ ਨਹੀਂ ਹੈ। ਜ਼ਿਕਰਯੋਗ ਹੈ ਕਿ 10 ਮਈ ਨੂੰ ਰਿਜ਼ਰਵ ਬੈਂਕ ਨੇ ਸਰਕੁਲੇਸ਼ਨ ਵਿਚੋਂ 2 ਹਜ਼ਾਰ ਦੇ ਨੋਟ ਵਾਪਸ ਲੈ ਲਏ ਸਨ ਤੇ ਲੋਕਾਂ ਨੂੰ ਨੋਟ ਬੈਂਕਾਂ ਵਿਚ ਜਮ੍ਹਾਂ ਕਰਾਉਣ ਜਾਂ ਬਦਲਣ ਲਈ 30 ਸਤੰਬਰ ਤੱਕ ਦਾ ਸਮਾਂ ਦਿੱਤਾ ਸੀ। 30 ਜੂਨ ਤੱਕ ਕਰੀਬ 84,000 ਕਰੋੜ ਰੁਪਏ ਦੇ 2000 ਦੇ ਨੋਟ ਸਰਕੁਲੇਸ਼ਨ ਵਿਚ ਸਨ।




# ਇਸ ਸਾਲ ਜੂਨ ਤੱਕ 87 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਛੱਡੀ ਨਾਗਰਿਕਤਾ: ਵਿਦੇਸ਼ ਮੰਤਰੀ ਐਸ ਜੈਸ਼ੰਕਰ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਸੰਸਦ ਦੇ ਮਾਨਸੂਨ ਸੈਸ਼ਨ ਦੇ ਦੂਜੇ ਦਿਨ, ਭਾਰਤੀ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਹੇਠਲੇ ਸਦਨ ਲੋਕ ਸਭਾ ਨੂੰ ਸੂਚਿਤ ਕੀਤਾ ਕਿ ਇਸ ਸਾਲ ਜੂਨ ਤੱਕ 87,026 ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਹੈ।

ਲੋਕ ਸਭਾ ਵਿਚ ਇੱਕ ਲਿਖਤੀ ਜਵਾਬ ਵਿਚ ਵਿਦੇਸ਼ ਮੰਤਰੀ ਨੇ ਕਿਹਾ ਕਿ 2011 ਤੋਂ ਹੁਣ ਤੱਕ 17,50,000 ਤੋਂ ਵੱਧ ਲੋਕਾਂ ਨੇ ਆਪਣੀ ਭਾਰਤੀ ਨਾਗਰਿਕਤਾ ਛੱਡ ਦਿੱਤੀ ਹੈ। ਜੈਸ਼ੰਕਰ ਨੇ 2011 ਤੋਂ ਬਾਅਦ ਦੇ ਸਾਲਾਂ ਵਿਚ ਆਪਣੀ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਬਾਰੇ ਵਿਸਤ੍ਰਿਤ ਅੰਕੜੇ ਪੇਸ਼ ਕੀਤੇ।



ਉਨ੍ਹਾਂ ਕਿਹਾ ਕਿ 2,25,620 ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਹੈ। 2022 'ਚ 1,63,370, 2021 'ਚ 85,256, 2020 'ਚ 1,44,017, 2019 'ਚ 1,34,561, 2018 'ਚ 1,33,049, 2017 'ਚ 1,41,603, 2016 'ਚ 1,31,489, 2015 'ਚ 1,29,328, 2014 'ਚ 1,31,405, 2013 'ਚ 1,20,923, 2012 'ਚ ਅਤੇ 2011 'ਚ 1,22,819, ਮੰਤਰੀ ਨੇ ਕਿਹਾ, "ਪਿਛਲੇ ਦੋ ਦਹਾਕਿਆਂ ਵਿਚ ਇੱਕ ਗਲੋਬਲ ਕੰਮ ਵਾਲੀ ਥਾਂ ਦੀ ਭਾਲ ਕਰਨ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ ਬਹੁਤ ਜ਼ਿਆਦਾ ਰਹੀ ਹੈ। ਉਨ੍ਹਾਂ ਵਿਚੋਂ ਕਈਆਂ ਨੇ ਨਿੱਜੀ ਸਹੂਲਤ ਦੇ ਕਾਰਨ ਵਿਦੇਸ਼ੀ ਨਾਗਰਿਕਤਾ ਦੀ ਚੋਣ ਕੀਤੀ ਹੈ।"



# ਕੈਨੇਡਾ 'ਚ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਦੀ ਅਰਜ਼ੀਆਂ ਦਾ ਕੋਟਾ ਪੂਰਾ

**ਟੋਰਾਂਟੋ, (ਪੰਜਾਬ ਮੇਲ)-** ਅਮਰੀਕਾ ਦੇ 10 ਹਜ਼ਾਰ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਦੇਸ਼ 'ਚ ਆਉਣ ਤੇ ਕੰਮ ਕਰਨ ਦੀ ਇਜਾਜ਼ਤ ਦੇਣ ਦੇ ਕੈਨੇਡਾ ਸਰਕਾਰ ਦੇ ਫ਼ੈਸਲੇ ਨਾਲ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਮਿਲਣਾ ਤੈਅ ਹੈ। ਇਸ ਯੋਜਨਾ ਤਹਿਤ ਪਹਿਲੇ ਹੀ ਦਿਨ ਅਰਜ਼ੀਆਂ ਦਾ ਟੀਚਾ ਪੂਰਾ ਹੋ ਜਾਣ ਨਾਲ ਕੈਨੇਡਾ ਸਰਕਾਰ ਕਾਫ਼ੀ ਉਤਸ਼ਾਹਤ ਹੈ। ਦੇਸ਼ 'ਚ ਉੱਚ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੀ ਕਮੀ ਕਾਰਨ ਕੈਨੇਡਾ ਨੇ ਹਾਲੀਆ ਇਸ ਯੋਜਨਾ ਦਾ ਐਲਾਨ ਕੀਤਾ ਸੀ।




ਕੈਨੇਡਾ ਸਰਕਾਰ ਨੇ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਲਈ ਨਵਾਂ ਵਰਕ ਪਰਮਿਟ ਰਸਮੀ ਤੌਰ 'ਤੇ 16 ਜੁਲਾਈ ਨੂੰ ਅਪਲਾਈ ਕਰਨ ਲਈ ਖੋਲ੍ਹਿਆ ਸੀ। ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਕੈਨੇਡਾ (ਆਈ.ਆਰ.ਸੀ.ਸੀ.) ਦਾ ਕਹਿਣਾ ਹੈ ਕਿ ਬਿਨੈਕਾਰ ਹੁਣ ਇਸ ਯੋਜਨਾ ਲਈ ਅਪਲਾਈ ਨਹੀਂ ਕਰ ਸਕਦੇ ਕਿਉਂਕਿ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। ਆਈ.ਆਰ.ਸੀ.ਸੀ. ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਅਸੀਂ 17 ਜੁਲਾਈ, 2023 ਨੂੰ ਇਸ ਪਹਿਲ ਲਈ 10 ਹਜ਼ਾਰ ਅਰਜ਼ੀਆਂ ਦੀ ਹੱਦ ਤੱਕ ਪੁੱਜ ਗਏ। ਹੁਣ ਕੋਈ ਹੋਰ ਅਰਜ਼ੀ ਸਵੀਕਾਰ ਨਹੀਂ ਕੀਤੀ ਜਾ ਰਹੀ। ਯੋਜਨਾ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰ ਨੂੰ ਵੀ ਅਧਿਐਨ ਤੇ ਵਰਕ ਪਰਮਿਟ ਜਾਰੀ ਕੀਤਾ ਜਾ ਸਕਦਾ ਹੈ। ਉਹ ਕੈਨੇਡਾ 'ਚ ਆਰਜ਼ੀ ਨਿਵਾਸ ਲਈ ਅਪਲਾਈ ਕਰ ਸਕਦੇ ਹਨ।

## 'ਐੱਨ.ਆਰ.ਆਈ. ਜਾਇਦਾਦ ਬਚਾਓ ਐਕਸਨ ਕਮੇਟੀ' ਵੱਲੋਂ ਐੱਸ.ਐੱਸ.ਪੀ. ਲੁਧਿਆਣਾ ਦਫ਼ਤਰ ਦੇ ਘਿਰਾਓ ਲਈ ਬੈਠਕ

**ਜਗਰਾਓਂ, (ਦਲਜੀਤ ਕੌਰ/ ਪੰਜਾਬ ਮੇਲ)-** ਐੱਨ.ਆਰ.ਆਈ. ਪਰਿਵਾਰ ਦੀ ਸੁੰਨੀ ਪਈ ਕੋਠੀ 'ਤੇ ਜਾਅਲਸਾਜ਼ੀ ਤਰੀਕੇ ਨਾਲ ਕਬਜ਼ਾ ਕਰਕੇ ਇੰਤਕਾਲ ਕਰਵਾਉਣ, ਕੋਠੀ ਵਿਚ ਪਏ ਸਮਾਨ ਨੂੰ ਚੋਰੀ ਕਰਨ ਅਤੇ ਕੋਠੀ ਦੀ ਬਾਕੀ 11 ਵਿਸਵੇ ਜਗ੍ਹਾ ਵਿਚ ਤੋੜ-ਫੋੜ ਕਰਕੇ ਨਾਜਾਇਜ਼ ਉਸਾਰੀ ਕਰਨ ਲਈ ਜ਼ਿੰਮੇਵਾਰ ਸਥਾਨਕ ਐੱਮ.ਐੱਲ.ਏ. ਬੀਬੀ ਸਰਬਜੀਤ ਕੌਰ ਮਾਣੂੰਕੇ, ਉਨ੍ਹਾਂ ਦੇ ਪਤੀ ਪ੍ਰੋ: ਸੁਖਵਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਕਰਮ ਸਿੰਘ ਸਿੱਧੂ, ਅਸ਼ੋਕ ਕੁਮਾਰ ਅਤੇ ਇਸ ਨਾਲ ਸਬੰਧਿਤ ਅਧਿਕਾਰੀਆਂ 'ਤੇ ਕਾਰਵਾਈ ਕਰਵਾਉਣ ਲਈ 'ਐੱਨ.ਆਰ.ਆਈ. ਜਾਇਦਾਦ ਬਚਾਓ ਐਕਸ਼ਨ ਕਮੇਟੀ' ਵੱਲੋਂ ਐਲਾਨੇ 31 ਜੁਲਾਈ ਦੇ ਐੱਸ.ਐੱਸ.ਪੀ. ਲੁਧਿਆਣਾ ਦਿਹਾਤੀ ਦੇ ਦਫ਼ਤਰ ਦਾ ਘਿਰਾਓ ਕਰਨ ਦੇ ਸੱਦੇ ਦਾ ਜਾਇਜ਼ਾ ਲੈਣ ਸਬੰਧੀ ਐਕਸ਼ਨ ਕਮੇਟੀ ਦੀ ਮੀਟਿੰਗ ਅਵਤਾਰ ਸਿੰਘ ਰਸੂਲਪੁਰ ਦੀ ਪ੍ਰਧਾਨਗੀ ਹੇਠ ਹੋਈ।

# ਕੈਨੇਡਾ 'ਚ ਵਾਹਨ ਚੋਰੀ ਦੇ ਮਾਮਲੇ 'ਚ 15 ਗ੍ਰਿਫ਼ਤਾਰ; ਗ੍ਰਿਫ਼ਤਾਰ ਲੋਕਾਂ 'ਚ ਵਧੇਰੇ ਭਾਰਤੀ




**ਟੋਰਾਂਟੋ, (ਪੰਜਾਬ ਮੇਲ)-** ਪੀਲ ਪੁਲਿਸ ਨੇ ਲੋਡਿਡ ਵਪਾਰਕ ਵਾਹਨਾਂ ਨੂੰ ਚੋਰੀ ਕਰਕੇ ਅਤੇ ਫਿਰ ਅਣਜਾਣੇ ਖਰੀਦਦਾਰਾਂ ਨੂੰ ਵੇਚਣ ਦੇ ਮਾਮਲੇ ਵਿਚ ਆਟੋ ਚੋਰੀ ਗਿਰੋਹ ਦੇ 15 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚ ਵਧੇਰੇ ਭਾਰਤੀ ਹਨ। ਪੁਲਿਸ ਦਾ ਕਹਿਣਾ ਹੈ ਕਿ ਪ੍ਰਾਜੈਕਟ ਬਿਗ ਰਿਗ ਵਜੋਂ ਜਾਣੀ ਜਾਂਦੀ ਤਫ਼ਤੀਸ਼ ਮਾਰਚ 'ਚ ਸ਼ੁਰੂ ਹੋਈ ਸੀ ਅਤੇ ਪੀਲ ਰਿਜਨਲ ਪੁਲਿਸ, ਯਾਰਕ ਰਿਜਨਲ ਪੁਲਿਸ, ਟੋਰਾਂਟੋ ਪੁਲਿਸ ਸਰਵਿਸ, ਹਾਲਟਨ ਰਿਜਨਲ ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵਿਚਕਾਰ ਇਕ ਸੰਯੁਕਤ-ਫੋਰਸ ਆਪ੍ਰੇਸ਼ਨ ਸੀ।

ਇਸ ਆਪ੍ਰੇਸ਼ਨ ਸਬੰਧੀ ਪੀਲ ਪੁਲਿਸ ਵੱਲੋਂ ਇਕ ਕਾਨਫਰੰਸ ਕੀਤੀ ਗਈ। ਇਸ ਦੌਰਾਨ ਡੀਟ ਨੇ ਕਿਹਾ ਇਸ ਜਾਂਚ ਦੇ ਨਤੀਜੇ ਵਜੋਂ ਜੀ.ਟੀ.ਏ. ਦੇ ਅੰਦਰ ਛੇ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਵਾਰੰਟ ਲਾਗੂ ਕੀਤੇ ਗਏ ਸਨ। ਜਾਂਚ ਕਰਨ ਵਾਲੀ ਟੀਮ ਦੀ ਸਖ਼ਤ ਮਿਹਨਤ ਦੇ ਜ਼ਰੀਏ 6.99 ਮਿਲੀਅਨ ਡਾਲਰ ਦੀ ਕੀਮਤ ਦੇ ਚੋਰੀ ਹੋਏ ਮਾਲ ਦੇ 28 ਕੰਟੇਨਰ ਬਰਾਮਦ ਹੋਏ ਹਨ। 2.25 ਮਿਲੀਅਨ ਡਾਲਰ ਦੀ ਕੀਮਤ ਦੇ ਇਕ ਵਾਧੂ 28 ਚੋਰੀ ਹੋਏ ਟਰੈਕਟਰ ਅਤੇ ਟਰੇਲਰ ਬਰਾਮਦ ਕੀਤੇ ਗਏ ਹਨ। ਰਿਕਵਰੀ ਦਾ ਕੁੱਲ ਮੁੱਲ 9.24 ਮਿਲੀਅਨ ਡਾਲਰ ਹੈ।

ਪੀਲ ਰਿਜਨਲ ਪੁਲਿਸ ਦੇ ਡਿਪਟੀ ਚੀਫ਼ ਨਿਕ ਮਿਲਿਨੋਵਿਚ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਵੱਡੇ ਆਵਾਜਾਈ ਕੇਂਦਰਾਂ ਵਿਚੋਂ ਇਕ ਹੋਣ ਦੇ ਨਾਤੇ, ਪੀਲ ਖੇਤਰ ਅਕਸਰ ਸੰਗਠਿਤ ਵਪਾਰਕ ਆਟੋ ਅਤੇ ਕਾਰਗੋ ਚੋਰੀ ਦਾ ਨਿਸ਼ਾਨਾ ਬਣਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਖੇਤਰ ਵਿਚੋਂ ਲੰਘਣ ਵਾਲੇ ਪੰਜ ਪ੍ਰਮੁੱਖ ਰਾਜਮਾਰਗਾਂ ਦੇ ਜ਼ਰੀਏ ਲਗਭਗ 1.8 ਬਿਲੀਅਨ ਡਾਲਰ ਦਾ ਸਾਮਾਨ ਹਰ ਰੋਜ਼ ਸਾਡੇ ਖੇਤਰ ਵਿਚੋਂ ਲੰਘਦਾ ਹੈ ਅਤੇ ਅਕਸਰ ਅਸੀਂ ਦੇਖਦੇ ਹਾਂ ਕਿ ਕਾਰਗੋ ਚੋਰੀ ਅਤੇ ਆਟੋ ਚੋਰੀ ਦੀ ਕਮਾਈ ਨੂੰ ਸੰਗਠਿਤ ਅਪਰਾਧ ਨੂੰ ਵਧਾਉਣ ਅਤੇ ਫੰਡ ਦੇਣ ਲਈ ਵਰਤਿਆ ਜਾਂਦਾ ਹੈ।

# ਮਨੀਪੁਰ ਦੀਆਂ ਸਾਰੀਆਂ ਘਟਨਾਵਾਂ 'ਤੇ ਕੇਂਦਰੀ ਏਜੰਸੀਆਂ ਦੀ ਨਜ਼ਰ; 6 ਹਜ਼ਾਰ ਕੇਸ ਦਰਜ: ਸਰਕਾਰੀ ਸੂਤਰ

**ਇੰਫਾਲ, (ਪੰਜਾਬ ਮੇਲ)-** ਮਨੀਪੁਰ 'ਚ ਦੋ ਔਰਤਾਂ ਦੀ ਨਗਨ ਪਰੇਡ ਕਰਨ ਦੇ ਮਾਮਲੇ 'ਚ ਪੰਜਵੇਂ ਦੋਸ਼ੀ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਬੀਤੇ ਸ਼ੁੱਕਰਵਾਰ ਤੱਕ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। 19 ਜੁਲਾਈ ਨੂੰ ਸਾਹਮਣੇ ਆਈ ਇੱਕ ਵੀਡੀਓ ਵਿਚ ਪੁਰਸ਼ਾਂ ਦੇ ਇੱਕ ਸਮੂਹ ਵੱਲੋਂ ਦੋ ਔਰਤਾਂ ਨੂੰ ਬਿਨ੍ਹਾਂ ਕੱਪੜਿਆਂ ਤੋਂ ਪਰੇਡ ਕਰਵਾਈ ਗਈ ਸੀ। ਜਦੋਂ ਇਹ ਵੀਡੀਓ ਸਾਹਮਣੇ ਆਇਆ ਤਾਂ ਇਸ ਸ਼ਰਮਨਾਕ ਘਟਨਾ ਦੀ ਦੇਸ਼ ਭਰ ਵਿਚ ਆਲੋਚਨਾ ਹੋ ਰਹੀ ਹੈ।

ਸਰਕਾਰੀ ਏਜੰਸੀਆਂ ਅਤੇ ਸੁਰੱਖਿਆ ਬਲਾਂ ਨੇ ਰਾਜ ਵਿਚ ਜਾਤੀ ਟਕਰਾਅ ਦੇ ਮੱਦੇਨਜ਼ਰ ਦੋ ਔਰਤਾਂ ਦੇ ਜਿਨਸੀ ਸ਼ੋਸ਼ਣ ਅਤੇ ਨਗਨ ਰੂਪ ਵਿਚ ਪਰੇਡ ਕੀਤੇ ਜਾਣ ਦੇ ਵੀਡੀਓ ਨੂੰ ਲੈ ਕੇ ਗੁੱਸੇ ਦੇ ਵਿਚਕਾਰ ਮਨੀਪੁਰ ਵਿਚ ਸਾਰੀਆਂ ਘਟਨਾਵਾਂ ਦੀ ਜਾਂਚ ਤੇਜ਼ ਕਰ ਦਿੱਤੀ ਹੈ। ਅਧਿਕਾਰਤ ਸੂਤਰਾਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। 3 ਮਈ ਨੂੰ ਸ਼ੁਰੂ ਹੋਈ ਹਿੰਸਕ ਝੜਪ ਤੋਂ ਬਾਅਦ ਏਜੰਸੀਆਂ ਨੇ ਡਿਜੀਟਲ ਪਲੇਟਫਾਰਮ 'ਤੇ ਆਪਣੀ ਨਿਗਰਾਨੀ ਸਖਤ ਕਰ ਦਿੱਤੀ ਹੈ। ਹੁਣ ਤੱਕ 6,000 ਤੋਂ ਵੱਧ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸਰਕਾਰੀ ਜਾਇਦਾਦ ਨੂੰ ਅੱਗ ਲਗਾਉਣ ਅਤੇ ਨੁਕਸਾਨ ਪਹੁੰਚਾਉਣ ਦੇ ਹਨ।



ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਜਿਵੇਂ ਕਿ ਅਸੀਂ ਆਪਣੇ ਨਿਗਰਾਨੀ ਦੇ ਯਤਨਾਂ ਵਿਚ ਵਾਧਾ ਕੀਤਾ ਹੈ, ਅਸੀਂ ਬਹੁਤ ਸਾਰੇ ਸੰਭਾਵੀ ਤੌਰ 'ਤੇ ਭੜਕਾਊ ਦਾਅਵਿਆਂ ਨੂੰ ਫੈਲਣ ਤੋਂ ਪਹਿਲਾਂ ਹੀ ਰੋਕਣ ਵਿਚ ਕਾਮਯਾਬ ਹੋਏ ਹਾਂ।"

ਉਨ੍ਹਾਂ ਨੇ ਅੱਗੇ ਕਿਹਾ ਕਿ, 'ਰਣਨੀਤੀ ਦਾ ਉਦੇਸ਼ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵਿਸ਼ੇਸ਼ ਫੋਕਸ ਦੇ ਨਾਲ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣਾ ਹੈ। ਮਨੀਪੁਰ ਵਿਚ ਅਜਿਹੀਆਂ ਕਥਿਤ ਘਟਨਾਵਾਂ ਵਿਚ ਵਾਧਾ ਹੋਇਆ ਹੈ। ਕਾਰਵਾਈ ਕਰਨ ਤੋਂ ਪਹਿਲਾਂ ਫੁਟੇਜ ਦੀ ਪ੍ਰਮਾਣਿਕਤਾ ਦੀ ਜਾਂਚ ਕੀਤੀ ਜਾ ਰਹੀ ਹੈ।\



# ਅਮਰੀਕਾ ਤੇ ਬ੍ਰਿਟੇਨ ਵੱਲੋਂ ਮਨੀਪੁਰ 'ਚ ਵਾਪਰੀ ਘਟਨਾ ਦੀ ਨਿੰਦਾ

**■ ਅਮਰੀਕਾ ਨੇ ਕਿਹਾ: ਘਟਨਾ ਵਹਿਸ਼ੀਆਨਾ ਅਤੇ ਖ਼ੌਫਨਾਕ**
**■ ਮਨੀਪੁਰ ਹਿੰਸਾ ਪੂਰੀ ਤਰ੍ਹਾਂ ਯੋਜਨਾਬੱਧ : ਬ੍ਰਿਟੇਨ**

**ਵਾਸ਼ਿੰਗਟਨ/ਲੰਡਨ, (ਪੰਜਾਬ ਮੇਲ)**-ਅਮਰੀਕਾ ਨੇ ਭਾਰਤ ਦੇ ਉੱਤਰ-ਪੂਰਬੀ ਸੂਬੇ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਵਾਇਰਲ ਹੋਈ ਵੀਡੀਓ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਘਟਨਾ ਨੂੰ ਭਿਆਨਕ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਘਟਨਾ ਦੋ ਮਹੀਨੇ ਪਹਿਲਾ ਵਾਪਰੀ ਸੀ ਪਰ ਪਿਛਲੇ ਹਫ਼ਤੇ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਇਹ ਕੌਮੀ ਤੇ ਕੌਮਾਂਤਰੀ ਮਸਲਾ ਬਣ ਗਿਆ ਹੈ। ਪੁਲਿਸ ਨੇ ਇਸ ਮਾਮਲੇ 'ਚ ਕੁਝ ਗ੍ਰਿਫ਼ਤਾਰੀਆਂ ਵੀ ਕੀਤੀਆਂ ਹਨ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਇਸ ਘਟਨਾ ਨੂੰ 'ਵਹਿਸ਼ੀਆਨਾ' ਤੇ 'ਖ਼ੌਫ਼ਨਾਕ' ਕਰਾਰ ਦਿੰਦਿਆਂ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਭਾਰਤ ਨੂੰ ਮਨੀਪੁਰ ਹਿੰਸਾ ਦਾ ਹੱਲ ਸ਼ਾਂਤੀਪੂਰਨ ਢੰਗ ਨਾਲ ਤੇ ਗੱਲਬਾਤ ਰਾਹੀਂ ਕੱਢਣ ਲਈ ਕਿਹਾ ਹੈ ਅਤੇ ਅਧਿਕਾਰੀਆਂ ਨੂੰ ਸਾਰੇ ਵਰਗਾਂ, ਘਰਾਂ ਅਤੇ ਧਾਰਮਿਕ ਥਾਵਾਂ ਦੀ ਸੁਰੱਖਿਆ ਕਰਦਿਆਂ ਮਨੁੱਖੀ ਜ਼ਰੂਰਤਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੀ ਵਿਸ਼ੇਸ਼ ਦੂਤ ਤੇ ਸੰਸਦ ਮੈਂਬਰ ਫਿਓਨਾ ਬਰੂਸ ਨੇ ਮਨੀਪੁਰ ਦਾ ਮੁੱਦਾ ਹਾਊਸ ਆਫ ਕਾਮਨਜ਼ 'ਚ ਚੁੱਕਦਿਆਂ ਕਿਹਾ ਕਿ ਮਨੀਪੁਰ ਹਿੰਸਾ ਪਹਿਲਾਂ ਤੋਂ ਤੈਅ ਤੇ ਪੂਰੀ ਤਰ੍ਹਾਂ ਯੋਜਨਾਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਨੀਪੁਰ 'ਚ ਹੁਣ ਤੱਕ ਸੈਂਕੜੇ ਚਰਚ ਸਾੜੇ ਜਾ ਚੁੱਕੇ ਹਨ ਤੇ ਇਸ ਮੁੱਦੇ ਦੀ ਖੁੱਲ੍ਹ ਕੇ ਰਿਪੋਰਟਿੰਗ ਨਹੀਂ ਹੋ ਰਹੀ। ਉਨ੍ਹਾਂ ਬੀ.ਬੀ.ਸੀ. ਦੇ ਸਾਬਕਾ ਰਿਪੋਰਟਰ ਡੇਵਿਡ ਕੈਂਪਾਨੇਲ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਮਨੀਪੁਰ 'ਚ ਸੈਂਕੜੇ ਚਰਚ ਸਾੜੇ ਜਾਣ ਤੋਂ ਇਲਾਵਾ ਸੌ ਤੋਂ ਵੱਧ ਲੋਕ ਕਤਲ ਕੀਤੇ ਜਾ ਚੁੱਕੇ ਹਨ ਤੇ 50 ਹਜ਼ਾਰ ਤੋਂ ਵੱਧ ਲੋਕ ਬੇਘਰੇ ਹੋਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਤੇ ਮਦਰੱਸਿਆਂ ਨੂੰ ਵੀ ਮਿੱਥ ਕੇ ਤੇ ਯੋਜਨਾਬੰਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਚਰਚ ਕਮਿਸ਼ਨਰਜ਼ ਦੇ ਨੁਮਾਇੰਦੇ ਤੇ ਸੰਸਦ ਮੈਂਬਰ ਐਂਡ੍ਰਿਊ ਸੇਲੌਸ ਨੇ ਕਿਹਾ ਕਿ ਇਹ ਰਿਪੋਰਟ ਆਰਚਬਿਸ਼ਪ ਦੇ ਧਿਆਨ 'ਚ ਲਿਆਂਦੀ ਜਾਵੇਗੀ।

# ਕੈਲੀਫੋਰਨੀਆ 'ਚ ਪੰਜਾਬੀ ਨੌਜਵਾਨ ਦੀ ਝੀਲ 'ਚ ਡੁੱਬਣ ਕਾਰਨ ਮੌਤ

**■ ਦੋ ਭੈਣਾਂ ਦਾ ਇਕਲੌਤਾ ਭਰਾ ਸੀ**



**ਫਰਿਜ਼ਨੋ, (ਪੰਜਾਬ ਮੇਲ)**-ਕੈਲੀਫੋਰਨੀਆ 'ਚ ਸਥਿਤ ਮਿਲਟਨ ਝੀਲ 'ਚ ਪੰਜਾਬੀ ਨੌਜਵਾਨ ਹਸ਼ਨਪ੍ਰੀਤ ਸਿੰਘ (22) ਦੀ ਡੁੱਬਣ ਕਾਰਨ ਮੌਤ ਹੋ ਗਈ ਹੈ। ਬਨੂੜ ਨੇੜਲੇ ਪਿੰਡ ਮੁਠਿਆੜਾਂ ਦੇ ਹਸ਼ਨਪ੍ਰੀਤ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਡੇਢ ਸਾਲ ਪਹਿਲਾਂ ਦਸੰਬਰ 2021 ਵਿਚ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ।

ਇਸ ਬਾਰੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਸ਼ਨਪ੍ਰੀਤ ਸਿੰਘ ਬੀਤੇ ਦਿਨੀਂ ਆਪਣੇ ਦੋਸਤਾਂ ਨਾਲ ਮਿਲਟਨ ਝੀਲ 'ਤੇ ਘੁੰਮਣ ਗਿਆ ਸੀ, ਜਿੱਥੇ ਉਸ ਦਾ ਪੈਰ ਤਿਲਕ ਗਿਆ ਤੇ ਉਹ ਝੀਲ ਵਿਚ ਡਿੱਗ ਗਿਆ। ਇਸ ਦੌਰਾਨ ਗੋਤਾਖੋਰਾਂ ਨੇ ਉਸ ਨੂੰ ਤੁਰੰਤ ਬਾਹਰ ਕੱਢ ਕੇ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਹਸ਼ਨਪ੍ਰੀਤ ਸਿੰਘ ਦੀ ਮੌਤ ਹੋ ਗਈ।

ਦੱਸ ਦਈਏ ਕਿ ਡੇਢ ਕੁ ਮਹੀਨਾ ਪਹਿਲਾਂ ਹੀ ਹਸ਼ਨਪ੍ਰੀਤ ਦੇ ਪਿਤਾ ਕਸ਼ਮੀਰ ਸਿੰਘ ਦੀ ਭਾਖੜਾ ਨਹਿਰ ਵਿਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਸ ਪਿੱਛੋਂ ਹਸ਼ਨਪ੍ਰੀਤ ਹੀ ਆਪਣੀ ਮਾਂ ਦਾ ਸਹਾਰਾ ਸੀ।

# ਅਮਰੀਕਾ ਦੀ ਪ੍ਰਸਿੱਧ ਸਿਆਨਾ ਸੰਸਥਾ ਨੇ 50 ਸਾਲਾ ਸਾਲਾਨਾ ਸਿੱਖ ਗੁਰਮਤਿ ਕੈਂਪ ਲਗਾਇਆ

**■ ਵਿਦੇਸ਼ 'ਚ ਸਿੱਖ ਨੌਜਵਾਨਾਂ ਨੂੰ ਸਿੱਖੀ ਨਾਲ ਜੁੜੇ ਰਹਿਣ ਦੇ ਉਪਾਰਾਲੇ ਨੇ ਪੂਰੇ ਕੀਤੇ 50 ਸਾਲ**



ਸਿਆਨਾ ਗੁਰਮਤਿ ਕੈਂਪ 'ਚ ਭਾਗ ਲੈਣ ਵਾਲੇ ਵੱਖ-ਵੱਖ ਗਰੁੱਪਾਂ ਦੇ ਨੌਜਵਾਨ ਅਤੇ ਸੇਵਾਦਾਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸਿੱਖ ਨੌਜਵਾਨਾਂ ਵਿਚ ਅਧਿਆਤਮਿਕ ਚੇਤਨਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਪੈਦਾ ਕਰਨ ਲਈ, ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਸੰਸਥਾ ਨੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਫੈਂਟਨ ਦੇ ਵਾਏ.ਐੱਮ.ਸੀ.ਏ ਦੇ ਕੈਂਪ ਕੋਪਨੇਕੋਨਿਕ ਵਿਚ ਇੱਕ ਹਫ਼ਤੇ ਲਈ ਗੁਰਮਤਿ ਕੈਂਪ ਲਗਾਇਆ। ਇਸ ਸਾਲਾਨਾ ਕੈਂਪ ਦੇ 50ਵੇਂ ਸਾਲ ਵਿਚ ਸ਼ਾਮਲ ਹੋਣ ਵਾਲੇ ਬੱਚਿਆਂ ਅਤੇ ਸੇਵਾਦਾਰਾਂ ਵੱਲੋਂ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ, ਜੋ ਕਿ ਬਹੁਤ ਹੀ ਉਤਸੁਕਤਾ ਨਾਲ ਸਿੱਖ ਧਰਮ ਦੀਆਂ ਸਿੱਖਿਆਵਾਂ ਵਿਚ ਲੀਨ ਹੋ ਗਏ। ਸਿਆਨਾ ਸੰਸਥਾ ਦੇ ਸੰਸਥਾਪਕ ਅਤੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਸਾਲਾਨਾ ਕੈਂਪ ਦਾ ਉਦੇਸ਼ ਪੂਰੇ ਉੱਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਨੂੰ ਇੱਕ ਅਜਿਹੇ ਮਾਹੌਲ ਵਿਚ ਲਿਆਉਣਾ ਹੈ, ਜਿੱਥੇ ਸਿੱਖੀ ਜੀਵਨ ਦਾ ਅਨੁਭਵ ਕੀਤਾ ਜਾ ਸਕੇ। ਪਿਛਲੇ 50 ਸਾਲਾਂ ਤੋਂ ਸਿੱਖ ਬੱਚਿਆਂ ਲਈ ਗਰਮੀਆਂ ਵਿਚ ਇੱਕ ਹਫ਼ਤੇ ਲਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਨੇ ਸਾਡੇ ਸਿੱਖ ਪੰਥ ਦੇ ਨੌਜਵਾਨ ਮੈਂਬਰਾਂ ਨੂੰ ਕੀਰਤਨ, ਪਾਠ, ਗੁਰਮਤਿ, ਇਤਿਹਾਸ ਅਤੇ ਸਭ ਤੋਂ ਮਹੱਤਵਪੂਰਨ ਗੁਰੂ-ਮੁਖੀ ਸੰਗਤ ਪ੍ਰਦਾਨ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, "ਸਿੱਖ ਧਰਮ ਦੀਆਂ ਪ੍ਰੇਰਨਾਦਾਇਕ ਪ੍ਰੰਪਰਾਵਾਂ ਵਿਚ ਲੀਨ ਹੋ ਕੇ, ਇਹ ਨੌਜਵਾਨ ਸਿੱਖੀ ਦੇ ਰਾਹ 'ਤੇ ਚੱਲਦੇ ਰਹਿਣ ਅਤੇ ਸਿੱਖੀ ਲਈ ਆਪਣੇ ਪਿਆਰ ਨੂੰ ਹੋਰ ਉਤਸ਼ਾਹਿਤ ਕਰਨ ਦੀ ਉਮੀਦ ਵਿਚ ਗੁਰੂ ਦੇ ਸੰਦੇਸ਼ ਦੀ ਝਲਕ ਪਾਉਂਦੇ ਹਨ। ਇਹ ਕੈਂਪ ਉਨ੍ਹਾਂ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਸੰਗਤ ਰਾਹੀਂ ਅਧਿਆਤਮਿਕ ਅਨੁਭਵ ਨੂੰ ਮਜ਼ਬੂਤ ਕਰਦੇ ਹਨ"। ਕੈਂਪ ਵਿਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਤੋਂ 8 ਤੋਂ 18 ਸਾਲ ਦੀ ਉਮਰ ਦੇ 130 ਤੋਂ ਵੱਧ ਸਿੱਖ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।

ਇਸ ਸਾਲ ਦਾ ਥੀਮ ਸ਼ਬਦ ਸੀ "ਸਿਮਰਿ ਮਨਾ ਰਾਮ ਨਾਮੁ ਚਿਤਾਰੇ॥" ਗੁਰਮਤਿ ਕੈਂਪ ਦੇ 50 ਸਾਲ ਪੂਰੇ ਹੋਣ ਨਾਲ ਇਹ ਸਾਲ ਵੀ ਵਿਸ਼ੇਸ਼ ਰਿਹਾ। 1980 ਅਤੇ 90 ਦੇ ਦਹਾਕੇ ਦੇ ਬਹੁਤ ਸਾਰੇ ਪੁਰਾਣੇ ਕੈਂਪਰ, ਜੋ ਹੁਣ ਸੇਵਾਦਾਰ ਅਤੇ ਪ੍ਰਬੰਧਕ ਹਨ, ਨੇ ਕੈਂਪ ਦੇ ਸੰਸਥਾਪਕ ਕੁਲਦੀਪ ਸਿੰਘ, ਪਤਨੀ ਅਰਮਿੰਦਰ ਕੌਰ ਅਤੇ 1985 ਤੋਂ ਲਗਾਤਾਰ ਸੇਵਾ ਨਿਭਾਂ ਰਹੇ ਡਾ. ਅਮਰਜੀਤ ਸਿੰਘ ਅਤੇ ਪਤਨੀ ਡਾ. ਅਮਰਜੀਤ ਕੌਰ ਦਾ ਧੰਨਵਾਦ ਅਤੇ ਸਨਮਾਨ ਕੀਤਾ। ਕੈਂਪ ਵਿਚ ਸ਼ਾਮਲ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਕਿਵੇਂ 1970 ਦੇ ਦਹਾਕੇ ਦੇ ਸ਼ੁਰੂ ਵਿਚ, ਉਨ੍ਹਾਂ ਸਿੱਖਾਂ ਦੇ ਇੱਕ ਸਮੂਹ ਦੇ ਨਾਲ ਉੱਤਰੀ ਅਮਰੀਕਾ ਵਿਚ ਸਿੱਖ ਨੌਜਵਾਨਾਂ ਲਈ ਸਿੱਖ ਗੁਰਮਤਿ ਕੈਂਪ ਸ਼ੁਰੂ ਕਰਨ ਦੀ ਲੋੜ ਮਹਿਸੂਸ ਕੀਤੀ ਅਤੇ 1973 ਵਿਚ ਡੇਟਰੋਇਟ, ਮਿਸ਼ੀਗਨ ਵਿਚ ਇੱਕ ਘਰ ਦੀ ਬੇਸਮੈਂਟ ਵਿਚ ਪਹਿਲਾ ਕੈਂਪ ਲਗਾਇਆ। ਉਨ੍ਹਾਂ ਨੇ ਬਹੁਤ ਸਾਰੇ ਪੁਰਾਣੇ ਮੈਂਬਰਾਂ ਨੂੰ ਯਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦੇ ਨਾਲ ਇਸ ਲੰਮੇ ਸਫ਼ਰ ਦੀ ਸ਼ੁਰੂਆਤ ਕੀਤੀ ਸੀ, ਜਿਨ੍ਹਾਂ ਵਿਚ ਕਈ ਹੁਣ ਇਸ ਸੰਸਾਰ ਵਿਚ ਨਹੀਂ ਹਨ। ਉਨ੍ਹਾਂ ਕਿਹਾ "ਮੈਂ ਕੈਂਪ ਦੀ ਸ਼ੁਰੂਆਤ ਕਰਨ ਲਈ ਵਾਹਿਗੁਰੂ, ਅਕਾਲ ਪੁਰਖ ਦਾ ਧੰਨਵਾਦੀ ਹਾਂ। ਮੈਨੂੰ ਮੇਰੇ ਗੁਰੂ ਦੀ ਬਖਸ਼ਿਸ਼ ਸੀ ਜਿਸ ਨੇ ਮੈਨੂੰ ਇਹ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਉਦੋਂ ਤੋਂ, ਮੈਂ ਉਨ੍ਹਾਂ ਨੌਜਵਾਨਾਂ ਅਤੇ ਸਹਿਯੋਗੀਆਂ ਤੋਂ ਬਹੁਤ ਕੁਝ ਸਿੱਖਿਆ ਜੋ ਕੈਂਪ ਲਈ ਵਲੰਟੀਅਰ ਵਜੋਂ ਸਾਡੇ ਨਾਲ ਸ਼ਾਮਲ ਹੋਏ, ਉਨ੍ਹਾਂ ਸਾਰਿਆਂ ਦਾ ਧੰਨਵਾਦ ਜੋ ਆਉਂਦੇ ਰਹਿੰਦੇ ਹਨ ਅਤੇ ਆਉਣ ਵਾਲੇ ਸਮੇਂ ਲਈ ਇੱਕ ਦੂਜੇ ਨੂੰ ਪ੍ਰੇਰਿਤ ਕਰਦੇ ਹਨ।" ਕੈਂਪ ਦੀ ਸਮਾਪਤੀ ਗਤਕਾ ਪ੍ਰਦਰਸ਼ਨ ਅਤੇ ਕੀਰਤਨ ਦਰਬਾਰ ਨਾਲ ਹੋਈ। ਸਿਆਨਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਗੁਰਮਤਿ ਕੈਂਪ ਦੀ ਸਫ਼ਲਤਾ ਨਾਲ ਨਾ ਸਿਰਫ਼ ਸਿੱਖ ਨੌਜਵਾਨਾਂ ਦਾ ਅਧਿਆਤਮਿਕ ਵਿਕਾਸ ਹੋਇਆ ਹੈ, ਸਗੋਂ ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ ਵੀ ਮਜ਼ਬੂਤ ਹੋਈਆਂ ਹਨ।







# ਪੰਜਾਬ ਸਾਹਿਤ ਅਕੈਡਮੀ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਵੈਬੀਨਾਰ









ਸੈਕਰਾਮੈਂਟੋ, (ਪੰਜਾਬ ਮੇਲ)- ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਡਾ. ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕੈਡਮੀ ਵੱਲੋਂ ਵੈਬੀਨਾਰ ਵਿਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆਂ ਕਿਹਾ ਗਿਆ ਤੇ ਪ੍ਰਧਾਨ ਰਿੰਟੂ ਭਾਟੀਆ ਜੀ ਨੇ ਆਪਣੀ ਸੁਰੀਲੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇੱਕ ਗੀਤ ਨਾਲ ਵੈਬੀਨਾਰ ਦਾ ਆਗਾਜ਼ ਕੀਤਾ। ਰਿੰਟੂ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੀਫ਼ ਐਡਵਾਈਜ਼ਰ ਤੇ ਮਾਡਰੇਟਰ ਸ. ਪਿਆਰਾ ਸਿੰਘ ਕੁੱਦੋਵਾਲ ਨੂੰ ਪ੍ਰੋਗਰਾਮ ਦਾ ਸੰਚਾਲਨ ਕਰਨ ਲਈ ਕਿਹਾ। ਸ. ਪਿਆਰਾ ਸਿੰਘ ਕੁੱਦੋਵਾਲ ਨੇ ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਸਾਂਝੇ ਕੀਤੇ। ਮੁੱਖ ਮਹਿਮਾਨ ਡਾ. ਹਰਜੀਤ ਸਿੰਘ ਸੱਧਰ ਤੇ ਡਾ. ਦਵਿੰਦਰ ਸੈਫੀ ਵਿਸ਼ੇਸ਼ ਮਹਿਮਾਨ ਡਾ. ਜਸਪਾਲ ਸਿੰਘ ਦੇਸੂਵੀ, ਡਾ. ਰਾਕੇਸ਼ ਤਿਲਕ ਰਾਜ, ਡਾ. ਪੁਸ਼ਵਿੰਦਰ ਕੌਰ ਖੋਖਰ ਤੇ ਡਾ. ਸਤਿੰਦਰ ਕੌਰ ਕਾਹਲੋਂ ਤੇ ਨਾਮਵਰ ਸਤਿਕਾਰਤ ਕਵੀਆਂ ਹਰਦਮ ਮਾਨ, ਡਾ. ਅਮਨਦੀਪ ਕੌਰ ਬਰਾੜ, ਗੁਰਚਰਨ ਸਿੰਘ ਜੋਗੀ, ਰਾਜ ਲਾਲੀ, ਇਕਬਾਲ ਬਰਾੜ, ਅਮਰਜੀਤ ਪੰਛੀ, ਸੁਖਦੀਪ ਕੌਰ ਬਿਰਧਨੋ, ਪਰਜਿੰਦਰ ਕੌਰ ਕਲੇਰ ਤੇ ਬਲਜਿੰਦਰ ਕੌਰ ਦੀ ਰਸਮੀ ਜਾਣ-ਪਹਿਚਾਣ ਕਰਾਉਂਦੇ ਹੋਏ ਸਭ ਨੂੰ ਆਪਣੀ ਵਾਰੀ ਤੇ ਰਚਨਾ ਪੇਸ਼ ਕਰਨ ਲਈ ਕਿਹਾ ਗਿਆ। ਜ਼ਿਆਦਾ ਸ਼ਾਇਰਾਂ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਬਹੁਤ ਸੁਰੀਲੇ ਸੁਰਾਂ ਵਿਚ ਪੇਸ਼ ਕੀਤਾ। ਸੰਚਾਲਕ ਸ. ਪਿਆਰਾ ਸਿੰਘ ਕੁੱਦੋਵਾਲ ਨੇ ਬਹੁਤ ਸੰਜਮ ਤੇ ਹਲੀਮੀ ਵਿਚ ਪ੍ਰੋਗਰਾਮ ਦਾ ਸੰਚਾਲਨ ਕੀਤਾ। ਸਭ ਸ਼ਾਇਰਾਂ ਦੀਆਂ ਰਚਨਾਵਾਂ ਤੇ ਪੇਸ਼ਕਾਰੀ ਬਾਕਮਾਲ ਸੀ। ਡੇਢ ਘੰਟੇ ਵਿਚ ਸਭ ਸ਼ਾਇਰਾਂ ਦੀਆਂ ਰਚਨਾਵਾਂ ਦੀ ਪੇਸ਼ਕਾਰੀ ਦੇ ਬਾਦ ਵੈਬੀਨਾਰ ਵਿਚ ਹਾਜ਼ਰੀਨ ਹੋਰ ਵੀ ਸ਼ਾਇਰਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ਕਾਰੀ ਕੀਤੀ। ਦੇਸ਼ਾਂ-ਵਿਦੇਸ਼ਾਂ ਤੋਂ ਬਹੁਤਾਤ ਵਿਚ ਨਾਮਵਰ ਸ਼ਖ਼ਸੀਅਤਾਂ, ਸਾਹਿਤਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ। ਵਿਜੇਤਾ ਭਾਰਦਵਾਜ, ਲਕਸ਼ਰੀ ਰਾਮ ਜਾਖੂ, ਪਰਮਜੀਤ ਕੌਰ ਜੈਸਵਾਲ, ਇਕਬਾਲ ਸਿੰਘ ਪੁੜੈਣ ਨੇ ਵੀ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ। ਡਾ. ਨੈਬ ਸਿੰਘ ਮੰਡੇਰ ਤੇ ਪੂਨਮ ਸਿੰਘ ਪ੍ਰੀਤਲੜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਕੈਨੇਡਾ ਤੋਂ ਸ. ਹਰਦਿਆਲ ਸਿੰਘ ਝੀਤਾ, ਨਿਰਵੈਲ ਸਿੰਘ ਅਰੋੜਾ, ਦਲਬੀਰ ਸਿੰਘ ਕਥੂਰੀਆ ਤੇ ਰਵਿੰਦਰ ਸਿੰਘ ਕੰਗ ਤੇ ਨਦੀਮ ਅਫ਼ਜ਼ਲ ਨੇ ਵਿਸ਼ੇਸ਼ ਤੌਰ 'ਤੇ ਇਸ ਵੈਬੀਨਾਰ ਵਿਚ ਆਪਣੀ ਸ਼ਮੂਲੀਅਤ ਕੀਤੀ। ਸੁਰਜੀਤ ਕੌਰ ਤੇ ਰਮਿੰਦਰ ਰੰਮੀ ਨੇ ਵੀ ਆਪਣੀਆਂ ਰਚਨਾਵਾਂ ਸੁਣਾ ਕੇ ਵੈਬੀਨਾਰ ਵਿਚ ਆਪਣੀ ਹਾਜ਼ਰੀ ਲੁਆਈ। ਸ. ਪਿਆਰਾ ਸਿੰਘ ਕੁੱਦੋਵਾਲ ਨੇ ਵੀ ਸ਼ਿਵ ਦੀ ਰਚਨਾ ਆਪਣੀ ਮਿੱਠੀ ਆਵਾਜ਼ ਵਿਚ ਗਾ ਕੇ ਸੁਣਾਈ। ਸਰਪ੍ਰਸਤ ਸੁਰਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸੁਰਜੀਤ ਕੌਰ ਨੇ ਇਹ ਵੀ ਦੱਸਿਆ ਕਿ ਡਾ. ਸਰਬਜੀਤ ਕੌਰ ਸੋਹਲ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਮਜ਼ਬੂਤ ਥੰਮ੍ਹ ਹਨ ਅਤੇ ਹਰ ਮੀਟਿੰਗ 'ਚ ਸ਼ਿਰਕਤ ਕਰਦੇ ਹਨ ਤੇ ਸਾਨੂੰ ਹੱਲਾਸ਼ੇਰੀ ਵੀ ਦਿੰਦੇ ਹਨ। ਦੇਸ਼ਾਂ-ਵਿਦੇਸ਼ਾਂ ਤੋਂ ਬਹੁਤਾਤ ਵਿਚ ਨਾਮਵਰ ਸਾਹਿਤਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ। ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਇਹ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਸਦਾ ਲਈ ਯਾਦਗਾਰੀ ਹੋ ਨਿਬੜਿਆ।

# ਕੈਨੇਡਾ ਦੀ ਉਮਰਦਰਾਜ਼ ਹੋ ਰਹੀ ਆਬਾਦੀ ਦੇ ਮੱਦੇਨਜ਼ਰ ਹੋਰ ਨਿਊਕਮਰਜ਼ ਨੂੰ ਸੱਦਣ ਦੀ ਲੋੜ 'ਤੇ ਜ਼ੋਰ




ਟੋਰਾਂਟੋ, (ਪੰਜਾਬ ਮੇਲ)- ਇੱਕ ਪਾਸੇ ਜਿੱਥੇ ਫੈਡਰਲ ਸਰਕਾਰ ਵੱਲੋਂ ਇਮੀਗ੍ਰੈਂਟਸ ਨੂੰ ਦਿਲ ਖੋਲ੍ਹ ਕੇ ਕੈਨੇਡਾ ਸੱਦਣ ਦੀ ਨਿਖੇਧੀ ਕੀਤੀ ਜਾ ਰਹੀ ਹੈ, ਉੱਥੇ ਹੀ ਇੱਕ ਨਵੀਂ ਰਿਪੋਰਟ ਅਨੁਸਾਰ ਦੇਸ਼ ਦੀ ਉਮਰਦਰਾਜ਼ ਹੋ ਰਹੀ ਆਬਾਦੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅਜੇ ਹੋਰ ਨਿਊਕਮਰਜ਼ ਨੂੰ ਸੱਦਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿਚ ਇਹ ਦੱਸਿਆ ਗਿਆ ਹੈ ਕਿ ਉਮਰਦਰਾਜ਼ ਹੋ ਚੁੱਕੇ ਕੈਨੇਡੀਅਨਜ਼ ਦੇ ਅਨੁਪਾਤ ਨੂੰ ਮੇਨਟੇਨ ਕਰਨ ਲਈ ਵਰਕਿੰਗ ਏਜ ਦੇ ਕੈਨੇਡੀਅਨਜ਼ ਦੀ ਆਬਾਦੀ ਕਿੰਨੀ ਹੋਣੀ ਚਾਹੀਦੀ ਹੈ। ਇਸ ਵਿਚ 15 ਤੋਂ 64 ਸਾਲ ਦਰਮਿਆਨ ਉਮਰ ਅਤੇ 65 ਸਾਲ ਤੋਂ ਉੱਪਰ ਦੀ ਉਮਰ ਵਾਲਿਆਂ ਦਾ ਵੇਰਵਾ ਜਾਰੀ ਕੀਤਾ ਗਿਆ ਹੈ ਤੇ ਇਨ੍ਹਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

ਇਸ ਰਿਪੋਰਟ ਵਿਚ ਆਖਿਆ ਗਿਆ ਹੈ ਕਿ ਵਰਕਿੰਗ ਏਜ ਦੀ ਆਬਾਦੀ ਨੂੰ 2.2 ਫੀ ਸਦੀ ਦੇ ਹਿਸਾਬ ਨਾਲ ਹਰ ਸਾਲ ਵਧਾਏ ਜਾਣ ਦੀ ਲੋੜ ਹੈ। ਇਸ ਨਾਲ ਹੀ 2040 ਤੱਕ ਓਨੀ ਆਬਾਦੀ ਮੇਨਟੇਨ ਰੱਖੀ ਜਾ ਸਕੇਗੀ, ਜਿੰਨੀ 2022 ਵਿਚ ਸੀ। ਇਹ ਵੀ ਆਖਿਆ ਗਿਆ ਹੈ ਕਿ ਜੇ ਦੇਸ਼ ਨੂੰ 1990ਵਿਆਂ ਤੇ 2015ਵਿਆਂ ਦਰਮਿਆਨ ਵਾਲੇ ਸਮੇਂ ਮੁਤਾਬਕ ਵਰਕਿੰਗ ਏਜ ਵਾਲੇ ਲੋਕਾਂ 'ਤੇ ਨਿਰਭਰਤਾ ਚਾਹੀਦੀ ਹੈ, ਤਾਂ ਕੈਨੇਡੀਅਨਜ਼ ਦੀ ਗਿਣਤੀ 4.5 ਫੀਸਦੀ ਦੇ ਹਿਸਾਬ ਨਾਲ ਵਧਣੀ ਚਾਹੀਦੀ ਹੈ।

ਇਸ ਰਿਪੋਰਟ ਨੂੰ ਤਿਆਰ ਕਰਨ ਵਾਲੇ ਦੇਸਜਾਰਡਿਨਜ਼ ਦੇ ਸੀਨੀਅਰ ਡਾਇਰੈਕਟਰ ਆਫ ਕੈਨੇਡੀਅਨ ਇਕਨੌਮਿਕਸ ਰੈਂਡਲ ਬਾਰਟਲੈਟ ਨੇ ਆਖਿਆ ਕਿ ਇੰਜ ਮਹਿਸੂਸ ਹੋ ਰਿਹਾ ਹੈ ਕਿ ਕੈਨੇਡਾ ਵਿਚ ਇਮੀਗ੍ਰੇਸ਼ਨ ਦੇ ਪੱਧਰ ਸਬੰਧੀ ਗੱਲਬਾਤ ਅਸਲ ਵਿਚ ਕੈਨੇਡੀਅਨ ਹਾਊਸਿੰਗ ਮਾਰਕਿਟ ਉੱਤੇ ਪੈਣ ਵਾਲੇ ਪ੍ਰਭਾਵ ਉੱਤੇ ਕੇਂਦਰਿਤ ਹੋਣੀ ਚਾਹੀਦੀ ਹੈ। ਇਸੇ ਲਈ ਇਹ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਲਈ ਇਮੀਗ੍ਰੇਸ਼ਨ ਦਾ ਮੁੱਦਾ ਕਾਫੀ ਅਹਿਮ ਹੈ ਤੇ ਸਾਨੂੰ ਹੋਰ ਇਮੀਗ੍ਰੈਂਟਸ ਦੀ ਲੋੜ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਟੈਕਸਾਸ ਬਾਰਡਰ 'ਤੇ ਗੋਲ ਅਕਾਰ ਦੇ ਪਨੀਰ ਦੇ ਪਹੀਆਂ 'ਚੋਂ 8 ਕਿਲੋ ਤੋਂ ਵਧ ਕੁਕੀਨ ਬਰਾਮਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੀ ਮੈਕਸੀਕੋ ਨਾਲ ਲੱਗਦੀ ਟੈਕਸਾਸ ਸਰਹੱਦ 'ਤੇ ਕਸਟਮ ਅਧਿਕਾਰੀਆਂ ਵੱਲੋਂ ਇਕ ਪਿਕਅੱਪ ਟਰੱਕ ਵਿਚੋਂ 8 ਕਿਲੋਗ੍ਰਾਮ ਤੋਂ ਵਧ ਕੁਕੀਨ ਬਰਾਮਦ ਕਰਨ ਦੀ ਖਬਰ ਹੈ। ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਧਿਕਾਰੀਆਂ ਨੇ ਪ੍ਰੈਸੀਡੀਓ ਪੋਰਟ (ਟੈਕਸਾਸ) ਦੇ ਪ੍ਰਵੇਸ਼ ਰਸਤੇ 'ਤੇ ਮੈਕਸੀਕੋ ਤੋਂ ਆਏ ਇਕ ਪਿਕਅੱਪ ਟਰੱਕ ਨੂੰ ਰੋਕਿਆ, ਜਿਸ ਵਿਚੋਂ ਗੋਲ ਆਕਾਰ ਦੇ ਪਨੀਰ ਦੇ 4 ਵੱਡੇ ਪਹੀਏ ਬਰਾਮਦ ਹੋਏ। ਐਕਸ ਰੇਅ ਸਕੈਨ 'ਚ ਪਨੀਰ ਦੇ ਪਹੀਆਂ ਵਿਚ ਕੁਝ ਗੜਬੜ ਵਿਖਾਈ ਦਿੱਤੀ। ਜਿਸ ਉਪਰੰਤ ਪਨੀਰ ਦੇ ਪਹੀਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ, ਤਾਂ ਪਤਾ ਲੱਗਾ ਕਿ ਉਹ ਕੁਕੀਨ ਨਾਲ ਭਰੇ ਹੋਏ ਹਨ। ਉਨ੍ਹਾਂ ਵਿਚੋਂ 8 ਕਿਲੋ ਤੋਂ ਵਧ ਕੁਕੀਨ ਬਰਾਮਦ ਹੋਈ। ਅਧਿਕਾਰੀਆਂ ਨੇ ਟਰੱਕ ਜ਼ਬਤ ਕਰਕੇ 22 ਸਾਲਾ ਡਰਾਈਵਰ ਜੋ ਅਮਰੀਕੀ ਨਾਗਰਿਕ ਹੈ, ਨੂੰ ਹਿਰਾਸਤ ਵਿਚ ਲੈ ਲਿਆ ਹੈ। ਅਧਿਕਾਰੀਆਂ ਅਨੁਸਾਰ ਉਸ ਵਿਰੁੱਧ ਕੁਕੀਨ ਦੀ ਤਸਕਰੀ ਕਰਨ ਦੀ ਅਸਫਲ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਜਾਣਗੇ। ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਪ੍ਰੈਸੀਡੀਓ ਪੋਰਟ ਦੇ ਮੁਖੀ ਡੈਨੀਅਲ ਮਰਕਾਡੋ ਨੇ ਕਿਹਾ ਹੈ ਕਿ ਤਸੱਕਰ ਤਰ੍ਹਾਂ-ਤਰ੍ਹਾਂ ਦੇ ਢੰਗ-ਤਰੀਕੇ ਅਪਣਾ ਕੇ ਡਰੱਗ ਦੀ ਤਸੱਕਰੀ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਸਾਡੇ ਚੌਕੰਨੇ ਅਫਸਰ ਉਨ੍ਹਾਂ ਦੀ ਹਰ ਕੋਸ਼ਿਸ਼ ਨਾਕਾਮ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ।



**ਟੈਕਸਾਸ ਬਾਰਡਰ 'ਤੇ ਟਰੱਕ ਵਿਚੋਂ ਬਰਾਮਦ ਪਨੀਰ ਦੇ ਪਹੀਏ ਜਿਨ੍ਹਾਂ ਵਿਚ ਕੁਕੀਨ ਭਰੀ ਹੋਈ ਸੀ।**

## ਪੰਜਾਬ ਤੋਂ ਬੀਤੇ ਵਰ੍ਹੇ 1.65 ਲੱਖ ਬੱਚੇ ਸਟੱਡੀ ਵੀਜ਼ਾ 'ਤੇ ਵਿਦੇਸ਼ ਗਏ

ਜਲੰਧਰ, (ਪੰਜਾਬ ਮੇਲ)- ਪੰਜਾਬ ਤੋਂ ਬੀਤੇ ਸਾਲ 1,65,000 ਬੱਚੇ ਸਟੱਡੀ ਵੀਜ਼ਾ 'ਤੇ ਵਿਦੇਸ਼ਾਂ 'ਚ ਗਏ ਹਨ, ਜੋ ਆਪਣੇ ਨਾਲ 48,000 ਕਰੋੜ ਰੁਪਏ ਵੀ ਵਿਦੇਸ਼ਾਂ 'ਚ ਖਿੱਚ ਕੇ ਲੈ ਗਏ। ਇਕ ਸਾਲ ਬਾਅਦ ਫਿਰ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਲਈ ਫੀਸ ਦੇ ਰੂਪ 'ਚ 17,000 ਕਰੋੜ ਰੁਪਏ ਵਿਦੇਸ਼ ਭੇਜੇ। ਸੰਗਠਨ 'ਕਨਫੈੱਡਰੇਸ਼ਨ ਆਫ ਸਕੂਲਜ਼ ਐਂਡ ਕਾਲਜਿਜ ਆਫ ਪੰਜਾਬ' ਵੱਲੋਂ ਕਰਵਾਏ ਗਏ ਇਕ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ 'ਚ ਹੁਣ ਘਰ ਨੌਜਵਾਨਾਂ ਤੋਂ ਵਾਂਝੇ ਹੁੰਦੇ ਜਾ ਰਹੇ ਹਨ ਅਤੇ ਪਰਿਵਾਰ ਸਿਰਫ ਬਜ਼ੁਰਗਾਂ ਦੇ ਸਹਾਰੇ ਚੱਲਣ ਲੱਗੇ ਹਨ। ਕਨਫੈਡਰੇਸ਼ਨ ਦੇ ਚੇਅਰਮੈਨ ਅਸ਼ਵਨੀ ਸੇਖੜੀ ਨੇ ਦੱਸਿਆ ਕਿ ਹਾਲਾਂਕਿ ਇਹ ਸਰਵੇ ਗੈਰ-ਰਸਮੀ ਸੀ ਪਰ ਤੱਥਾਂ 'ਤੇ ਆਧਾਰਿਤ ਸੀ। ਉਨ੍ਹਾਂ ਦੱਸਿਆ ਕਿ 3 ਸਾਲ ਪਹਿਲਾਂ ਕੈਨੇਡਾ 'ਚ ਪੰਜਾਬ ਤੋਂ ਗਈ ਇਕ ਵਿਦਿਆਰਥਣ ਦੇ ਕਥਿਤ ਤੌਰ 'ਤੇ ਅਨੈਤਿਕ ਕੰਮਾਂ 'ਚ ਸ਼ਾਮਲ ਹੋਣ ਦੀ ਗੱਲ 'ਤੇ ਉਨ੍ਹਾਂ 2 ਮੈਂਬਰੀ ਟੀਮ ਇਸ ਦੀ ਪੁਸ਼ਟੀ ਲਈ ਕੈਨੇਡਾ ਭੇਜੀ ਸੀ, ਜਿਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਤੋਂ ਵਿਦੇਸ਼ ਪੜ੍ਹਾਈ ਲਈ ਗਏ ਵਿਦਿਆਰਥੀ ਉੱਥੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਵਿਦੇਸ਼ਾਂ 'ਚ ਹੁਣ ਰੋਜ਼ਗਾਰ ਸੰਕਟ ਵਧਣ ਲੱਗਿਆ ਹੈ ਅਤੇ ਮੰਦੀ ਘਰ ਕਰਨ ਲੱਗੀ ਹੈ।

## ਕੈਨੇਡਾ ਕਾਨਫਰੰਸ 'ਚ ਸ਼ਾਮਲ ਹੋਣ ਗਏ 250 ਤੋਂ ਵੱਧ ਵਿਅਕਤੀਆਂ ਵੱਲੋਂ ਦੇਸ਼ ਮੁੜਨ ਤੋਂ ਨਾਂਹ

ਟੋਰਾਂਟੋ, (ਪੰਜਾਬ ਮੇਲ)- ਇੱਕ ਕਾਨਫਰੰਸ 'ਚ ਸ਼ਾਮਲ ਹੋਣ ਕੈਨੇਡਾ ਆਏ 250 ਤੋਂ ਵੱਧ ਮਹਿਮਾਨ ਵਾਪਸ ਨਹੀਂ ਗਏ ਅਤੇ ਪਨਾਹ ਦਾ ਦਾਅਵਾ ਦਾਇਰ ਕਰ ਦਿੱਤਾ। ਇੱਕ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਵਿਭਾਗ ਵੱਲੋਂ ਮਾਂਟਰੀਅਲ ਵਿਖੇ ਪਿਛਲੇ ਸਾਲ ਹੋਈ ਏਡਜ਼ ਕਾਨਫਰੰਸ ਵਾਸਤੇ 1,538 ਵੀਜ਼ੇ ਦਿੱਤੇ ਗਏ ਸਨ ਅਤੇ ਇਨ੍ਹਾਂ ਵਿਚੋਂ 15 ਫੀਸਦੀ ਡੈਲੀਗੇਟਾਂ ਨੇ ਇੱਥੇ ਹੀ ਡੇਰੇ ਲਾ ਲਏ। ਟੋਰਾਂਟੋ ਦੇ ਇਮੀਗ੍ਰੇਸ਼ਨ ਵਕੀਲ ਰੋਬਰਟ ਬਲੈਨਸ਼ੇਅ ਨੇ ਕਿਹਾ ਕਿ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਅਕਸਰ ਹੀ ਅਜਿਹਾ ਹੁੰਦਾ ਹੈ, ਜਦੋਂ ਕੁਝ ਖਾਸ ਮੁਲਕਾਂ ਤੋਂ ਵਿਜ਼ਟਰ ਵੀਜ਼ਾ 'ਤੇ ਕੈਨੇਡਾ ਆਉਣ ਵਾਲੇ ਲੋਕ ਵਾਪਸੀ ਦਾ ਇਰਾਦਾ ਛੱਡ ਦਿੰਦੇ ਹਨ।






# ਚੁਣਾਵੀ ਜੰਗ ਦੀਆਂ ਤਿਆਰੀਆਂ ਦਾ ਦੌਰ

ਰਾਧਿਕਾ ਰਾਮਾਸ਼ੇਸ਼ਨ
(Punjab Mail USA)





ਸਮੇਂ-ਸਮੇਂ 'ਤੇ ਭਾਰਤ ਦੇ ਧਰਾਤਲ ਉਪਰ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਰਿਹਾ ਹੈ ਪਰ 2014 'ਚ ਭਾਜਪਾ ਨੂੰ ਆਪਣੇ ਬਲਬੁੱਤੇ ਬਹੁਮਤ ਹਾਸਲ ਹੋ ਜਾਣ ਤੋਂ ਬਾਅਦ ਲੋਕਾਂ ਦੇ ਮਨਮਸਤਕ ਤੋਂ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਪੇਤਲਾ ਪੈਂਦਾ ਚਲਾ ਗਿਆ ਸੀ। ਭਾਜਪਾ ਨੂੰ ਹੁਣ ਆਪਣੇ ਉਨ੍ਹਾਂ ਸਾਥੀਆਂ ਦੀ ਲੋੜ ਨਹੀਂ ਰਹਿ ਗਈ ਸੀ, ਜਿਨ੍ਹਾਂ ਤੋਂ ਲੋੜ ਪੈਣ 'ਤੇ ਕਿਸੇ ਮੌਕੇ ਸਮਝੌਤਾ ਕਰਨ ਜਾਂ ਤੋੜਨ ਦੀ ਤਵੱਕੋ ਕੀਤੀ ਜਾਂਦੀ ਸੀ। ਉਸ ਸਾਲ ਮਈ ਮਹੀਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਭਾਜਪਾ ਨੂੰ ਅਸਥਿਰਤਾ ਖਿਲਾਫ਼ ਭਰਵੀਂ ਤਾਕਤ ਮਿਲਣ ਦੇ ਬਾਵਜੂਦ ਉਹ ਆਪਣੀਆਂ ਸਾਥੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਗੇ ਅਤੇ ਉਨ੍ਹਾਂ ਨੂੰ ਆਪਣੀ ਸਰਕਾਰ ਦਾ ਹਿੱਸਾ ਬਣਨ ਦੀ ਆਗਿਆ ਦੇਣਗੇ।

ਇਹ ਬਿਆਨ ਉਨ੍ਹਾਂ ਸਮਿਆਂ ਦਾ ਸੰਕੇਤਕ ਰੂਪ ਵਿਚ ਚੇਤਾ ਕਰਾਉਂਦਾ ਸੀ, ਜਦੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਨੂੰ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਹਮਾਇਤ ਦੀ ਬਹੁਤ ਲੋੜ ਪਈ ਸੀ। ਅਜਿਹਾ ਜਾਪਦਾ ਸੀ ਕਿ ਮੋਦੀ, ਵਾਜਪਾਈ ਵਲੋਂ ਕਾਇਮ ਕੀਤੇ ਗਏ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਨੂੰ ਤੋੜਨਾ ਨਹੀਂ ਚਾਹੁੰਦੇ ਸਨ ਕਿਉਂਕਿ ਪਤਾ ਨਹੀਂ ਮੁੜ ਕਦੋਂ ਉਸ ਦੀ ਲੋੜ ਪੈ ਜਾਵੇ।

ਐੱਨ.ਡੀ.ਏ. ਜਿਹੇ ਗੱਠਜੋੜ ਵਿਹਾਰ ਤੇ ਅੰਤਰ-ਨਿਰਭਰਤਾ ਦੀ ਘਾੜਤ ਹੁੰਦੇ ਹਨ ਅਤੇ ਸਮੇਂ-ਸਮੇਂ ਤਬਦੀਲ ਹੁੰਦੇ ਰਹਿੰਦੇ ਹਨ। ਜਦੋਂ ਕੁਝ ਆਗੂਆਂ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਸਿਆਸੀ ਹਿੱਤ ਖ਼ਤਰੇ ਵਿਚ ਹਨ, ਤਾਂ ਉਹ ਪਾਰਟੀਆਂ ਛੱਡ ਕੇ ਚਲੀਆਂ ਜਾਂਦੀਆਂ ਹਨ; ਕੁਝ ਹੋਰ ਪਾਰਟੀਆਂ ਜ਼ਿਆਦਾ ਲਾਹੇ ਦੀ ਤਲਾਸ਼ ਵਿਚ ਚਲੀਆਂ ਜਾਂਦੀਆਂ ਹਨ। 2014 ਵਿਚ 11 ਪਾਰਟੀਆਂ ਮੋਦੀ ਸਰਕਾਰ 'ਚ ਹਿੱਸੇਦਾਰ ਬਣੀਆਂ ਸਨ, ਜਦਕਿ ਕੁਝ ਹੋਰ ਪਾਰਟੀਆਂ ਜਿਵੇਂ ਹਰਿਆਣਾ ਜਨਹਿਤ ਕਾਂਗਰਸ ਦਾ ਲੋਕ ਸਭਾ ਚੋਣਾਂ ਵਿਚ ਖਾਤਾ ਨਾ ਖੁੱਲ੍ਹਣ ਕਰ ਕੇ ਸਰਕਾਰ ਵਿਚ ਸ਼ਾਮਲ ਨਾ ਹੋ ਸਕੀਆਂ। 2019 'ਚ ਅਣਵੰਡੀ ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ ਅਤੇ ਅੰਨਾ ਡੀ.ਐੱਮ.ਕੇ. ਮੋਦੀ ਦੇ ਨਾਲ ਸਨ। ਮੋਦੀ ਨਾਲ ਨਿਤੀਸ਼ ਕੁਮਾਰ ਦੀ ਅਣਬਣ ਹੋਣ ਕਰ ਕੇ 2014 ਤੋਂ ਪਹਿਲਾਂ ਐੱਨ.ਡੀ.ਏ. ਤੋਂ ਕਿਨਾਰਾਕਸ਼ੀ ਕਰਨ ਵਾਲਾ ਜਨਤਾ ਦਲ (ਯੂ) ਵੀ ਵਾਪਸ ਆ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਧਰਮ ਨਿਰਪੱਖ ਖੇਮੇ ਵਿਚ ਜਾਣ ਅਤੇ ਹਾਸ਼ੀਏ 'ਤੇ ਵਿਚਰਨ ਦੀ ਕੋਈ ਤੁੱਕ ਨਹੀਂ ਬਣਦੀ। ਉਦੋਂ ਤੱਕ ਭਾਜਪਾ ਨੇ ਉੱਤਰ ਪੂਰਬੀ ਖਿੱਤੇ ਵਿਚ ਨਵੇਂ ਭਿਆਲ ਲੱਭ ਲਏ ਸਨ। ਉਸ ਸਾਲ ਹੋਈਆਂ ਚੋਣਾਂ 'ਚ ਭਾਜਪਾ ਨੇ ਨਵੀਂ ਉਚਾਣ ਛੋਹੀ, ਜਿਸ ਕਰ ਕੇ ਐੱਨ.ਡੀ.ਏ. ਅਪ੍ਰਸੰਗਕ ਹੋ ਗਿਆ ਸੀ। ਭਾਜਪਾ ਸੱਤਾ ਦਾ ਧੁਰਾ ਬਣ ਗਈ। ਐੱਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਕੋਲ ਉਹ ਦਮ-ਖ਼ਮ ਨਹੀਂ ਬਚਿਆ ਸੀ, ਜੋ ਕਦੇ ਵਾਜਪਾਈ ਦੀ ਅਗਵਾਈ ਵਾਲੀ ਕੁਲੀਸ਼ਨ ਸਰਕਾਰ ਵੇਲੇ ਸੀ।

ਉਦੋਂ ਅਤੇ ਹੁਣ ਦੇ ਸਮੇਂ ਵਿਚ ਫ਼ਰਕ ਇਹ ਆ ਗਿਆ ਕਿ ਮੋਦੀ ਨੇ ਕਦੇ ਕੋਈ ਸੰਚਾਲਨ ਕਮੇਟੀ ਬਣਾਉਣ ਦੀ ਖੇਚਲ ਨਹੀਂ ਕੀਤੀ ਅਤੇ ਐੱਨ.ਡੀ.ਏ. ਦੀਆਂ ਮੀਟਿੰਗਾਂ ਦਾ ਸਿਲਸਿਲਾ ਬੰਦ ਹੋ ਕੇ ਰਹਿ ਗਿਆ; ਵਾਜਪਾਈ ਸੰਚਾਲਨ ਕਮੇਟੀ ਦਾ ਕਨਵੀਨਰ ਕਿਸੇ ਗ਼ੈਰ-ਭਾਜਪਾ ਪਾਰਟੀ ਦੇ ਆਗੂ ਨੂੰ ਥਾਪਦੇ ਸਨ। ਮੋਦੀ ਦੇ ਐੱਨ.ਡੀ.ਏ. ਦਾ ਕੋਈ ਚਿਹਰਾ ਨਹੀਂ ਹੈ। ਇਸ ਦਾ ਨਾਂ ਉਦੋਂ ਸੁਣਨ ਵਿਚ ਆਇਆ ਸੀ, ਜਦੋਂ ਰਾਮ ਵਿਲਾਸ ਪਾਸਵਾਨ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਚਿਰਾਗ ਪਾਸਵਾਨ ਅਤੇ ਉਸ ਦੇ ਚਾਚੇ ਪਸ਼ੂਪਤੀ ਕੁਮਾਰ ਪਾਰਸ ਵਿਚਕਾਰ ਵਿਰਾਸਤ ਦੀ ਲੜਾਈ ਛਿੜ ਪਈ ਸੀ। ਜਦੋਂ ਪਾਰਸ ਰਾਸ਼ਟਰੀ ਲੋਕ ਜਨਸ਼ਕਤੀ ਪਾਰਟੀ ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਨਾਲ ਲੈ ਕੇ ਵੱਖ ਹੋ ਗਏ ਸਨ, ਤਾਂ ਇਹ ਭਾਜਪਾ ਹੀ ਸੀ, ਜਿਸ ਨੇ ਪਾਰਸ ਨੂੰ ਥਾਪੜਾ ਦੇ ਕੇ ਪਰਿਵਾਰ ਵਿਚ ਕਲੇਸ਼ ਵਧਾਇਆ ਸੀ, ਜਿਸ ਤੋਂ ਬਾਅਦ ਚਿਰਾਗ ਪਾਸਵਾਨ ਕੋਲ ਸਿਰਫ਼ ਆਪਣੀ ਸੀਟ ਤੋਂ ਬਿਨਾਂ ਕੁਝ ਵੀ ਨਹੀਂ ਬਚਿਆ ਸੀ। ਪਾਰਸ ਪਹਿਲਾ ਭਿਆਲ ਸੀ, ਜਿਸ ਨੂੰ ਸ਼ੁੱਧ ਉਪਯੋਗਤਾ ਕਰ ਕੇ ਮੋਦੀ ਵਜ਼ਾਰਤ ਵਿਚ ਸ਼ਾਮਲ ਕੀਤਾ ਗਿਆ ਸੀ।

ਐੱਨ.ਡੀ.ਏ. ਦੇ ਪ੍ਰਸੰਗ ਵਿਚ ਉਦੋਂ ਅਣਕਿਆਸਿਆ ਮੋੜ ਆ ਗਿਆ, ਜਦੋਂ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਇਹ ਐਲਾਨ ਕੀਤਾ ਸੀ ਕਿ 18 ਜੁਲਾਈ ਨੂੰ ਨਵੀਂ ਦਿੱਲੀ ਵਿਚ ਹੋਣ ਵਾਲੀ ਮੀਟਿੰਗ ਵਿਚ 38 ਭਾਈਵਾਲ ਪਾਰਟੀਆਂ ਦੇ ਆਗੂ ਸ਼ਾਮਲ ਹੋਣਗੇ। ਇਹ ਪਾਰਟੀਆਂ ਕੌਣ ਸਨ? ਸ਼ਿਵ ਸੈਨਾ ਜੋ ਭਾਜਪਾ ਦੀ ਸਭ ਤੋਂ ਪੁਰਾਣੀ ਸਹਿਯੋਗੀ ਰਹੀ ਸੀ, ਦੋਫਾੜ ਹੋ ਗਈ ਅਤੇ ਇਸ ਦਾ ਏਕਨਾਥ ਸ਼ਿੰਦੇ ਦੀ ਅਗਵਾਈ ਵਾਲਾ ਧੜਾ ਭਾਜਪਾ ਨਾਲ ਆ ਗਿਆ ਹੈ। ਪਾਰਟੀ ਦੇ ਬਾਨੀ ਬਾਲਾਸਾਹਿਬ ਠਾਕਰੇ ਦੇ ਪੁੱਤਰ ਊਧਵ ਠਾਕਰੇ ਜੋ ਮਹਾਰਾਸ਼ਟਰ ਵਿਚ ਮਹਾ ਵਿਕਾਸ ਅਗਾੜੀ ਸਰਕਾਰ ਦੀ ਅਗਵਾਈ ਵੀ ਕਰਦੇ ਰਹੇ ਹਨ, ਦੀ ਅਗਵਾਈ ਵਾਲੀ ਸ਼ਿਵ ਸੈਨਾ ਨੇ ਭਾਜਪਾ ਨਾਲੋਂ ਆਪਣੇ ਸਾਰੇ ਸੰਬੰਧ ਤੋੜ ਲਏ ਹਨ ਅਤੇ ਇਹ ਵਿਰੋਧੀ ਧਿਰ ਦੇ ਮੁਹਾਜ਼ ਵਿਚ ਸ਼ਾਮਲ ਹੈ। ਭਾਜਪਾ ਦੇ ਜੋੜ-ਤੋੜ ਨੂੰ ਊਧਵ ਮਾਤ ਨਹੀਂ ਦੇ ਸਕੇ। ਇਸੇ ਤਰ੍ਹਾਂ 2020 'ਚ ਸ਼੍ਰੋਮਣੀ ਅਕਾਲੀ ਦਲ ਐੱਨ.ਡੀ.ਏ. 'ਚੋਂ ਬਾਹਰ ਹੋ ਗਿਆ ਸੀ, ਜਦਕਿ ਜਨਤਾ ਦਲ (ਯੂ) ਪਿਛਲੇ ਸਾਲ ਬਿਹਾਰ ਵਿਚ ਮਹਾਂਗਠਬੰਧਨ ਵਿਚ ਵਾਪਸ ਆ ਗਿਆ ਸੀ।

ਮਹਾਰਾਸ਼ਟਰ ਵਿਚ ਤਕੜਾ ਝਟਕਾ ਉਦੋਂ ਲੱਗਿਆ, ਜਦੋਂ ਸ਼ਰਦ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਵਿਚ ਫੁੱਟ ਪੈ ਗਈ। ਬਗ਼ਾਵਤ ਕਰਨ ਵਾਲਾ ਵੀ ਹੋਰ ਕੋਈ ਨਹੀਂ ਸੀ, ਸਗੋਂ ਪਵਾਰ ਦਾ ਭਤੀਜਾ ਅਜੀਤ ਪਵਾਰ ਸੀ, ਜੋ ਐੱਨ.ਡੀ.ਏ. ਵਿਚ ਸ਼ਾਮਲ ਹੋ ਗਿਆ ਹੈ। ਨਵੀਂ ਦਿੱਲੀ ਵਿਚ ਐੱਨ.ਡੀ.ਏ. ਦੇ ਸ਼ੋਅ ਦੌਰਾਨ ਭਾਜਪਾ ਚਿਰਾਗ ਪਾਸਵਾਨ ਨੂੰ ਲਿਆਉਣ 'ਚ ਕਾਮਯਾਬ ਹੋਈ। ਹਾਲਾਂਕਿ ਤੇਲਗੂ ਦੇਸਮ ਪਾਰਟੀ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ ਪਰ ਇਸ ਗੱਲ ਦੇ ਆਸਾਰ ਹਨ ਕਿ ਉਹ ਵੀ ਐੱਨ.ਡੀ.ਏ. ਵਿਚ ਵਾਪਸ ਆ ਸਕਦੇ ਹਨ।

ਐੱਨ.ਡੀ.ਏ. ਦੀ ਮੀਟਿੰਗ ਦਾ ਕੇਂਦਰ ਬਿੰਦੂ ਮੋਦੀ ਹੀ ਬਣੇ ਹੋਏ ਸਨ ਤੇ ਸਾਰੇ ਆਗੂ ਉਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਵਿਚ ਲੱਗੇ ਹੋਏ ਸਨ। ਆਪਣੇ ਲੰਮੇ ਭਾਸ਼ਣ ਵਿਚ ਮੋਦੀ ਨੇ ਉਨ੍ਹਾਂ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ, ਜਿਨ੍ਹਾਂ ਦੀ ਮੀਟਿੰਗ ਕੁਝ ਸਮਾਂ ਪਹਿਲਾਂ ਖਤਮ ਹੋਈ ਸੀ। ਨਵੀਂ ਦਿੱਲੀ ਤੋਂ ਕਰੀਬ ਦੋ ਹਜ਼ਾਰ ਕਿਲੋਮੀਟਰ ਦੂਰ ਬੰਗਲੂਰੂ ਵਿਖੇ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਇਕੱਤਰਤਾ ਹੋਈ, ਜਿਸ ਵਿਚ ਲੰਮਾ ਸਮਾਂ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਜਿਵੇਂ ਡੀ.ਐੱਮ.ਕੇ., ਰਾਸ਼ਟਰੀ ਜਨਤਾ ਦਲ ਅਤੇ ਝਾਰਖੰਡ ਮੁਕਤੀ ਮੋਰਚਾ ਤੋਂ ਇਲਾਵਾ ਊਧਵ ਠਾਕਰੇ ਦੀ ਸ਼ਿਵ ਸੈਨਾ, ਆਮ ਆਦਮੀ ਪਾਰਟੀ, ਜਨਤਾ ਦਲ (ਯੂ), ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ, ਰਾਸ਼ਟਰੀ ਲੋਕ ਦਲ ਆਦਿ ਸ਼ਾਮਲ ਹੋਏ। ਪਟਨਾ ਵਿਚ 23 ਜੂਨ ਦੀ ਪਹਿਲੀ ਇਕੱਤਰਤਾ ਤੋਂ ਬਾਅਦ ਇਸ ਦੀ ਵਿਉਂਤਬੰਦੀ ਕੀਤੀ ਗਈ। ਜਾਪਦਾ ਹੈ ਕਿ 26 ਪਾਰਟੀਆਂ ਦੀ ਇਕੱਤਰਤਾ ਨੂੰ ਦੇਖ ਕੇ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦਾ ਯਕਦਮ ਖਿਆਲ ਆਇਆ ਹੈ।

ਪਟਨਾ ਦੀ ਕਵਾਇਦ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਬੰਗਲੂਰੂ ਵਿਚ ਕੁਝ ਕਦਮ ਹੋਰ ਪੇਸ਼ਕਦਮੀ ਕੀਤੀ ਹੈ। ਸਭ ਤੋਂ ਅਹਿਮ ਕੰਮ ਇਸ ਕੁਲੀਸ਼ਨ ਦੇ ਨਾਮਕਰਨ 'INDIA' (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਦੇ ਰੂਪ ਵਿਚ ਹੋਇਆ ਹੈ। ਇਸ ਦੇ ਨਾਮ 'ਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਜਿਹੇ ਸ਼ਬਦਾਂ ਦੀ ਅਣਹੋਂਦ ਗੌਰਤਲਬ ਹੈ ਅਤੇ ਇਸ ਦਾ ਮਤਾ ਤਿਆਰ ਕਰਨ ਵੇਲੇ ਹਰ ਇੱਕ ਭਿਆਲ ਦੇ ਸਰੋਕਾਰਾਂ ਨੂੰ ਥਾਂ ਦਿੱਤੀ ਗਈ ਹੈ। ਜੇ ਵਿਰੋਧੀ ਧਿਰ ਨੇ ਭਾਜਪਾ ਦਾ ਭਰੋਸੇਮੰਦ ਬਦਲ ਬਣਨਾ ਹੈ, ਤਾਂ ਹੁਣ ਤੋਂ ਲੈ ਕੇ 2024 ਤੱਕ ਇਸ ਨੂੰ ਆਪਣੇ ਕਾਰਜ ਅੰਜਾਮ ਦੇਣੇ ਪੈਣਗੇ। ਜਿੱਥੋਂ ਤੱਕ ਭਾਜਪਾ ਦਾ ਸਵਾਲ ਹੈ, ਇਸ ਦੇ ਸਾਹਮਣੇ ਬੁਨਿਆਦੀ ਸਵਾਲ ਇਹ ਰਹੇਗਾ ਕਿ ਜੇ ਚੋਣ ਪ੍ਰਚਾਰ ਦਾ ਧੁਰਾ ਮੋਦੀ ਨੇ ਹੀ ਬਣਨਾ ਹੈ, ਜਿਵੇਂ ਆਸ ਹੈ ਕਿ ਉਹੀ ਬਣਨਗੇ, ਤਾਂ ਫਿਰ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦੀ ਕੀ ਮਜਬੂਰੀ।

Mann & Associates Insurance Services, Inc.
Medicare Supplement Plans
• Life • Health • Travel • Medicare • Trucking
• ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem
COVERED CALIFORNIA
Certified Insurance Agent

Designed By Punjab Mail USA

Ph.: (916) 900-2000

# ਕੁਦਰਤੀ ਆਫ਼ਤ ਦਾ ਮੁਕਾਬਲਾ ਕਰਨ ਵਾਲੀ ਡਿਪਟੀ ਕਮਿਸ਼ਨਰ ਸ਼ਾਕਸ਼ੀ ਸਾਹਨੀ



ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ, ਪਟਿਆਲਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪੰਜਾਬ ਦੇ ਕਿਸੇ ਜ਼ਿਲ੍ਹੇ ਵਿਚ ਜਦੋਂ ਵੀ ਕੋਈ ਗੰਭੀਰ ਕੁਦਰਤੀ ਆਫ਼ਤ ਆਉਂਦੀ ਹੈ ਤੇ ਉਥੋਂ ਦੇ ਲੋਕਾਂ ਨੂੰ ਅਣਸੁਖਾਵੇਂ ਹਾਲਾਤ ਵਿਚੋਂ ਲੰਘਦਿਆਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਲੋਕਾਂ ਵਿਚ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ 'ਤੇ ਗੁੱਸਾ ਤੇ ਰੋਸ ਜ਼ਰੂਰ ਆਉਂਦਾ ਹੈ। ਕਈ ਵਾਰੀ ਉਹ ਗੁੱਸਾ ਸਹੀ ਵੀ ਹੁੰਦਾ ਹੈ, ਜਿਸ ਕਰਕੇ ਲੋਕ ਧਰਨੇ, ਅੰਦੋਲਨ ਅਤੇ ਮੁੱਖ ਰਸਤੇ ਤੱਕ ਜਾਮ ਕਰ ਦਿੰਦੇ ਹਨ। ਵੈਸੇ ਅਜਿਹੀ ਪੁਜ਼ੀਸ਼ਨ ਹਰ ਕੁਦਰਤੀ ਆਫਤ ਵਿਚ ਵੇਖਣ ਨੂੰ ਮਿਲਦੀ ਹੈ, ਭਾਵੇਂ ਜ਼ਿਲ੍ਹਾ ਪ੍ਰਸ਼ਾਸਨ ਜਿੰਨਾ ਮਰਜ਼ੀ ਵਧੀਆ ਕੰਮ ਕਰਨ ਦੀ ਕੋਸ਼ਿਸ਼ ਕਰੇ। ਪਟਿਆਲਾ ਜ਼ਿਲ੍ਹੇ ਵਿਚ 10 ਜੁਲਾਈ, 2023 ਨੂੰ ਕੁਦਰਤੀ ਆਫ਼ਤ ਹੜ੍ਹਾਂ ਦਾ ਰੂਪ ਧਾਰਨ ਕਰਕੇ ਆ ਗਈ। ਪ੍ਰਸ਼ਾਸਨ ਵੱਲੋਂ ਫੌਰੀ ਕਾਰਵਾਈ ਕਰਨ ਕਰਕੇ ਬਹੁਤ ਜ਼ਿਆਦਾ ਜਾਨੀ ਤੇ ਮਾਲੀ ਨੁਕਸਾਨ ਹੋਣ ਤੋਂ ਬਚ ਗਿਆ। ਫਿਰ ਵੀ ਹੜ੍ਹਾਂ ਨਾਲ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਪ੍ਰੰਤੂ ਪਟਿਆਲਾ ਦੇ ਲੋਕ ਅਤੇ ਮੀਡੀਆ ਪ੍ਰਸ਼ਾਸਨ ਦੀ ਖਾਸ ਕਰਕੇ ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ ਦੀ ਸ਼ਲਾਘਾ ਕਰਦੇ ਵੇਖੇ ਗਏ, ਜੋ ਕਿ ਮੇਰੇ ਲੋਕ ਸੰਪਰਕ ਵਿਭਾਗ ਦੇ 33 ਸਾਲ ਦੇ ਤਜ਼ਰਬੇ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ। ਇਸ ਤੋਂ ਪਹਿਲਾਂ ਪਟਿਆਲਾ ਵਿਚ 1988 ਅਤੇ 1993 ਵਿਚ ਵੀ ਹੜ੍ਹ ਆਏ ਸਨ। ਇਨ੍ਹਾਂ ਦੋਹਾਂ ਮੌਕਿਆਂ 'ਤੇ ਕਰਮਵਾਰ ਡਾ. ਬੀ.ਸੀ. ਗੁਪਤਾ ਅਤੇ ਟੀ.ਸੀ. ਗੁਪਤਾ ਡਿਪਟੀ ਕਮਿਸ਼ਨਰ ਸਨ, ਉਦੋਂ ਵੀ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਬਹੁਤ ਕਿੰਤੂ-ਪ੍ਰੰਤੂ ਤਾਂ ਹੋਏ ਸਨ ਪ੍ਰੰਤੂ ਧਰਨੇ ਵਗੈਰਾ ਨਹੀਂ ਲੱਗੇ ਸਨ। ਉਸ ਤੋਂ ਬਾਅਦ ਤੀਜੀ ਵਾਰ ਪਟਿਆਲਾ ਜ਼ਿਲ੍ਹਾ 10 ਜੁਲਾਈ 2023 ਨੂੰ ਮੁੜ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਇਆ ਪ੍ਰੰਤੂ ਦ੍ਰਿੜ੍ਹ ਇਰਾਦੇ ਵਾਲੀ ਮਿਹਨਤੀ ਪ੍ਰਸ਼ਾਸਨਿਕ ਅਧਿਕਾਰੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਆਪਣੇ ਅਧਿਕਾਰੀਆਂ ਦੀ ਟੀਮ, ਪੁਲਿਸ ਪ੍ਰਸ਼ਾਸਨ ਅਤੇ ਆਪਣੀ ਕਾਰਜ਼ਸ਼ੈਲੀ ਨਾਲ ਸਥਾਨਕ ਪਟਿਆਲਵੀਆਂ ਦੇ ਜਾਨ ਤੇ ਮਾਲ ਦੀ ਰਾਖੀ ਕਰਕੇ ਉਨ੍ਹਾਂ ਦੇ ਦਿਲ ਜਿੱਤ ਲਏ। ਕੁਦਰਤੀ ਆਫ਼ਤਾਂ ਸਮਾਜ 'ਤੇ ਕਹਿਰ ਬਣਕੇ ਆਉਂਦੀਆਂ ਹਨ ਪ੍ਰੰਤੂ ਉਨ੍ਹਾਂ ਦਾ ਸੁਚੱਜੇ ਤੇ ਯੋਜਨਾਬੱਧ ਢੰਗ ਨਾਲ ਮੁਕਾਬਲਾ ਕਰਕੇ ਲੋਕਾਂ ਦੀ ਹਿਫ਼ਾਜ਼ਤ ਕਰਨੀ ਪ੍ਰਸ਼ਾਸਨਿਕ ਅਮਲੇ-ਫ਼ੈਲੇ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਕਈ ਅਧਿਕਾਰੀ ਸੰਜੀਦਗੀ ਦੀ ਵਰਤੋਂ ਨਹੀਂ ਕਰਦੇ, ਸਗੋਂ ਕੈਜ਼ੂਅਲ ਢੰਗ ਨਾਲ ਕੰਮ ਕਰਦੇ ਹਨ ਪ੍ਰੰਤੂ ਪਟਿਆਲਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਵਿਚ ਪਟਿਆਲਾ ਪ੍ਰਸ਼ਾਸਨ ਨੇ ਇਸ ਕੁਦਰਤ ਦੀ ਕਰੋਪੀ ਨੂੰ ਸੰਜੀਦਗੀ ਨਾਲ ਲੈ ਕੇ ਇਸ ਨੂੰ ਵੰਗਾਰ ਸਮਝਦਿਆਂ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਉਨ੍ਹਾਂ ਨੂੰ ਕਾਫੀ ਹੱਦ ਤੱਕ ਸਫਲ ਰਿਹਾ ਕਿਹਾ ਜਾ ਸਕਦਾ ਹੈ। ਭਾਵੇਂ ਸਾਰੇ ਲੋਕ ਸੰਤੁਸ਼ਟ ਵੀ ਨਹੀਂ ਹਨ ਕਿਉਂਕਿ ਅਜਿਹੀ ਆਫਤ ਦਾ ਅਚਾਨਕ ਆ ਜਾਣਾ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੰਦਾ ਹੈ। ਯਕਲਖਤ ਸਾਰੇ ਪ੍ਰਬੰਧ ਕਰਨ ਵਿਚ ਮੁਸ਼ਕਲ ਆਉਂਦੀ ਹੈ। ਕੁਝ ਅਧਿਕਾਰੀ ਤੇ ਕਰਮਚਾਰੀ ਅਵੇਸਲੇ ਹੁੰਦਿਆਂ ਅਣਗਹਿਲੀ ਵਰਤ ਜਾਂਦੇ ਹਨ। ਪ੍ਰੰਤੂ ਡਿਪਟੀ ਕਮਿਸ਼ਨਰ ਨੇ ਫੁਰਤੀ ਨਾਲ ਹੜ੍ਹਾਂ ਦੇ ਗੰਭੀਰ ਰੂਪ ਧਾਰਨ ਕਰਨ ਦੇ ਹੰਦੇਸ਼ੇ ਨਾਲ ਸਿਵਲ ਅਮਲੇ ਦੀ ਮਦਦ ਲਈ ਤੁਰੰਤ ਫ਼ੌਜ ਅਤੇ ਐੱਨ.ਡੀ.ਆਰ.ਐੱਫ. ਦੀ ਸਹਾਇਤਾ ਦੀ ਮੰਗ ਕਰ ਦਿੱਤੀ। ਇਹੋ ਪ੍ਰਸ਼ਾਸ਼ਨਿਕ ਅਧਿਕਾਰੀ ਦਾ ਗੁਣ ਹੁੰਦਾ ਹੈ ਕਿ ਉਹ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਤੁਰੰਤ ਫ਼ੈਸਲੇ ਲਵੇ। 10 ਜੁਲਾਈ ਨੂੰ ਜਦੋਂ ਪਟਿਆਲਾ ਵਿਚ ਹੜ੍ਹ ਆਏ, ਤਾਂ ਉਨ੍ਹਾਂ ਤੁਰੰਤ ਪਟਿਆਲਾ ਦੀਆਂ ਸਵੈਇਛੱਤ ਸੰਸਥਾਵਾਂ ਅਤੇ ਰੈਜ਼ੀਡੈਂਸ਼ੀਅਲ ਕਾਲੋਨੀਆਂ ਦੀਆਂ ਸਭਾਵਾਂ ਦੇ ਵਟਸ ਅਪ ਗਰੁੱਪਾਂ ਨੂੰ ਸੂਚਿਤ ਕਰਨ ਲਈ ਨੋਡਲ ਅਧਿਕਾਰੀ ਦੀ ਜ਼ਿੰਮੇਵਾਰੀ ਲਗਾ ਦਿੱਤੀ, ਤਾਂ ਜੋ ਲੋਕਾਂ ਨੂੰ ਅਫ਼ਵਾਹਾਂ ਤੋਂ ਬਚਾਇਆ ਅਤੇ ਉਨ੍ਹਾਂ ਨੂੰ ਹੜ੍ਹਾਂ ਸੰਬੰਧੀ ਸਹੀ ਜਾਣਕਾਰੀ ਦਿੱਤੀ ਜਾ ਸਕੇ। ਇਨ੍ਹਾਂ ਗਰੁੱਪਾਂ ਵਿਚ ਉਹ ਖੁਦ ਸ਼ਾਮਲ ਹੋ ਗਈ। ਆਮ ਤੌਰ 'ਤੇ ਅਜਿਹੇ ਮੌਕਿਆਂ 'ਤੇ ਅਫ਼ਵਾਹਾਂ ਦਾ ਜ਼ੋਰ ਹੁੰਦਾ ਹੈ। ਇਨ੍ਹਾਂ ਗਰੁਪਾਂ ਨੂੰ ਉਨ੍ਹਾਂ ਦੇ ਇਲਾਕੇ ਵਿਚ ਹੜ੍ਹ ਦੇ ਪਾਣੀ ਦੀ ਸਥਿਤੀ ਅਤੇ ਬਚਾਓ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਲਗਾਤਾਰ ਦਿੱਤੀ ਜਾਂਦੀ ਸੀ। ਇਸ ਤੋਂ ਪਹਿਲਾਂ ਲੋਕ, ਲੋਕ ਸੰਪਰਕ ਵਿਭਾਗ ਦੀ ਪ੍ਰਚਾਰ ਕਰਨ ਵਾਲੀ ਗੱਡੀ ਦੀ ਇੰਤਜ਼ਾਰ ਕਰਦੇ ਰਹਿੰਦੇ ਸਨ, ਜਦੋਂਕਿ ਉਸ ਵੈਨ ਲਈ ਸਾਰੇ ਇਲਾਕੇ ਨੂੰ ਕਵਰ ਕਰਨਾ ਅਸੰਭਵ ਹੁੰਦਾ ਸੀ। ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਮੁਹੱਈਆ ਕਰਵਾਉਣ ਵਿਚ ਜ਼ਿਲ੍ਹਾ ਲੋਕ ਸੰਪਰਕ ਵਿਭਾਗ ਦੀ ਕਾਰਗੁਜ਼ਾਰੀ ਵੀ ਬਾਕਮਾਲ ਸੀ। ਵਟਸਅਪ ਗਰੁੱਪਾਂ ਵਿਚ ਲੋਕਾਂ ਦੇ ਹੜ੍ਹਾਂ ਸੰਬੰਧੀ ਸਵਾਲਾਂ ਦੇ ਜਵਾਬ ਵੀ ਡਿਪਟੀ ਕਮਿਸ਼ਨਰ ਦਿੰਦੇ ਰਹੇ, ਜਿਸ ਕਰਕੇ ਹੜ੍ਹਾਂ ਤੋਂ ਪ੍ਰਭਾਵਤ ਲੋਕ ਖਾਮਖਾਹ ਦੀ ਪ੍ਰੇਸ਼ਾਨੀ ਤੋਂ ਬਚ ਗਏ। ਪਹਿਲੇ ਦਿਨ ਤੋਂ ਹੜ੍ਹਾਂ ਦੇ ਖ਼ਤਮ ਹੋਣ ਤੱਕ ਸਾਕਸ਼ੀ ਸਾਹਨੀ ਸਵੇਰੇ 6 ਵਜੇ ਤੋਂ ਸਾਰਾ ਦਿਨ ਅਤੇ ਕਈ ਵਾਰੀ ਸਾਰੀ-ਸਾਰੀ ਰਾਤ ਹੜ੍ਹ ਤੋਂ ਪ੍ਰਭਾਵਤ ਇਲਾਕਿਆਂ ਵਿਚ ਉਨ੍ਹਾਂ ਦੇ ਬਚਾਓ ਲਈ ਅਧਿਕਾਰੀਆਂ ਦੇ ਨਾਲ ਮੌਕੇ 'ਤੇ ਰਹਿੰਦੇ ਸਨ। ਉਨ੍ਹਾਂ ਨੇ ਲੋਕਾਂ ਦੀ ਸੁਰੱਖਿਆ ਲਈ ਕਈ ਵਾਰ ਆਪਣੀ ਜਾਨ ਵੀ ਖ਼ਤਰੇ ਵਿਚ ਪਾ ਲਈ ਸੀ। ਇੱਕ ਵਾਰ ਰਾਤ ਦੇ ਤਿੰਨ ਵਜੇ ਉਨ੍ਹਾਂ ਦੀ ਕਾਰ ਹਨ੍ਹੇਰੇ ਕਰਕੇ ਹੜ੍ਹ ਦੇ ਪਾਣੀ ਵਿਚ ਫਸ ਗਈ ਸੀ ਕਿਉਂਕਿ ਪਾਣੀ ਵਿਚ ਸੜਕ ਦਾ ਪਤਾ ਨਹੀਂ ਲੱਗ ਰਿਹਾ ਸੀ ਪ੍ਰੰਤੂ ਪ੍ਰਮਾਤਮਾ ਦੀ ਮਿਹਰਬਾਨੀ ਨਾਲ ਉਨ੍ਹਾਂ ਦੀ ਕਾਰ ਠੀਕ ਰਸਤੇ 'ਤੇ ਪੈ ਕੇ ਪਾਣੀ ਵਿਚੋਂ ਬਾਹਰ ਨਿਕਲ ਗਈ ਸੀ। ਉਹ ਫ਼ੌਜ, ਪੁਲਿਸ ਅਤੇ ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਦੇ ਨਾਲ ਬਾਕਾਇਦਾ ਤਾਲਮੇਲ ਰੱਖਦੇ ਸਨ। ਜਿਥੇ ਲੋੜ ਪੈਂਦੀ ਸੀ, ਉਨ੍ਹਾਂ ਦੇ ਨਾਲ ਰਹਿੰਦੇ ਸਨ। ਜਿਥੇ ਪਾਣੀ ਘੱਟ ਸੀ ਪ੍ਰੰਤੂ ਜੀਪਾਂ ਤੇ ਕਾਰਾਂ ਰਾਹੀਂ ਮਦਦ ਨਹੀਂ ਕੀਤੀ ਜਾ ਸਕਦੀ ਸੀ, ਉਥੇ ਉਨ੍ਹਾਂ ਨੇ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਟ੍ਰੈਕਟਰਾਂ ਨਾਲ ਪ੍ਰਭਾਵਤ ਲੋਕਾਂ ਨੂੰ ਹੜ੍ਹਾਂ ਵਿਚੋਂ ਬਾਹਰ ਕੱਢਿਆ ਅਤੇ ਖਾਣ-ਪੀਣ ਦੀਆਂ ਵਸਤਾਂ ਪਹੁੰਚਦੀਆਂ ਕੀਤੀਆਂ। ਉਨ੍ਹਾਂ ਮਹਿਸੂਸ ਕੀਤਾ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾ ਸਫਲ ਹੋਣਾ ਸੰਭਵ ਨਹੀਂ ਹੁੰਦਾ। ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਜਦੋਂ ਪਾਣੀ ਵੱਧ ਗਿਆ ਤਾਂ ਮੋਟਰ ਬੋਟ (ਕਿਸ਼ਤੀਆਂ) ਦੀ ਵਰਤੋਂ ਕੀਤੀ ਗਈ। ਸਭ ਤੋਂ ਪਹਿਲਾਂ ਗਰਭਵਤੀ ਇਸਤਰੀਆਂ, ਬਜ਼ੁਰਗਾਂ, ਬੀਮਾਰਾਂ ਅਤੇ ਬੱਚਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਆਂਦਾ ਗਿਆ। ਉਨ੍ਹਾਂ ਦੇ ਠਹਿਰਨ, ਖਾਣ-ਪੀਣ ਅਤੇ ਦਵਾਈਆਂ ਦੇਣ ਦਾ ਪ੍ਰਬੰਧ ਕੀਤਾ ਗਿਆ। ਸਾਰਾ ਪ੍ਰਬੰਧ ਯੋਜਨਾਬੱਧ ਢੰਗ ਨਾਲ ਕੀਤਾ ਗਿਆ। ਉਨ੍ਹਾਂ ਦੀ ਇਕ ਹੋਰ ਕਾਬਲੀਅਤ ਵੇਖਣ ਨੂੰ ਮਿਲੀ ਕਿ ਉਨ੍ਹਾਂ ਆਮ ਲੋਕਾਂ ਨਾਲ ਵਿਚਰਦਿਆਂ ਵੀ ਹਲੀਮੀ ਤੋਂ ਕੰਮ ਲਿਆ। ਉਨ੍ਹਾਂ ਦੀ ਸਾਦਗੀ ਅਤੇ ਮਾਸੂਮੀਅਤ ਨੇ ਲੋਕਾਂ ਬਹੁਤ ਹੀ ਪ੍ਰਭਾਵਤ ਕੀਤਾ। ਇਉਂ ਪ੍ਰਭਾਵ ਦੇ ਰਹੇ ਸਨ, ਜਿਵੇਂ ਉਹ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਵਿਚੋਂ ਹੀ ਹੋਣ। ਨੌਜਵਾਨਾਂ ਦੇ ਰੋਹ ਅਤੇ ਗੁੱਸੇ ਨੂੰ ਉਨ੍ਹਾਂ ਦੀ ਬੋਲ ਬਾਣੀ ਸ਼ਾਂਤ ਕਰ ਦਿੰਦੀ ਸੀ। ਜ਼ਿਲ੍ਹਾ ਪੁਲਿਸ ਮੁਖੀ ਅਤੇ ਪੁਲਿਸ ਨਾਲ ਤਾਲਮੇਲ ਬਾਕਮਾਲ ਸੀ। ਪੁਲਿਸ ਵਾਲਿਆਂ ਵੀ ਪੂਰੀ ਤਨਦੇਹੀ ਨਾਲ ਕੰਮ ਕੀਤਾ। ਸਮਾਜ ਸੇਵੀ ਸੰਸਥਾਵਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰਾ ਸਾਥ ਦਿੱਤਾ। ਅਧਿਕਾਰੀਆਂ ਤੋਂ ਕੰਮ ਲੈਣ ਦਾ ਉਨ੍ਹਾਂ ਦਾ ਢੰਗ ਵੀ ਨਿਰਾਲਾ ਸੀ, ਲੋੜ ਅਨੁਸਾਰ ਸਖ਼ਤੀ ਵੀ ਵਰਤਦੇ ਸਨ ਪ੍ਰੰਤੂ ਅਧਿਕਾਰੀਆਂ, ਕਰਮਚਾਰੀਆਂ ਨੂੰ ਉਨ੍ਹਾਂ ਆਪਣੇਪਨ ਦਾ ਪ੍ਰਗਟਾਵਾ ਹੁੰਦਾ ਸੀ। ਇਕ ਹਫਤਾ ਉਹ ਇਤਨੇ ਰੁੱਝੀ ਰਹੀ ਕਿ ਆਪਣੀ ਨੰਨੀ ਬੱਚੀ ਨੂੰ ਵੀ ਮਿਲ ਨਹੀਂ ਸਕੀ ਕਿਉਂਕਿ ਸਵੇਰੇ 6 ਵਜੇ ਉਹ ਘਰੋਂ ਬੱਚੀ ਦੇ ਸੁੱਤੀ ਪਿਆਂ ਹੀ ਚਲੀ ਜਾਂਦੀ ਅਤੇ ਰਾਤ ਦੇ ਦੋ-ਤਿੰਨ ਵਜੇ ਜਦੋਂ ਵਾਪਸ ਆਉਂਦੀ, ਉਦੋਂ ਵੀ ਬੱਚੀ ਸੁੱਤੀ ਹੁੰਦੀ ਸੀ।

ਮੈਂ ਇਹ ਲੇਖ ਆਪਣੀ ਜ਼ਮੀਰ ਦੀ ਆਵਾਜ਼ ਨਾਲ ਲਿਖਿਆ ਹੈ। ਕਈ ਲੋਕਾਂ ਨੂੰ ਮੇਰਾ ਕਿਸੇ ਅਧਿਕਾਰੀ ਦੀ ਪ੍ਰਸ਼ੰਸਾ ਵਿਚ ਲਿਖਣਾ ਚੰਗਾ ਨਹੀਂ ਲੱਗੇਗਾ ਪ੍ਰੰਤੂ ਅਸਲੀਅਤ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਕੋਈ ਗ਼ਲਤ ਗੱਲ ਨਹੀਂ। ਮੈਂ ਤਾਂ ਸਾਕਸ਼ੀ ਸਾਹਨੀ ਨੂੰ ਨਾ ਕਦੇ ਮਿਲਿਆ ਅਤੇ ਨਾ ਹੀ ਜਾਣਦਾ ਹਾਂ। ਹੋ ਸਕਦਾ ਇਸ ਲੇਖ ਨੂੰ ਪੜ੍ਹਕੇ ਜੂਨੀਅਰ ਅਧਿਕਾਰੀਆਂ ਵਿਚ ਅਜਿਹੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰੇਰਨਾ ਮਿਲ ਸਕੇ। ਜੇਕਰ ਕੋਈ ਇਕ ਅਧਿਕਾਰੀ ਵੀ ਪ੍ਰੇਰਨਾ ਲੈ ਸਕੇ ਤਾਂ ਭਵਿੱਖ ਵਿਚ ਬਹੁਤ ਸਾਰੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਹੋ ਸਕਦੀ ਹੈ। ਕਿਉਂਕਿ ਹੜ੍ਹ ਹਰ ਸਾਲ ਆਉਂਦੇ ਹਨ, ਹੁਣ ਤੱਕ ਸਰਕਾਰਾਂ ਤਾਂ ਲੰਬੇ ਸਮੇਂ ਦੇ ਕੋਈ ਸਾਰਥਿਕ ਪੱਕੇ ਪ੍ਰਬੰਧ ਕਰਨ ਵਿਚ ਅਸਫਲ ਹੋਈਆਂ ਹਨ।

# ਤੰਦਰੁਸਤੀ ਰਾਜ 'ਸੈਲਫ-ਕੇਅਰ'

**"ਵਿਸ਼ਵ ਭਰ 'ਚ ਦੂਸ਼ਿਤ ਹਵਾ ਲਈ ਕੈਨੇਡਾ ਦੂਜੇ ਨੰਬਰ 'ਤੇ ਆ ਗਿਆ ਹੈ। ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਅ ਲਈ ਤੰਦਰੁਸਤ ਮਨ ਅਤੇ ਸਰੀਰ ਲਈ, ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜ਼ਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ" – ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)






24 ਜੁਲਾਈ ਹਰ ਸਾਲ ਅੰਤਰਰਾਸ਼ਟਰੀ ਸੈਲਫ-ਕੇਅਰ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸੱਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ, ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਆਧਾਰ 'ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਅਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਸਲਾਹ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ 'ਚ ਇਸ ਦਿਨ ਸਰਕਾਰੀ-ਗੈਰ ਸਰਕਾਰੀ ਪੱਧਰ 'ਤੇ ਲੋਕਾਂ ਨੂੰ ਸਰੀਰਕ, ਮਾਨਸਿਕ ਤੇ ਭਾਵਨਾਤਮਕ ਤੌਰ 'ਤੇ ਫਿਟ ਰਹਿਣ ਲਈ ਅਵੇਅਰ ਕੀਤਾ ਜਾਂਦਾ ਹੈ।

ਤੇਜ਼ ਰਫਤਾਰ ਜ਼ਿੰਦਗੀ ਦੌਰਾਣ ਹਰ ਆਦਮੀ ਨੂੰ ਪੂਰਾ ਸਾਲ ਰੋਗਾਂ ਤੋਂ ਬਚਾਅ ਦੇ ਤਰੀਕੇ ਵਰਤ ਕੇ ਖੁਦ ਦਾ ਪਰਿਵਾਰ ਤੇ ਸਮਾਜ ਦਾ ਰਲ-ਮਿਲ ਕੇ ਖਿਆਲ ਰੱਖਣਾ ਚਾਹੀਦਾ ਹੈ।

- ਵਿਸ਼ਵ ਭਰ 'ਚ ਦੂਸ਼ਿਤ ਹਵਾ ਲਈ ਕੈਨੇਡਾ ਦੂਜੇ ਨੰਬਰ 'ਤੇ ਆ ਗਿਆ ਹੈ। ਬਚਾਅ ਲਈ ਚੰਗੇ ਮਾਸਕ ਦੀ ਵਰਤੋਂ ਕਰੋ। ਦਿਨ 'ਚ ਸਮੇਂ ਦੇ ਮੁਤਾਬਕ ਲੰਬੇ ਸਾਹ ਲੈ ਕੇ ਹੌਲੀ-ਹੌਲੀ ਸਾਹ ਛੱਡਣ ਦੀ ਕ੍ਰਿਆ ਦੁਹਰਾਉਂਦੇ ਰਹੋ।
- ਮੈਡੀਸਨ ਐਂਡ ਸਾਇੰਸ ਇਨ ਸਪੋਰਟਸ ਦੀ ਸਟੱਡੀ ਮੁਤਾਬਿਕ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਵੱਧ ਰਹੀਆਂ ਬੀਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਰੋਜ਼ਾਨਾ ਇਸਤੇਮਾਲ ਕਰਨ ਨਾਲ ਹੱਡੀਆਂ ਮਜ਼ਬੂਤ ਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿੰਟ ਜੰਕ ਮੇਲ ਚੈੱਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜ਼ੇ, ਕਿਚਨ ਤੇ ਕਮਰੇ ਦੇ ਡਰਾਜ, ਫਰਿੱਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਜੌਬਸ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਨਾਲ ਰਾਤ ਹੈਵੀ-ਡਿਨਰ ਤੇ ਜਾਗਣ ਦੀ ਆਦਤ ਵੀ ਬਦਲ ਦਿਓ। 7 ਤੋਂ 8 ਘੰਟੇ ਦੀ ਨੀਂਦ ਲਈ ਖੁਰਾਕ ਵਿਚ ਘੱਟ ਕੈਲੋਰੀ ਵਾਲੇ ਪਦਾਰਥ, ਸਾਈਟਰਸ ਫਰੂਟ, ਗਰਮ ਪਾਣੀ ਤੇ ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।
- ਦਿਨ ਭਰ ਦੀ ਤਾਜ਼ਗੀ, ਐਨਰਜੀ ਅਤੇ ਬਾਡੀ ਟੈਂਪਰੇਚਰ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਕ ਗਰਮਸ਼ਾਵਰ ਤੇ ਆਖਰੀ ਇੱਕ ਮਿੰਟ ਠੰਢਾ ਸ਼ਾਵਰ ਲਵੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜ਼ਾਨਾ 8-10 ਗਿਲਾਸ ਪੀਓ ਅਤੇ ਕੰਮ ਦੌਰਾਨ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਉਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ-ਟੀ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ। ਵੱਧ ਕੋਲੇਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਰਸੋਈ ਵਿਚੋਂ ਕੁਕੀ-ਬਿਸਕੁਟ, ਮਿਠਾਈ, ਰੱਸ, ਕੇਕ ਤੇ ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ ਫਲਾਂ ਵਿਚ ਕੇਲਾ, ਸੇਵ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ, ਕੱਚੀ ਮੂੰਗਫਲੀ, ਬਾਦਾਮ, ਕਾਜੂ, ਅਖਰੋਟ ਨੂੰ ਸ਼ਾਮਲ ਕਰੋ।
- ਚੰਗੀ ਯਾਦਸ਼ਕਤੀ ਤੇ ਲੰਬੀ ਜ਼ਿੰਦਗੀ ਜਿਊਣ ਲਈ ਹੋ ਸਕੇ ਤਾਂ ਲੰਚ ਤੋਂ ਬਾਅਦ 20 ਮਿੰਟ ਦੀ ਸੈਰ ਕਰੋ। ਤਾਜ਼ਗੀ ਦੇ ਨਾਲ ਸਰੀਰ ਤੇ ਮਨ ਨੂੰ ਤਾਕਤ ਮਿਲਦੀ ਹੈ।
- ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ ਸਿਰਫ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨੀ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲਿਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਆਪ ਨੂੰ ਭਵਿੱਖ ਵਿਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜ਼ਾਨਾ 15 ਮਿੰਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਹਰ ਦੂਜਾ ਆਦਮੀ ਆਪਣੀ ਜੌਬ ਅਤੇ ਆਸਪਾਸ ਦੇ ਹਾਲਾਤਾਂ ਕਾਰਨ ਸਟ੍ਰੈਸ ਯਾਨੀ ਮਾਨਸਿਕ ਤਨਾਅ ਦਾ ਸ਼ਿਕਾਰ ਹੋਣ ਕਰਕੇ ਸੋਚਣ ਸਮਝਣ ਦੀ ਤਾਕਤ ਵੀ ਘੱਟਾ ਰਹਾ ਹੈ। ਸਟ੍ਰੈਸ ਨੂੰ ਘੱਟ ਕਰਨ ਵਾਲਾ ਹਾਰਮੋਨ ਕੋਰਟੀਸੋਲ ਦੇ ਪ੍ਰਾਪਰ ਲੈਵਲ ਲਈ ਘਰ ਤੋਂ ਬਾਹਰ ਫੈਮਿਲੀ ਨਾਲ ਸ਼ਾਂਤ ਹਰਿਆਲੀ ਵਾਲੇ ਸਥਾਨ ਕੁਝ ਘੰਟੇ ਜ਼ਰੂਰ ਬਿਤਾਓ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ।
- ਅੱਜ ਇਨਸਾਨ ਤਨਾਅ ਭਰੀ ਜ਼ਿੰਦਗੀ ਵਿਚ ਹੱਸਣਾ ਭੁੱਲ ਗਿਆ ਹੈ। ਤੁਸੀਂ ਘਰ ਅੰਦਰ ਪਰਿਵਾਰ, ਬਾਹਰ ਦੋਸਤਾਂ ਨਾਲ ਅਤੇ ਹਾਸੇ ਦੇ ਟੀ.ਵੀ. ਸ਼ੋਅ ਵਾਚ ਕਰੋ। ਖੁੱਲ੍ਹ ਕੇ ਹੱਸਣ ਨਾਲ ਦਿਮਾਗ ਐਂਡ੍ਰੋਫਿਨ ਹਾਰਮੋਨ ਰਿਲੀਜ਼ ਕਰਦਾ ਹੈ। ਹਾਸਾ ਮਾਨਸਿਕ ਤੌਰ 'ਤੇ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ।
- ਇਕੱਲਾਪਨ ਦੂਰ ਕਰਨ ਲਈ ਹੋ ਸਕੇ, ਤਾਂ ਅਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।
- 'ਕੀ ਕਰਨਾ ਚਾਹੁੰਦੇ ਹੋ, ਕੀ ਕਰ ਸਕਦੇ ਹੋ' ਨੂੰ ਪਲਾਨ ਕਰੋ, ਜ਼ਿੰਦਗੀ ਬੇਹਤਰ ਜੀਉਣ ਲਈ ਆਪਣੇ ਟੀਚਿਆਂ ਬਾਰੇ ਸੋਚੋ ਤੇ ਐਕਸ਼ਨ ਲਵੋ। ਤੁਹਾਡਾ ਸਹੀ ਪਲੈਨ ਹੀ ਜ਼ਿੰਦਗੀ ਬਦਲ ਦੇਵੇਗਾ।

* ਭੁੱਖ ਲਗਣ 'ਤੇ ਹੀ ਕੁੱਝ ਖਾਓ, ਸੰਤੁਸ਼ਟੀ ਹੋ ਜਾਣ 'ਤੇ ਖਾਣਾ-ਪੀਣਾ ਬੰਦ ਕਰ ਦਿਓ। ਜ਼ਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

* ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ 'ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੈੱਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੈਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ 'ਤੇ ਬੈਡ 'ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।

ਨੋਟ : ਵਿਸ਼ਵ ਭਰ ਵਿਚ ਤੇਜ਼ੀ ਨਾਲ ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਤੰਦਰੁਸਤੀ ਲਈ ਘਰ ਦੇ ਅੰਦਰ ਦੀ ਤੇ ਆਪਣੇ ਸਰੀਰ 'ਤੇ ਮਨ ਦੀ ਸਫਾਈ ਦਾ ਪੂਰਾ ਖਿਆਲ ਰੱਖੋ। ਹਮੇਸ਼ਾ ਆਪਣੇ ਹੱਥਾਂ ਨੂੰ ਸਾਬਨ ਨਾਲ ਰਗੜ ਕੇ ਸਾਫ ਕਰਕੇ ਸੈਨੀਟਾਈਜ਼ਰ ਦੀ ਵਰਤੋਂ ਕਰੋ। ਘਰ ਤੋਂ ਬਾਹਰ ਮਾਸਕ ਅਤੇ ਗਲਵਸ ਦਾ ਇਸਤੇਮਾਲ ਕਰਕੇ ਖੁਦ ਨੂੰ ਅਤੇ ਸਾਹਮਣੇ ਵਾਲੇ ਨੂੰ ਬਚਾ ਕੇ ਹੈਪੀ ਲਾਈਫ ਜੀਓ।

# ਡਾ: ਦਿਲਗੀਰ ਦੀ ਇਤਿਹਾਸਕਾਰੀ

-ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)



ਪਿਛਲੇ ਹਫ਼ਤੇ ਮੇਰੇ ਵੱਲੋਂ ਡਾ ਰੂਪ ਸਿੰਘ ਜੀ ਦੇ ਲੇਖ "ਹਰਿਕਿਸਨ ਭਯੋ ਅਸਟਮ ਬਲਬੀਰਾ" ਦੇ ਹਵਾਲੇ ਨਾਲ ਸੁਹਿਰਦ ਸੱਜਣਾਂ ਅਤੇ ਵਿਦਵਾਨਾਂ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੀ ਜਨਮ ਤਾਰੀਖ ਬਾਰੇ ਕੀਤੀ ਗਈ ਬੇਨਤੀ, "ਸਿੱਖ ਇਤਿਹਾਸ ਰੀਸਰਚ ਬੋਰਡ, ਯੂਨੀਵਰਸਿਟੀਆਂ ਦੇ ਵਿਦਵਾਨ, ਅੰਤਰਰਾਸ਼ਟਰੀ ਪ੍ਰਚਾਰਕ ਅਤੇ ਪੰਥ ਦਰਦੀਓ, ਤਾਰੀਖਾਂ ਸਬੰਧੀ ਅਜਿਹੀਆਂ ਸਮੱਸਿਆਂ ਵੱਲ ਵੇਖ ਕੇ, ਅੱਖਾਂ ਬੰਦ ਕਰਨ ਦੀ ਨੀਤੀ ਨਾਲ ਕਿੰਨਾ ਕੁ ਹੋਰ ਸਮਾਂ ਲਘਾਉਣਾ ਚਾਹੁੰਦੇ ਹੋ? ਇੱਕ ਨਾ ਇੱਕ ਦਿਨ ਤਾਂ ਸੱਚਾਈ ਦਾ ਸਾਹਮਣਾ ਕਰਨਾ ਹੀ ਪੈਣਾ ਹੈ", ਪੜ੍ਹ ਕੇ ਇਕ ਸੱਜਣ ਨੇ "ਜੁਝਾਰ ਟਾਈਮਜ਼" ਵਿਚ ਛਪੇ ਅੱਜ ਦੇ ਇਤਿਹਾਸ ਦੇ ਹਵਾਲੇ ਨਾਲ ਗੁਰੂ ਹਰਿਕ੍ਰਿਸ਼ਨ ਜੀ ਦੇ ਜਨਮ ਦੀ ਤਾਰੀਖ (20 ਜੁਲਾਈ 1652 ਈ:) ਬਾਰੇ ਸਵਾਲ ਕੀਤਾ ਕਿ ਇਸ ਤਾਰੀਖ ਬਾਰੇ ਤੁਹਾਡਾ ਕੀ ਵਿਚਾਰ ਹੈ? ਉਸ ਸੱਜਣ ਵੱਲੋਂ ਸਵਾਲ ਨਾਲ ਭੇਜੀ ਗਈ ਅਖ਼ਬਾਰ ਦੀ ਫ਼ੋਟੋ ਵੇਖ ਕੇ ਮੇਰਾ ਧਿਆਨ ਡਾ. ਦਿਲਗੀਰ ਵੱਲ ਗਿਆ ਕਿ ਇਹ ਲਿਖਤ ਉਨ੍ਹਾਂ ਦੀ ਹੋ ਸਕਦੀ ਹੈ। ਜਦੋਂ ਮੈਂ ਡਾ ਦਿਲਗੀਰ ਦੀ ਕਿਤਾਬ, "ਸਿੱਖ ਤਵਾਰੀਖ਼' ਵੇਖੀ ਤਾਂ ਮੈਨੂੰ ਯਕੀਨ ਹੋ ਗਿਆ ਕਿ "ਅੱਜ ਦਾ ਇਤਿਹਾਸ" ਡਾ. ਦਿਲਗੀਰ ਦੇ ਹਵਾਲੇ ਨਾਲ ਹੀ ਛੱਪਦਾ ਹੈ। ਅਖ਼ਬਾਰ ਵਿਚ ਛਪੀ ਇਹ ਲਿਖਤ ਡਾ. ਦਿਲਗੀਰ ਦੀ ਕਿਤਾਬ "ਸਿੱਖ ਤਵਾਰੀਖ਼" ਵਿਚ ਪੜ੍ਹੀ ਜਾ ਸਕਦੀ ਹੈ। ਡਾ. ਦਿਲਗੀਰ ਜੀ ਲਿਖਦੇ ਹਨ, "ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ, 1652 ਈ: ਦੇ ਦਿਨ ਕੀਰਤਪੁਰ ਸਾਹਿਬ ਵਿਚ ਮਾਤਾ ਸੁਲੱਖਣੀ ਦੇ ਘਰ ਹੋਇਆ ਸੀ।... ਅਜਿਹਾ ਜਾਪਦਾ ਹੈ ਕਿ ਆਪ ਨੂੰ 'ਬੜੀ ਹੀ ਨਿੱਕੀ ਉਮਰ ਵਿਚ ਮਹਾਨ ਹਸਤੀ ਸਾਬਿਤ ਕਰਨ ਵਾਸਤੇ ਅਸਲ ਉਮਰ ਤੋਂ ਵੀ ਛੋਟਾ ਲਿਖਿਆ ਗਿਆ ਹੋਵੇਗਾ"। (ਪੰਨਾ : 249)



# ਅੱਜ ਦਾ ਸਿੱਖ ਇਤਿਹਾਸ

## ੧੬੫੨: ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਹੋਇਆ

ਸਿੱਖ ਤਵਾਰੀਖ਼ ਵਿੱਚ ਸਭ ਤੋਂ ਘੱਟ ਉਮਰ ਵਿੱਚ, ਢਾਈ ਸਾਲ ਤੋਂ ਵੀ ਘੱਟ ਦੇ ਨਿੱਕੇ ਜਿਹੇ ਅਹਿਦ ਗੁਰਗੱਦੀ ਕਰਨ ਵਾਲੇ, ਗੁਰੂ ਹਰਿਕ੍ਰਿਸ਼ਨ ਸਾਹਿਬ ਸਨ। ਗੁਰੂ ਹਰਿਰਾਇ ਸਾਹਿਬ ਦੇ ਸਪੁੱਤਰ, ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਦੇ ਪੋਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ 1652 ਦੇ ਦਿਨ ਕੀਰਤਪੁਰ ਸਾਹਿਬ ਵਿੱਚ ਮਾਤਾ ਸੁਲੱਖਣੀ ਦੇ ਘਰ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰੂ ਹਰਿਰਾਇ ਸਾਹਿਬ ਦੇ ਤਿੰਨ ਬੱਚਿਆਂ ਵਿੱਚੋਂ ਸਭ ਤੋਂ ਨਿੱਕੇ ਬਾਲ ਸਨ। ਰਾਮਰਾਇ (ਜਨਮ 24 ਫ਼ਰਵਰੀ 1648) ਅਤੇ ਬੀਬੀ ਰੂਪ ਕੌਰ (ਜਨਮ 9 ਅਪ੍ਰੈਲ 1649) ਆਪ ਤੋਂ ਵੱਡੇ ਸਨ। 20 ਜੁਲਾਈ 1652 ਦੇ ਦਿਨ ਬਿਕਰਮੀ ਸੰਮਤ ਦੀ ਸਾਵਣ ਵਦੀ ਸੰਮਤ 1709 ਸੀ। ਕੁੱਝ ਕਿਤਾਬਾਂ ਵਿੱਚ ਆਪ ਦਾ ਜਨਮ 1656 ਵਿੱਚ ਹੋਇਆ ਲਿਖਿਆ ਵੀ ਮਿਲਦਾ ਹੈ। ਅਜਿਹਾ ਜਾਪਦਾ ਹੈ ਕਿ ਕਿਸੇ ਤੋਂ ਗ਼ਲਤੀ ਨਾਲ ਜਾਂ ਆਪ ਨੂੰ 'ਬੜੀ ਹੀ ਨਿੱਕੀ ਉਮਰ ਵਿੱਚ ਮਹਾਨ ਹਸਤੀ' ਸਾਬਿਤ ਕਰਨ ਵਾਸਤੇ ਅਸਲ ਉਮਰ ਤੋਂ ਵੀ ਚਾਰ ਸਾਲ ਛੋਟਾ ਲਿਖਿਆ ਗਿਆ ਹੋਵੇਗਾ।

ਡਾ. ਦਿਲਗੀਰ ਜੀ, ਅੱਖੀਂ ਵੇਖਿਆ ਤਾਂ ਲਿਖ ਨਹੀਂ ਰਹੇ। ਇਹ ਤਾਰੀਖ ਕਿੱਥੋਂ ਲਈ ਹੈ, ਇਸ ਦੀ ਜਾਣਕਾਰੀ ਉਨ੍ਹਾਂ ਦੀ ਕਿਤਾਬ 'ਚ ਨਹੀਂ ਮਿਲਦੀ। ਇਨ੍ਹਾਂ ਦੀ ਲਿਖਤ, "ਅਜਿਹਾ ਜਾਪਦਾ ਹੈ ਕਿ ਆਪ ਨੂੰ ਬੜੀ ਹੀ ਨਿੱਕੀ ਉਮਰ ਵਿਚ ਮਹਾਨ ਹਸਤੀ ਸਾਬਿਤ ਕਰਨ ਵਾਸਤੇ ਅਸਲ ਉਮਰ ਤੋਂ ਵੀ ਛੋਟਾ ਲਿਖਿਆ ਗਿਆ ਹੋਵੇਗਾ", ਪੜ੍ਹ ਕੇ ਜਾਪਦਾ ਹੈ ਕਿ ਡਾ. ਦਿਲਗੀਰ ਨੇ ਇਹ ਤਾਰੀਖ ਅੰਦਾਜ਼ੇ ਨਾਲ ਹੀ ਲਿਖ ਦਿੱਤੀ ਹੈ, ਤਾਂ ਜੋ ਗੁਰੂ ਜੀ ਦੇ ਗੁਰਗੱਦੀ 'ਤੇ ਬੈਠਣ ਦੇ ਸਮੇਂ (6 ਕੱਤਕ ਸੰਮਤ1718 ਬਿ:), ਗੁਰੂ ਜੀ ਦੀ ਉਮਰ ਨੂੰ ਕੁਝ ਸਾਲ ਵੱਧ ਵਿਖਾਇਆ ਜਾ ਸਕੇ। ਡਾ. ਦਿਲਗੀਰ ਵੱਲੋਂ ਲਿਖੀ ਗਈ ਤਾਰੀਖ 20 ਜੁਲਾਈ, 1652 ਈ:, ਜੂਲੀਅਨ ਕੈਲੰਡਰ ਦੀ ਤਾਰੀਖ ਹੈ। ਜੂਲੀਅਨ ਕੈਲੰਡਰ ਕਦੇ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਆਪਣੇ ਖਿਤੇ ਵਿਚ ਲਾਗੂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ ਇਹ ਤਾਰੀਖ਼ 21 ਸਾਵਣ, ਸਾਵਣ ਵਦੀ 10 ਸੰਮਤ 1709 ਬਿਕ੍ਰਮੀ ਦਿਨ ਵੀਰਵਾਰ ਬਣਦੀ ਹੈ।

ਵੱਖ-ਵੱਖ ਲਿਖਤਾਂ ਤੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਜਨਮ ਤਾਰੀਖ ਬਾਰੇ ਹੇਠ ਲਿਖੀ ਜਾਣਕਾਰੀ ਮਿਲਦੀ ਹੈ।

ਸੰਮਤ ਸਤਾਰਾਂ ਸੈ ਯਾਰਾਂ ਥੇ ਗਏ। ਗੁਰੂ ਹਰਿਕ੍ਰਿਸ਼ਨ ਜੀ ਜਨਮ ਤਬ ਥੇ ਲਏ।

ਸਾਵਣ ਦਿਨ ਨਉਂ ਜਬ ਥੇ ਬੀਤੇ। ਚਾਨਣੇ ਪੱਖ ਸਭ ਨਛਤ੍ਰ ਨਿਸ ਅਢਾਈ ਜਾਮ ਬੀਤੇ।੧।

(ਬੰਸਾਵਲੀਨਾਮਾ, ਸੰਪਾਦਕ ਪਿਆਰਾ ਸਿੰਘ ਪਦਮ ਪੰਨਾ : 105)

ਇਸ ਦਾ ਭਾਵ ਹੈ ਗੁਰੂ ਜੀ ਦਾ ਜਨਮ ਸਾਵਣ ਸੁਦੀ 9, ਸੰਮਤ 1711 ਬਿਕ੍ਰਮੀ, (12 ਜੁਲਾਈ 1654 ਈ: ਜੂਲੀਅਨ) ਦਿਨ ਬੁੱਧਵਾਰ ਨੂੰ ਹੋਇਆ ਸੀ। ਪਰ ਗੁਰ ਪ੍ਰਣਾਲੀਆਂ ਸਮੇਤ ਸਾਰੇ ਲੇਖਕਾਂ ਨੇ ਸੰਮਤ 1713 ਬਿਕ੍ਰਮੀ ਲਿਖੀ ਹੈ। ਹਾਂ, ਤਾਰੀਖ ਬਾਰੇ ਇਕ ਦਿਨ ਦਾ ਫਰਕ ਜਰੂਰ ਹੈ। ਸਾਵਣ ਵਦੀ 9 ਜਾਂ ਸਾਵਣ ਵਦੀ 10 ਅਤੇ 8 ਸਾਵਣ ਜਾਂ 9 ਸਾਵਣ ਮਿਲਦੀਆਂ ਹਨ, ਪਰ ਅੰਗਰੇਜੀ ਤਾਰੀਖ 7 ਜੁਲਾਈ 1656 ਈ: (ਜੂਲੀਅਨ) ਹੀ ਹੈ। ਗੁਰਬਾਣੀ ਪਾਠ ਦਰਪਣ ਵਿਚ ਇਹ "1713 ਬਿ: ਸਾਵਣ ਵਦੀ ਨੌਵੀਂ, ਦਿਨ ਵੀਰਵਾਰ 14 ਜੁਲਾਈ ਦਰਜ ਹੈ। (ਇਥੇ ਦਿਨ ਅਤੇ ਤਾਰੀਖ ਸਹੀ ਨਹੀਂ ਹੈ) ਇਸ ਉੱਪਲਭਦ ਜਾਣਕਾਰੀ ਦੀ ਪੜਤਾਲ ਉਪਰੰਤ ਇਹ 8 ਸਾਵਣ, ਸਾਵਣ ਵਦੀ 10, ਸੰਮਤ 1713 ਬਿਕ੍ਰਮੀ, ਦਿਨ ਸੋਮਵਾਰ ਮੁਤਾਬਕ 7 ਜੁਲਾਈ, 1656 ਈ: ਜੂਲੀਅਨ ਬਣਦੀ ਹੈ। ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਉੱਪਰ ਵੀ ਇਹ ਹੀ ਦਰਜ ਹੈ,

**"Sri Guru Har Krishan Ji was born on Sawan Vadi 10, (8 Sawan), Bikrami Samvat 1713, (July 7, 1656) at Kiratpur Sahib"? (sgpc.net)**

**"He was born at kiratpur on 9th Sawan S. 1713 (1656A.D). (Dr Khazan Singh, History and philosophy- Page 146)**

"ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜਨਮ ਕੀਰਤਪੁਰ ਸਾਹਿਬ ਵਿਚ ਹੋਇਆ ਸੀ। ਸੋਮਵਾਰ ਦਾ ਦਿਨ ਸੀ, 8 ਸਾਵਣ ਸੰਮਤ 1713, ਚੰਦ੍ਰਮਾ ਦੇ ਹਿਸਾਬ ਨਾਲ ਸਾਵਣ ਵਦੀ 10 ਸੀ, ਈਸਵੀ ਸੰਨ 1656 ਤੇ ਜੁਲਾਈ ਦੀ 7 ਤਰੀਕ ਸੀ"। (ਪ੍ਰੋ: ਸਾਹਿਬ ਸਿੰਘ, ਗੁਰ ਇਤਿਹਾਸ ਪਾਤਸ਼ਾਹੀ 2 ਤੋਂ 9, ਪੰਨਾ 288)

"ਗੁਰੂ ਹਰਿ ਰਾਇ ਸਾਹਿਬ ਦੇ ਘਰ ਤੇ ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਕ੍ਰਿਤਕਾ ਨਛਤ੍ਰ, ਗੰਡ ਯੋਗ ਵਿਚ ਸੋਮਵਾਰ, ਸਾਵਣ ਵਦੀ 10, ਮਿਤੀ ਸਾਵਣ 8, ਸੰਮਤ 1713 ਬਿ: (7 ਜੁਲਾਈ, 1656ਈ:) ਨੂੰ ਕੀਰਤਪੁਰ ਵਿਚ ਪ੍ਰਗਟ ਹੋਏ"। (ਸੋਹਣ ਸਿੰਘ ਸੀਤਲ, ਗੁਰ ਇਤਿਹਾਸ, ਪੰਨਾ : 169)

ਇਸ ਤਾਰੀਖ ਨਾਲ ਡਾ. ਸੁਖਦਿਆਲ ਸਿੰਘ (ਪੰਜਾਬ ਦਾ ਇਤਿਹਾਸ, ਪੰਨਾ : 150), ਡਾ. ਤ੍ਰਲੋਚਨ ਸਿੰਘ (**Life of Guru Hari Krishan, Page 7**) ਪ੍ਰਿੰਸੀਪਲ ਸਤਬੀਰ ਸਿੰਘ (ਅਸ਼ਟਮ ਬਲਬੀਰਾ, ਪੰਨਾ 38), ਪ੍ਰੋ: ਕਰਤਾਰ ਸਿੰਘ (ਸਿੱਖ ਇਤਿਹਾਸ ਭਾਗ 1, ਪੰਨਾ : 291), ਠਾਕਰ ਦੇਸ ਰਾਜ (ਸਿੱਖ ਇਤਿਹਾਸ-(ਹਿੰਦੀ), ਪੰਨਾ 157), ਪ੍ਰਿੰਸੀਪਲ ਹਰਭਜਨ ਸਿੰਘ (ਦਸ ਗੁਰ ਰਤਨਾਵਲੀ, ਪੰਨਾ : 159) ਵੀ ਸਹਿਮਤ ਹਨ। ਨਾਨਕਸ਼ਾਹੀ ਕੈਲੰਡਰ ਵਿਚ ਵਦੀ-ਸੁਦੀ ਵਿਚ ਦਰਜ ਤਾਰੀਖਾਂ ਨੂੰ ਬਦਲੀ ਕਰਨ ਵੇਲੇ ਅੰਗਰੇਜ਼ੀ ਤਾਰੀਖਾਂ ਨੂੰ ਨਹੀਂ, ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਹੈ, ਜਿਸ ਮੁਤਾਬਕ 8 ਸਾਵਣ ਦਰਜ ਹੀ ਹੈ।

ਹੁਣ ਡਾ. ਦਿਲਗੀਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਤਾਰੀਖ, 20 ਜੁਲਾਈ 1652 ਈ: (ਜੂਲੀਅਨ) ਮੁਤਾਬਕ 21 ਸਾਵਣ, ਸੰਮਤ 1709 ਬਿਕ੍ਰਮੀ ਨੂੰ ਸਹੀ ਸਾਬਿਤ ਕਰਨ।... (ਚਲਦਾ)

# ਜਵਾਨੀ ਦੇ ਟਾਹਣੇ

ਐਡਵੋਕੈਟ ਰਵਿੰਦਰ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ
ਮੋ : 78374-90309
(Punjab Mail USA)



ਦਲੀਪੇ ਦੀ ਜ਼ਿੰਦਗੀ ਬਹੁਤ ਖਰਮਸਤੀ ਵਿਚ ਗੁਜ਼ਰ ਰਹੀ ਸੀ। ਪਹਿਲਾਂ ਮਜ਼ਦੂਰੀ ਨਾਲ ਡੰਗ ਟਪਾਉਂਦਾ ਰਿਹਾ, ਫਿਰ ਬਿਨਾਂ ਗੁਰੂ ਧਾਰਿਆਂ ਮਿਸਤਰੀ ਬਣ ਗਿਆ। ਘਰ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਕਦੇ ਵੀ ਗੰਭੀਰ ਨਹੀਂ ਹੋਇਆ। ਉਸ ਦਾ ਵੱਡਾ ਭਰਾ ਫੌਜ ਵਿਚ ਅਤੇ ਛੋਟਾ ਭਰਾ ਵੀ ਸਰਕਾਰੀ ਕਲਰਕ ਸੀ। ਸਾਂਝੇ ਪਰਿਵਾਰ ਕਰਕੇ ਜ਼ਿੰਮੇਵਾਰੀਆਂ ਵਧੀਆ ਨਿੱਭ ਰਹੀਆਂ ਸਨ। ਦਲੀਪੇ ਦੀ ਪਹਿਲੀ ਘਰਵਾਲੀ ਦੇ ਕੁੱਖੋਂ ਮੁੰਡੇ (ਕਰਨੇ) ਨੇ ਜਨਮ ਲਿਆ ਪਰ ਛੇ ਕੁ ਵਰਿਆਂ ਪਿੱਛੋਂ ਤਲਾਕ ਹੋ ਗਿਆ। ਭਰਾਵਾਂ ਦੇ ਰਸੂਖ ਕਰਕੇ ਦੂਜਾ ਵਿਆਹ ਹੋਣ ਨੂੰ ਵੀ ਸਮਾਂ ਨਾ ਲੱਗਾ। ਉਸ ਤਲਾਕਸ਼ੁਦਾ ਔਰਤ ਦੇ ਕੋਲ ਪਹਿਲਾਂ ਕੋਈ ਔਲਾਦ ਨਹੀਂ ਸੀ। ਅਕਸਰ ਘਰ ਦੇ ਕੰਮਾਂ ਵਿਚ ਮਸਰੂਫ਼ ਰਹਿੰਦੀ ਤੇ ਔਰਤਾਂ ਨਾਲ ਵੀ ਘੱਟ ਹੀ ਬੋਲਦੀ ਪਰ ਤਰਨੇ ਨੂੰ ਕੁੱਖੋਂ ਜੰਮੇ ਪੁੱਤਰ ਵਾਂਗ ਪਿਆਰ ਕਰਦੀ। ਦਲੀਪੇ ਦੇ ਕੰਮ ਵਿਚ ਪਰਪੱਕਤਾ ਨਾ ਹੋਣ ਕਰਕੇ ਉਲਾਂਭੇ ਆਉਣੇ ਸੁਭਾਵਿਕ ਸਨ। ਉਹ ਬਹੁਤਾ ਨਾ ਗੌਲਦਾ, ਦਿਨ ਭਰ ਸੱਥ ਵਿਚ ਬੈਠ ਕੇ ਤਾਸ਼ ਖੇਡਣੀ, ਸੂਰਜ ਢੱਲਦਿਆ ਦਾਰੂ ਪੀ ਕੇ ਬੜਕਾਂ ਮਾਰਨਾ, ਉਸ ਦਾ ਰੋਜ਼ਮਰ੍ਹਾ ਦਾ ਕੰਮ ਹੋ ਗਿਆ। ਭਾਵੇਂ ਉਸਨੂੰ ਸੱਥ ਵਿਚ ਬੈਠਣ ਵਾਲੇ ਪਸੰਦ ਨਹੀਂ ਕਰਦੇ ਸਨ। ਉਂਜ ਲੜਾਈ ਤੋਂ ਬਚਣ ਲਈ ਚੁੱਪ ਹੀ ਰਹਿੰਦੇ। ਉਸ ਦਾ ਪੁੱਤ ਤਰਨਾ ਸਭ ਕੁਝ ਬੜੇ ਨੇੜਿਓਂ ਦੇਖ ਰਿਹਾ ਸੀ।

ਨੌਵੀਂ ਜਮਾਤ 'ਚੋਂ ਫੇਲ ਹੋਣ ਕਰਕੇ ਅੱਗੇ ਲੜਕੇ ਨੂੰ ਸਕੂਲ ਭੇਜਣਾ ਜ਼ਰੂਰੀ ਨਾ ਸਮਝਿਆ। ਪਹਿਲਾਂ ਮਜ਼ਦੂਰੀ ਕੀਤੀ, ਫਿਰ ਕਰਨੇ ਨੇ ਟਰੈਕਟਰ ਦੀ ਡਰਾਇਵਰੀ ਦਾ ਸ਼ੌਕ ਪਾਲ ਲਿਆ। ਹੌਲੀ-ਹੌਲੀ ਕੰਮ ਰੁੜ ਪਿਆ। ਕਮਾਈ ਦੇ ਚੋਖੇ ਵਾਧੇ ਨਾਲ ਦਾਰੂ ਦੀਆ ਮਹਿਫਲਾਂ ਹੁਣ ਸਮਾਂਬੰਧ ਨਾ ਰਹੀਆਂ। ਸਰਪੰਚ ਨੇ ਕਈ ਵਾਰ ਸਮਝਾਇਆ ਕਿ ਪਿਉ-ਪੁੱਤ ਮਿਲ ਕੇ ਕੋਈ ਸਥਾਈ ਕੰਮ ਸ਼ੁਰੂ ਕਰ ਲਵੋ, ਤਾਂ ਜੋ ਭਰਾਵਾਂ ਦੇ ਹਾਣ ਦਾ ਹੋ ਜਾਵੇ। ਕਿਉਂ ਨਿੱਤ ਲੜਾਈਆਂ ਕਰ ਲਾਣੇ ਦੀ ਇੱਜ਼ਤ ਰੋਲਣ ਲੱਗੇ ਹੋ। ਇਨ੍ਹਾਂ ਚੰਦਰੀਆਂ ਆਦਤਾਂ ਕਰਕੇ ਦੋਵੇਂ ਭਰਾ ਸ਼ਹਿਰ ਵਸ ਗਏ ਸਨ। ਪਰ ਲਾਪ੍ਰਵਾਹ ਦਲੀਪੇ ਨੇ ਨਸ਼ੇ ਦੀ ਲੋਰ ਵਿਚ ਕਹਿ ਛੱਡਿਆ, ਪੁੱਤ ਨੂੰ ਜਵਾਨ ਹੁੰਦਿਆਂ ਦੇਖ ਮੇਰੇ ਮੁੱਢਾ ਤੋਂ ਵੀ ਜ਼ੁਵਾਨੀ ਦੀਆਂ ਟਾਹਣੀਆਂ ਫੁੱਟਣ ਲੱਗ ਪਈਆਂ ਹਨ "ਤੁਸੀਂ ਤਾਂ ਮੇਰੇ ਤੋਂ ਹੀ ਘਬਰਾ ਗਏ, ਜਦੋਂ ਦੋਵੇਂ ਖਹਿਣਗੇ, ਦੇਖਣਾ ਕਿਵੇਂ ਕੰਧਾਂ ਕੰਬਣਗੀਆਂ।" ਸਰਪੰਚ ਉਸ ਦੀਆਂ ਗੱਲਾਂ ਨੂੰ ਬੇਧਿਆਨਿਆ ਕਰ ਬੋਲਣੋਂ ਨਾ ਰਹਿ ਸਕਿਆ, ਦਲੀਪਿਆ ਅੱਤ ਦੇ ਨਤੀਜੇ ਚੰਗੇ ਨਹੀਂ ਹੁੰਦੇ ਨੇ। ਮੁੰਡੇ ਦੀ ਜ਼ੁਵਾਨੀ ਦੀਆਂ ਲਗਰਾਂ ਨੂੰ ਸੰਭਾਲ ਲੈ, ਜਿਸ ਨੇ ਬੁਢਾਪੇ ਵਿਚ ਸੰਘਣੀ ਛਾਂ ਦੇਣੀ ਹੈ।

ਹੁਣ ਕਰਨਾ ਵੀ ਬਾਪ ਦੇ ਨਕਸ਼ੇ ਕਦਮ ਉਪਰ ਚੱਲਣ ਲੱਗਾ। ਦਲੀਪੇ ਨੇ ਕਦੇ ਦੂਸਰੀ ਘਰਵਾਲੀ ਦੀ ਨਹੀਂ ਸੀ ਸੁਣੀ, ਉਹੀ ਮੁੰਡਾ ਕਰਦਾ। ਉਹ ਹਮੇਸਾ ਕਰਨੇ ਨੂੰ ਸਿੱਧੇ ਰਾਹ ਚੱਲਣ ਲਈ ਆਖਦੀ ਤੇ ਉਸ ਦਾ ਵਿਆਹ ਜਲਦੀ ਕਰਕੇ ਸੁਧਰਨ ਦੀਆਂ ਆਸਾਂ ਵੀ ਉਲੀਕਦੀ ਰਹਿੰਦੀ। ਮੁੰਡੇ ਨੂੰ ਨਾਲ ਦੇ ਪਿੰਡ ਭਰਤ ਪਾਉਣ ਦਾ ਵੱਡਾ ਠੇਕਾ ਮਿਲ ਗਿਆ। ਜਿੱਥੇ ਦਲੀਪਾ ਮਕਾਨ ਉਸਾਰੀ ਦਾ ਕੰਮ ਕਰ ਰਿਹਾ ਸੀ। ਪਿਓ-ਪੁੱਤ ਮਾਇਆ ਦੇ ਖਟੋਲੇ ਵਿਚ ਝੂਲਦਿਆਂ ਦੁਨੀਆਂਦਾਰੀ ਨੂੰ ਟਿੱਚ ਸਮਝਣ ਲੱਗੇ। ਇਕ ਦਿਨ ਕਰਨੇ ਨੇ ਦਾਰੂ ਪੀਤੀ ਵਿਚ ਮਿੱਟੀ ਵਾਲੀ ਟਰਾਲੀ ਆਪ ਲੈ ਜਾਣ ਦੀ ਜ਼ਿੱਦ ਫੜ ਲਈ। ਜਿਹੜੀ ਉਸਦਾ ਅੰਤ ਬਣ ਢੁੱਕੀ। ਜਿਵੇਂ ਹੀ ਟਰਾਲੀ ਖੱਡੋਂ ਬਾਹਰ ਕੱਢ ਕੇ ਸੜਕ 'ਤੇ ਪਾਈ, ਅੱਗੇ ਟਰੱਕ ਆਉਣ ਕਾਰਨ ਟਰੈਕਟਰ ਦਾ ਸੰਤੁਲਣ ਵਿਗੜ ਗਿਆ। ਪਿੱਛੋਂ ਟਰਾਲੀ ਦੀ ਧੱਕ ਵੱਜਦਿਆਂ ਹੀ ਕਰਨਾ ਥੱਲੇ ਗਿਰਿਆ ਤੇ ਆਪਣੇ ਹੀ ਟਰੈਕਟਰ ਦੇ ਪਿਛਲੇ ਟਾਇਰ ਨਾਲ ਦਰੜਿਆ ਗਿਆ। ਭਾਵੇਂ ਹਸਪਤਾਲ ਲਿਜਾਣ ਦਾ ਕੋਈ ਫਾਇਦਾ ਨਹੀਂ ਸੀ। ਦਲੀਪੇ ਨੇ ਫਿਰ ਵੀ ਹਸਪਤਾਲ ਜਾਣਾ ਜ਼ਰੂਰੀ ਸਮਝਿਆ, ਜਿੱਥੇ ਡਾਕਟਰਾਂ ਨੇ ਪਹੁੰਚਣ ਸਾਰ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਿਵੇਂ ਹੀ ਕਰਨੇ ਦੀ ਮਾਂ ਨੂੰ ਪਤਾ ਲੱਗਾ, ਤਾਂ ਉਹ ਪੱਥਰ ਬਣ ਗਈ, ਜਿਸ ਨੇ ਆਪਣੇ ਪੁੱਤ ਦੇ ਲਈ ਵਿਆਹ ਦੇ ਸੁਪਨੇ ਦੇਖੇ ਸਨ, ਉਸ ਦੀ ਜ਼ਿੰਦਗੀ ਦਾ ਅੰਤ ਸੱਥਰਾ 'ਤੇ ਆ ਮੁੱਕਿਆ। ਦਲੀਪ ਪੁੱਤਰ ਦੀ ਅੰਤਿਮ ਅਰਦਾਸ ਮਗਰੋਂ ਸ਼ਾਂਤ ਰਹਿੰਦਾ ਤੇ ਘਰੋਂ ਘੱਟ ਹੀ ਬਾਹਰ ਨਿਕਲਦਾ। ਸਰੂਰਮਈ ਜ਼ਿੰਦਗੀ ਬੀਤੇ ਵੇਲੇ ਗੱਲ ਹੋ ਚੁੱਕੀ ਸੀ। ਭਾਵੇਂ ਹੌਲੀ-ਹੌਲੀ ਜ਼ਿੰਦਗੀ ਲੀਅ 'ਤੇ ਪਰਤ ਰਹੀ ਸੀ। ਪਰ ਉਸ ਨੂੰ ਅਣਕਿਆਸੇ ਦੁਖਦਾਈ ਵਿਛੋੜੇ ਨੇ ਊਣਾ ਕਰ ਦਿੱਤਾ। ਭਰਾਵਾਂ ਨੇ ਸ਼ਹਿਰ ਨਾਲ ਚੱਲਣ ਤੇ ਨਵਾਂ ਕੰਮ ਸ਼ੁਰੂ ਕਰਨ ਦੀ ਹਾਮੀ ਵੀ ਭਰੀ। ਪਰ ਗੱਲ ਕਿਸੇ ਕਿਨਾਰੇ ਨਾ ਲੱਗੀ।

ਸਰਪੰਚ ਬਹੁਤ ਹੀ ਬੀਬਾ ਬੰਦਾ ਸੀ। ਬੇਮਤਲਬ ਤੇ ਬੇਸੁੱਧ ਵਿਚ ਬੋਲੇ ਬੋਲਾਂ ਦਾ ਬੁਰਾ ਨਾ ਮਨਾਉਂਦਾ, ਸਗੋਂ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਭੁਲਾ ਜ਼ਰੂਰ ਦਿੰਦਾ। ਦਲੀਪ ਦੀ ਹਾਲਾਤ ਬਾਰੇ ਸੁਣਦਿਆਂ ਹੀ ਮਿਲਣ ਉਸ ਦੇ ਘਰ ਚਲਾ ਗਿਆ। ਸਰਪੰਚ ਨੂੰ ਦੇਖਦੇ ਹੀ ਦਲੀਪ ਬਹੁਤ ਸ਼ਰਮਿੰਦਾ ਹੋਇਆ। ਬੜੀ ਨਿਮਰਤਾ ਨਾਲ ਸਤਿ ਸ੍ਰੀ ਅਕਾਲ ਬੁਲਾ ਕੇ ਮਾਫ਼ੀ ਮੰਗਦਿਆਂ ਗੱਚ ਭਰ ਆਇਆ। ਹੁਬਕੀ-ਹੁਬਕੀ ਰੋਂਦਿਆਂ ਆਖਣ ਲੱਗਾ, "ਸਰਪੰਚ ਸਾਹਿਬ, ਲੰਘੇ ਵੇਲੇ ਦੀਆਂ ਸੂਈਆਂ ਵਾਪਸ ਨਹੀਂ ਆਉਂਦੀਆਂ ਤੇ ਨਾ ਹੀ ਦੁਵਾਰਾ ਫੁੱਟ ਦੇ ਮੁੱਢ ਕਦੇ ਘਣੀਆਂ ਛਾਵਾਂ ਦੇ ਸਕਦੇ।" ਜੇ ਤੁਹਾਡੇ ਕਹੇ ਸ਼ਬਦ ਪ੍ਰਵਾਨ ਕਰ ਲੈਂਦਾ, ਤਾਂ ਮੁੰਡੇ ਦੀ ਜਵਾਨੀ ਦੀਆਂ ਲਗਰਾ ਅੱਜ ਟਾਹਣਿਆਂ ਵਿਚ ਬਦਲ ਜਾਂਦੀਆਂ, ਜਿਸਦੀ ਛਾਂ ਸਭ ਮਾਪੇ ਲੋਚਦੇ ਹਨ। ਮੈਂ ਐਂਵੇ ਹਉਮੈ ਭਰਿਆ ਮੁੱਢਾ ਨੂੰ ਹੀ ਜਵਾਨੀ ਦੇ ਫੁੱਟਦੇ ਟਾਹਣੇ ਸਮਝ ਹਵਾਈ ਜੋਸ਼ ਵਿਚੋਂ ਉੱਠਦਾ ਰਿਹਾ। ਸਰਪੰਚ ਉਸ ਦੀ ਭਾਵਨਾਤਮਕਤਾ ਨੂੰ ਸਮਝਦਿਆ ਹੋਇਆ ਹੌਂਸਲੇ ਵਾਲਾ ਹੱਥ ਉਸਦੇ ਮੋਢੇ ਉਪਰ ਰੱਖਦਿਆਂ ਆਖਿਆ, ਕੱਲ੍ਹ ਨਹਿਰ ਕੰਢੇ ਲੱਗਦੀ ਜ਼ਮੀਨ ਦੇ ਕੋਠੇ ਦੀ ਮੁਰੰਮਤ 'ਤੇ ਨਵੇਂ ਵਰਾਂਡੇ ਬਣਾਉਣ ਲਈ ਖੇਤ ਆ ਜਾਣਾ। ਇੰਨੇ ਨੂੰ ਸਰਪੰਚ ਦਾ ਸੀਰੀ ਵੀ ਟਰੈਕਟਰ-ਟਰਾਲੀ ਲੈ ਕੇ ਆ ਗਿਆ ਅਤੇ ਦੋਵੇਂ ਰੇਤਾ, ਬੱਜਰੀ, ਸੀਮਿੰਟ ਅਤੇ ਸਰੀਆ ਲੈਣ ਲਈ ਮੰਡੀ ਚਲੇ ਗਏ।

# ਹੜ੍ਹਾਂ ਦਾ ਕਹਿਰ



ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ
ਫ਼ਤਿਹਗੜ੍ਹ ਸਾਹਿਬ
98889-40211
(Punjab Mail USA)


ਪਿਛਲੇ ਦਿਨੀਂ ਪੰਜਾਬ ਦੇ ਅੱਧੇ ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆ ਗਏ। ਦੇਸ਼ ਦੀ ਗੱਲ ਤਾਂ ਛੱਡੋ, ਦੁਨੀਆਂ ਦੇ ਕਿਸੇ ਕੋਨੇ ਵਿਚ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ, ਤਾਂ ਸਭ ਤੋਂ ਪਹਿਲਾਂ ਸਹਾਇਤਾ ਲਈ ਪੰਜਾਬੀ ਪਹੁੰਚਦੇ ਹਨ, ਪਰ ਅਫਸੋਸ ਜਦੋਂ ਪੰਜਾਬ ਹੜ੍ਹਾਂ 'ਚ ਡੁੱਬ ਰਿਹਾ ਸੀ, ਤਾਂ ਪੰਜਾਬੀਆਂ ਤੋਂ ਇਲਾਵਾ ਕੋਈ ਨਹੀਂ ਬਹੁੜਿਆ। ਇਹ ਵੱਖਰਾ ਵਿਸ਼ਾ ਹੈ ਤੇ ਇਸ ਦੇ ਕਈ ਕਾਰਨ ਹਨ ਪਰ ਇਸ ਲੇਖ ਵਿਚ ਗੱਲ ਕਰ ਰਹੇ ਹਾਂ ਕੁਦਰਤੀ ਕਰੋਪੀਆਂ ਦੇ ਕਾਰਨਾਂ ਦੀ।

ਪਿਛਲੇ ਸਾਲਾਂ ਦੌਰਾਨ ਹਿਮਾਚਲ ਪ੍ਰਦੇਸ ਦੇ ਕੁੱਲੂ ਮਨਾਲੀ ਨੂੰ ਜਾਂਦੇ ਹਾਈਵੇ ਉੱਤੇ ਵੱਡੇ-ਵੱਡੇ ਪਹਾੜਾਂ ਨੂੰ ਕੱਟ ਕੇ ਵੱਡੀਆਂ-ਵੱਡੀਆਂ ਸੁਰੰਗਾ ਬਣਾਈਆਂ ਗਈਆਂ। ਇਸ ਤੋਂ ਇਲਾਵਾ ਉਸ ਹਾਈਵੇ ਦੇ ਨਾਲ ਲੱਗਦੇ ਪਹਾੜਾਂ ਨੂੰ ਕੱਟ-ਕੱਟ ਕੇ ਫੋਰਲੇਨ ਸੜਕਾਂ ਵੀ ਬਣਾਈਆਂ। ਸਰਕਾਰਾਂ ਨੇ ਇਨ੍ਹਾਂ ਸੁਰਖੀਆਂ ਨੂੰ ਅਖਬਾਰਾਂ ਤੇ ਚੈਨਲਾਂ 'ਤੇ ਖੂਬ ਸਲਾਹਿਆ ਸੀ। ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਗਿਆ ਸੀ ਕਿ ਹੁਣ ਮਨਾਲੀ ਪਹੁੰਚਣ ਲਈ ਪਹਿਲਾਂ ਨਾਲੋਂ ਤਿੰਨ ਘੰਟੇ ਘੱਟ ਸਮਾਂ ਲੱਗੇਗਾ। ਜਿਸਨੇ ਜਾਣਾ ਹੀ ਹੈ ਲਾਂਗ ਡਰਾਈਵ ਉੱਤੇ ਘੁੰਮਣ, ਫੇਰ ਢਾਈ-ਤਿੰਨ ਘੰਟੇ ਘੱਟ ਕੀ ਤੇ ਵੱਧ ਕੀ। ਸਦੀਆਂ ਤੋਂ ਇਹ ਪਰਬਤ ਸਾਡੇ ਦੇਸ਼ ਦਾ ਗੌਰਵ ਹਨ, ਜਿਨ੍ਹਾਂ ਨਾਲ ਵੱਡੇ ਪੱਧਰ ਉਤੇ ਛੇੜਛਾੜ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਢਿੱਗਾਂ ਡਿੱਗਣੀਆਂ ਆਮ ਗੱਲ ਹੋ ਗਈ।

ਮਣੀਕਰਨ ਨੇੜਲੇ ਕਸੋਲ ਨਾਮਕ ਕਸਬੇ ਦੀ 2008 'ਚ ਪਹਿਲੀ ਫੇਰੀ ਮੌਕੇ ਉਥੇ 2-4 ਹੋਟਲ ਤੇ 5-7 ਹੋਮ ਸਟੇਆਂ ਹੀ ਸਨ ਪਰ ਕੋਰੋਨਾ ਉਪਰੰਤ 2021 'ਚ ਉਥੇ ਗਏ, ਤਾਂ 150 ਤੋਂ ਵਧੇਰੇ ਆਨਲਾਈਨ ਹੋਟਲਾਂ ਤੇ ਕਮਰਿਆਂ ਦੀ ਲਿਸਟ ਦੀ ਭਰਮਾਰ ਸੀ। 15 ਕੁ ਸਾਲਾਂ ਦੇ ਵਕਫ਼ੇ 'ਚ ਇੰਨੀ ਜ਼ਿਆਦਾ ਉਸਾਰੀ ਕਰਨ ਲਈ ਕਿੰਨੇ ਕੁ ਪਹਾੜਾਂ ਦਾ ਨੁਕਸਾਨ ਕੀਤਾ ਹੋਵੇਗਾ? ਇਹ ਤਾਂ ਸਿਰਫ ਉਹ ਹੈ ਜੋ ਅੱਖੀਂ ਵੇਖਿਆ ਜਾ ਅਖਬਾਰਾਂ 'ਚ ਪੜ੍ਹਿਆ ਹੈ। ਇਸ ਤੋਂ ਇਲਾਵਾ ਹਿਮਾਚਲ ਦੇ ਬਾਕੀ ਖਿੱਤਿਆਂ ਵਿਚ ਵਿਕਾਸ ਦੀ ਆੜ ਹੇਠ ਪਤਾ ਨਹੀਂ ਕਿੰਨਾ ਕੁ ਵਿਨਾਸ਼ ਕੀਤਾ ਹੋਵੇਗਾ, ਜਿਸ ਦਾ ਨੁਕਸਾਨ ਹਿਮਾਚਲ ਦੇ ਸਥਾਨਕ ਲੋਕਾਂ ਤੋਂ ਬਾਅਦ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੰਜਾਬੀਆਂ ਨੂੰ ਹੀ ਸਭ ਤੋਂ ਵਧੇਰੇ ਹੋ ਰਿਹਾ ਹੈ। ਕਿਉਂਕਿ ਹਿਮਾਚਲ ਪ੍ਰਦੇਸ਼ ਦੀ ਆਰਥਿਕਤਾ ਟੂਰਿਜ਼ਮ 'ਤੇ ਨਿਰਭਰ ਹੈ, ਇਸ ਲਈ ਬਰਸਾਤਾਂ ਮੌਕੇ ਛੁੱਟੀਆਂ ਕਾਰਨ ਵੱਡੀ ਗਿਣਤੀ ਪੰਜਾਬੀ ਹਿਮਾਚਲ ਪ੍ਰਦੇਸ਼ ਦੇ ਪਹਾੜਾਂ ਵੱਲ ਰੁਖ ਕਰਦੇ ਹਨ, ਜਿੱਥੇ ਕਈ ਵਾਰ ਉਹ ਕਿਸੇ ਕੁਦਰਤੀ ਆਫ਼ਤ 'ਚ ਫਸ ਜਾਂਦੇ ਹਨ। ਅਜਿਹੇ ਹਾਲਤਾਂ ਵਿਚ ਸਥਾਨਕ ਲੋਕਾਂ ਵੱਲੋਂ ਉਨ੍ਹਾਂ ਦੀ ਮਦਦ ਕਰਨ ਦੀ ਬਜਾਏ ਲੁੱਟ-ਖਸੁੱਟ ਕੀਤੀ ਜਾਂਦੀ ਹੈ। ਉਹ ਭੁੱਲ ਜਾਂਦੇ ਹਨ ਕਿ ਘੁੰਮਣ-ਫਿਰਨ ਆਏ ਲੋਕਾਂ ਕਰਕੇ ਹੀ ਉਨ੍ਹਾਂ ਦਾ ਜੀਵਨ ਨਿਰਬਾਹ ਚੱਲ ਰਿਹਾ ਹੈ। ਇਸ ਵਰਤਾਰੇ ਨੂੰ ਕੁਦਰਤੀ ਕਰੋਪੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਢਿੱਗਾਂ ਡਿੱਗਣ ਵਰਗੀਆਂ ਘਟਨਾਵਾਂ ਵਿਚ ਕੁਦਰਤ ਨਾਲੋਂ ਮਨੁੱਖ ਵਧੇਰੇ ਕਸੂਰਵਾਰ ਹੈ।



ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਉੱਤਰਾਖੰਡ ਦੇ ਹੇਮਕੁੰਟ ਸਾਹਿਬ-ਬਦਰੀਨਾਥ ਜਾਣ ਵਾਲੇ ਹਾਈਵੇ 'ਤੇ ਪੈਂਦੇ ਜੋਸ਼ੀਮੱਠ ਨਾਮਕ ਸ਼ਹਿਰ ਵਿਖੇ ਕਈ ਥਾਵਾਂ ਤੋਂ ਧਰਤੀ ਧੱਸਣ ਦੀਆਂ ਖਬਰਾਂ ਪਹਿਲਾਂ ਹੀ ਦੇਖ/ਸੁਣ/ਪੜ੍ਹ ਚੁੱਕੇ ਹਾਂ।

ਬਰਸਾਤਾਂ ਦੇ ਮੌਸਮ ਵਿਚ ਪਹਾੜਾਂ 'ਚ ਕਿਸੇ ਸਮੇਂ ਵੀ ਅਚਾਨਕ ਹੀ ਬੱਦਲ ਫਟ ਜਾਂਦਾ ਹੈ। ਇਹ ਕੁਦਰਤੀ ਵਰਤਾਰਾ ਹੈ, ਜਿਸ ਕਾਰਨ ਨਦੀਆਂ-ਦਰਿਆਵਾਂ ਵਿਚ ਇਕਦਮ ਪਾਣੀ ਦਾ ਪੱਧਰ ਵਧ ਜਾਂਦਾ ਹੈ। ਉਪਰੰਤ ਡੈਮਾਂ ਦੇ ਫਲੱਡ ਗੇਟ ਖੋਲ੍ਹ ਦਿੱਤੇ ਜਾਂਦੇ ਹਨ, ਜਿਨ੍ਹਾਂ ਦੀ ਮਾਰ ਹਿਮਾਚਲ ਦੇ ਨਾਲ-ਨਾਲ ਹੇਠਾਂ ਪੰਜਾਬ ਦੇ ਮੈਦਾਨੀ ਇਲਾਕਿਆਂ 'ਚ ਰਹਿੰਦੇ ਪੰਜਾਬੀਆਂ ਉੱਤੇ ਪੈਂਦੀ ਹੈ। ਜੇਕਰ ਡੈਮਾਂ ਦਾ ਇਤਿਹਾਸ ਫੋਲੀਏ, ਤਾਂ ਇਨ੍ਹਾਂ ਨੂੰ ਬਣਾਉਣ ਦਾ ਮਕਸਦ ਬਰਸਾਤਾਂ ਦੇ ਪਾਣੀ ਨੂੰ ਇਕੱਠਾ ਕਰਕੇ ਰੱਖਣਾ ਤੇ ਸੋਕੇ ਵਰਗੇ ਹਾਲਾਤਾਂ ਮੌਕੇ ਉਸੇ ਪਾਣੀ ਨਾਲ ਆਪਣੀਆਂ ਲੋੜਾਂ ਦੀ ਪੂਰਤੀ ਕਰਨਾ ਸੀ, ਪਰ ਅਸਲ 'ਚ ਅਜਿਹਾ ਕਦੇ ਹੋਇਆ ਨਹੀਂ।

ਹੁਣ ਗੱਲ ਕਰਦੇ ਹਾਂ ਪੰਜਾਬ ਦੇ ਵੱਡੇ-ਵੱਡੇ ਬਿਲਡਰਾਂ ਤੇ ਪ੍ਰਾਪਰਟੀ ਡੀਲਰਾਂ ਦੀ, ਜਿਨ੍ਹਾਂ ਨੇ ਸਦੀਆਂ ਤੋਂ ਵਹਿੰਦੇ ਆ ਰਹੇ ਕੁਦਰਤੀ ਚੋਇਆਂ ਤੇ ਨਦੀਆਂ ਦੀਆਂ ਨਿਸ਼ਾਨਦਈਆਂ ਕਰਵਾਉਣ ਉਪਰੰਤ ਕਬਜ਼ੇ 'ਚ ਲੈ ਕੇ ਉਨ੍ਹਾਂ ਨੂੰ ਅੱਗੇ ਵੇਚ ਦਿੱਤਾ ਜਾਂ ਕਲੋਨੀਆਂ ਕੱਟ ਦਿੱਤੀਆਂ। ਦੇਖਦੇ ਹੀ ਦੇਖਦੇ ਅੱਜ ਉੱਥੇ ਵੱਡੇ-ਵੱਡੇ ਸ਼ੋਅਰੂਮ, ਵਿੱਦਿਅਕ ਸੰਸਥਾਵਾਂ, ਹਸਪਤਾਲ, ਦਫ਼ਤਰ, ਦੁਕਾਨਾਂ, ਕੋਠੀਆਂ ਤੇ ਹੋਰ ਇਮਾਰਤਾਂ ਬਣ ਗਈਆਂ। ਜਿਹੜੇ ਲੋਕ ਕਹਿੰਦੇ ਹਨ ਕਿ ਸਾਡੇ ਘਰਾਂ ਜਾਂ ਇਮਾਰਤਾਂ ਵਿਚ ਕਈ-ਕਈ ਫੁੱਟ ਪਾਣੀ ਭਰ ਆਇਆ, ਉਨ੍ਹਾਂ ਵਿਚੋਂ 90 ਫੀਸਦੀ ਲੋਕਾਂ ਦੇ ਘਰ ਤੇ ਇਮਾਰਤਾਂ ਨਦੀਆਂ ਤੇ ਚੋਇਆ ਦੇ ਵਿਚ ਉਸਾਰੇ ਹੋਏ ਹਨ। ਭਾਵ ਹੜ੍ਹਾਂ ਦਾ ਪਾਣੀ ਉਨ੍ਹਾਂ ਦੇ ਰਸਤੇ ਵਿਚ ਨਹੀਂ, ਉਹ ਆਪ ਜਾਇਜ਼ ਜਾਂ ਨਾਜਾਇਜ਼ ਤਰੀਕਿਆਂ ਰਾਹੀਂ ਹੜ੍ਹਾਂ ਦੇ ਪਾਣੀ ਦੇ ਰਸਤੇ ਵਿਚ ਆ ਵਸੇ ਹਨ। ਕੁਦਰਤੀ ਪਾਣੀ ਦੇ ਵਹਾਅ ਨੇ ਤਾਂ ਆਪਣੇ ਰਸਤੇ ਆਉਣਾ ਹੀ ਹੈ।

ਸਹੀ ਜਾਂ ਗਲਤ ਵਸੀਲਿਆਂ ਰਾਹੀਂ ਕੁਦਰਤੀ ਥਾਵਾਂ 'ਤੇ ਕਬਜ਼ੇ ਤਾਂ ਲੈ ਲਏ, ਪਰ ਕੁਦਰਤ ਜਦੋਂ ਆਪਣੀ ਨਿਸ਼ਾਨਦੇਹੀ ਕਰਦੀ ਹੈ, ਉਹ ਕੋਈ ਸਲ੍ਹੀਬ, ਪਟਵਾਰੀ ਜਾਂ ਕਾਨੂੰਗੋਅ ਨਾਲ ਨਹੀਂ ਲਿਆਉਂਦੀ, ਇਕੱਲੀ ਆਪ ਆਪਣਾ ਰਸਤਾ ਬਣਾਉਂਦੀ ਹੋਈ ਸਭ ਤਹਿਸ-ਨਹਿਸ ਕਰ ਦਿੰਦੀ ਹੈ, ਜਿਸਨੂੰ ਅਸੀਂ ਕੁਦਰਤੀ ਕਹਿਰ ਦਾ ਨਾਮ ਦਿੰਦੇ ਹਾਂ। ਜਦਕਿ ਅਸਲ ਵਿਚ ਇਹ ਵਿਕਾਸ ਦੀ ਆੜ ਹੇਠ ਮਨੁੱਖ ਵੱਲੋਂ ਕੀਤੀਆਂ ਗਲਤੀਆਂ ਦਾ ਹੀ ਖਮਿਆਜ਼ਾ ਹੈ, ਜਿਸਦੀ ਮਾਰ ਮਨੁੱਖ ਨੂੰ ਝੱਲਣੀ ਹੀ ਪੈਣੀ ਹੈ।

ਇਸ ਸਭ ਦੀ ਵੱਡੇ ਪੱਧਰ 'ਤੇ ਨਿਰਪੱਖ ਜਾਂਚ ਦੀ ਲੋੜ ਹੈ ਕਿ ਕਿੱਦਾਂ ਤੇ ਕਿਹੜੇ ਸਰੋਤਾਂ ਰਾਹੀਂ ਇਹ ਇਮਾਰਤਾਂ ਤੋਂ ਕਲੋਨੀਆਂ ਹੋਂਦ ਵਿਚ ਆਈਆਂ। ਪਰ ਇਹ ਮੁੱਦਾ ਵੀ ਕੁਦਰਤ ਨੂੰ ਦੋਸ਼ੀ ਮੰਨ ਕੇ ਸਮੇਂ ਦੀ ਧੂੜ ਹੇਠ ਦੱਬ ਕੇ ਰਹਿ ਜਾਵੇਗਾ। ਖਾਲ੍ਹਾਂ ਨੂੰ ਨੱਕਾ ਲਾਉਣਾ ਹੋਰ ਗੱਲ ਹੈ ਤੇ ਠਾਠਾਂ ਮਾਰਦੇ ਵਗਦੇ ਦਰਿਆਵਾਂ ਨੂੰ ਠੱਲ੍ਹਣਾ ਹੋਰ।

# ਭਾਰਤ ਦੀ ਹੜ੍ਹ ਪ੍ਰਬੰਧਨ ਯੋਜਨਾ ਦਾ ਕੀ ਹੋਇਆ?



-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)


ਕਿਉਂਕਿ ਹੜ੍ਹਾਂ ਕਾਰਨ ਹਰ ਸਾਲ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ, ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਇੱਕ ਲੰਬੀ ਮਿਆਦ ਦੀ ਯੋਜਨਾ ਤਿਆਰ ਕਰਨ, ਜੋ ਹੜ੍ਹਾਂ ਨੂੰ ਕੰਟਰੋਲ ਕਰਨ ਲਈ ਬੰਨ੍ਹਾਂ ਦੀ ਉਸਾਰੀ ਅਤੇ ਡਰੇਜ਼ਿੰਗ ਵਰਗੇ ਛੋਟੇ-ਛੋਟੇ ਉਪਾਵਾਂ ਤੋਂ ਅੱਗੇ ਵਧਣ। ਇਸ ਤੋਂ ਇਲਾਵਾ, ਇੱਕ ਏਕੀਕ੍ਰਿਤ ਬੇਸਿਨ ਪ੍ਰਬੰਧਨ ਯੋਜਨਾ ਦੀ ਵੀ ਜ਼ਰੂਰਤ ਹੈ, ਜੋ ਸਾਰੇ ਨਦੀ-ਬੇਸਿਨ ਸਾਂਝਾ ਕਰਨ ਵਾਲੇ ਦੇਸ਼ਾਂ ਦੇ ਨਾਲ-ਨਾਲ ਭਾਰਤੀ ਰਾਜਾਂ ਨੂੰ ਵੀ ਇਕੱਠਾ ਕਰੇ। ਹੜ੍ਹਾਂ ਬਾਰੇ ਭਾਰਤ ਦੇ ਪਹਿਲੇ ਅਤੇ ਆਖਰੀ ਕਮਿਸ਼ਨ ਦੇ ਸੰਵਿਧਾਨ ਦੇ ਘੱਟੋ-ਘੱਟ 43 ਸਾਲਾਂ ਬਾਅਦ, ਦੇਸ਼ ਵਿਚ ਅਜੇ ਵੀ ਕੋਈ ਰਾਸ਼ਟਰੀ ਪੱਧਰੀ ਹੜ੍ਹ ਕੰਟਰੋਲ ਅਥਾਰਿਟੀ ਨਹੀਂ ਹੈ। ਰਾਸ਼ਟਰੀ ਹੜ੍ਹ ਕਮਿਸ਼ਨ (ਆਰ.ਬੀ.ਏ.), ਜਾਂ ਰਾਸ਼ਟਰੀ ਹੜ੍ਹ ਕਮਿਸ਼ਨ, ਭਾਰਤ ਦੇ ਹੜ੍ਹ-ਨਿਯੰਤਰਣ ਉਪਾਵਾਂ ਦਾ ਅਧਿਐਨ ਕਰਨ ਲਈ ਖੇਤੀਬਾੜੀ ਅਤੇ ਸਿੰਚਾਈ ਮੰਤਰਾਲੇ ਦੁਆਰਾ 1976 'ਚ ਸਥਾਪਿਤ ਕੀਤਾ ਗਿਆ ਸੀ, ਕਿਉਂਕਿ 1954 ਦੇ ਰਾਸ਼ਟਰੀ ਹੜ੍ਹ ਨਿਯੰਤਰਣ ਪ੍ਰੋਗਰਾਮ ਅਧੀਨ ਸ਼ੁਰੂ ਕੀਤੇ ਗਏ ਪ੍ਰੋਜੈਕਟ ਸਫਲਤਾ ਪ੍ਰਾਪਤ ਕਰਨ 'ਚ ਵਧੇਰੇ ਅਸਫਲ ਰਹੇ ਸਨ।



ਹਾਲ ਹੀ ਵਿਚ, ਉੱਤਰੀ ਰਾਜਾਂ 'ਚ ਹੜ੍ਹਾਂ ਨੇ ਜਾਨ-ਮਾਲ ਦੀ ਤਬਾਹੀ ਮਚਾਈ ਹੈ, ਜੋ ਇਸ ਖੇਤਰ ਵਿਚ ਇੱਕ ਸਮੱਸਿਆ ਹੈ। ਹਾਲਾਂਕਿ, ਹੜ੍ਹ ਸਿਰਫ਼ ਉੱਤਰ-ਪੂਰਬੀ ਭਾਰਤ ਤੱਕ ਹੀ ਸੀਮਤ ਨਹੀਂ ਹਨ, ਸਗੋਂ ਇਹ ਦੇਸ਼ ਦੇ ਹੋਰ ਬਹੁਤ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰਦੇ ਹਨ। ਮਾਨਸੂਨ ਦੌਰਾਨ ਅਕਸਰ ਅਤੇ ਭਾਰੀ ਬਾਰਿਸ਼ ਵਰਗੇ ਕੁਦਰਤੀ ਕਾਰਕਾਂ ਤੋਂ ਇਲਾਵਾ, ਭਾਰਤ ਵਿਚ ਹੜ੍ਹਾਂ ਵਿਚ ਯੋਗਦਾਨ ਪਾਉਣ ਵਾਲੇ ਮਨੁੱਖ ਦੁਆਰਾ ਬਣਾਏ ਕਾਰਕ ਵੀ ਹਨ। ਭਾਰਤ ਬਹੁਤ ਜ਼ਿਆਦਾ ਕਮਜ਼ੋਰ ਹੈ, ਕਿਉਂਕਿ ਇਸਦਾ ਜ਼ਿਆਦਾਤਰ ਭੂਗੋਲਿਕ ਖੇਤਰ ਸਾਲਾਨਾ ਹੜ੍ਹਾਂ ਦਾ ਸ਼ਿਕਾਰ ਹੈ। ਹੜ੍ਹਾਂ ਕਾਰਨ ਹੋਣ ਵਾਲਾ ਉੱਚ ਨੁਕਸਾਨ ਅਤੇ ਨੁਕਸਾਨ ਭਾਰਤ ਦੀ ਮਾੜੀ ਅਨੁਕੂਲਤਾ ਅਤੇ ਘੱਟ ਕਰਨ ਦੀ ਸਥਿਤੀ ਅਤੇ ਆਫ਼ਤ ਪ੍ਰਬੰਧਨ ਅਤੇ ਤਿਆਰੀ ਵਿਚ ਕਮੀਆਂ ਨੂੰ ਦਰਸਾਉਂਦਾ ਹੈ। ਇਸ ਲਈ, ਇੱਕ ਏਕੀਕ੍ਰਿਤ ਹੜ੍ਹ ਪ੍ਰਬੰਧਨ ਪ੍ਰਣਾਲੀ ਦੀ ਲੋੜ ਹੈ। 1980 ਵਿਚ, ਰਾਸ਼ਟਰੀ ਹੜ੍ਹ ਕਮਿਸ਼ਨ ਨੇ 207 ਸਿਫ਼ਾਰਸ਼ਾਂ ਅਤੇ ਚਾਰ ਵਿਆਪਕ ਨਿਰੀਖਣ ਕੀਤੇ। ਸਭ ਤੋਂ ਪਹਿਲਾਂ, ਇਹ ਕਿਹਾ ਗਿਆ ਕਿ ਭਾਰਤ ਵਿਚ ਬਾਰਸ਼ ਵਿਚ ਕੋਈ ਵਾਧਾ ਨਹੀਂ ਹੋਇਆ ਹੈ ਅਤੇ ਇਸ ਤਰ੍ਹਾਂ, ਹੜ੍ਹਾਂ ਵਿਚ ਵਾਧਾ ਮਨੁੱਖੀ ਕਾਰਕਾਂ ਜਿਵੇਂ ਕਿ ਜੰਗਲਾਂ ਦੀ ਕਟਾਈ, ਡਰੇਨੇਜ ਦੀ ਭੀੜ ਅਤੇ ਬੁਰੀ ਤਰ੍ਹਾਂ ਯੋਜਨਾਬੱਧ ਵਿਕਾਸ ਕਾਰਜਾਂ ਕਾਰਨ ਹੋਇਆ ਹੈ। ਦੂਜਾ, ਇਸ ਨੇ ਹੜ੍ਹਾਂ ਨੂੰ ਕੰਟਰੋਲ ਕਰਨ ਲਈ ਅਪਣਾਏ ਗਏ ਤਰੀਕਿਆਂ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਏ, ਜਿਵੇਂ ਕਿ ਕੰਢਿਆਂ ਅਤੇ ਜਲ ਭੰਡਾਰਾਂ ਅਤੇ ਸੁਝਾਅ ਦਿੱਤਾ ਕਿ ਜਦੋਂ ਤੱਕ ਇਨ੍ਹਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਨ੍ਹਾਂ ਢਾਂਚਿਆਂ ਦੀ ਉਸਾਰੀ ਨੂੰ ਰੋਕਿਆ ਜਾਣਾ ਚਾਹੀਦਾ ਹੈ। ਹਾਲਾਂਕਿ, ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੰਢੇ ਉਨ੍ਹਾਂ ਖੇਤਰਾਂ ਵਿਚ ਬਣਾਏ ਜਾ ਸਕਦੇ ਹਨ, ਜਿੱਥੇ ਉਹ ਪ੍ਰਭਾਵਸ਼ਾਲੀ ਹਨ।

ਤੀਜਾ, ਇਸ ਵਿਚ ਕਿਹਾ ਗਿਆ ਹੈ ਕਿ ਹੜ੍ਹਾਂ ਨੂੰ ਕੰਟਰੋਲ ਕਰਨ ਲਈ ਖੋਜ ਅਤੇ ਨੀਤੀਗਤ ਪਹਿਲਕਦਮੀਆਂ ਕਰਨ ਲਈ ਰਾਜਾਂ ਅਤੇ ਕੇਂਦਰ ਵਿਚਕਾਰ ਠੋਸ ਯਤਨ ਹੋਣੇ ਚਾਹੀਦੇ ਹਨ। ਚੌਥਾ, ਇਸ ਨੇ ਹੜ੍ਹਾਂ ਦੇ ਬਦਲਦੇ ਸੁਭਾਅ ਨਾਲ ਨਜਿੱਠਣ ਲਈ ਇੱਕ ਗਤੀਸ਼ੀਲ ਰਣਨੀਤੀ ਦੀ ਸਿਫ਼ਾਰਸ਼ ਕੀਤੀ। ਰਿਪੋਰਟ ਦੇ ਵਿਸ਼ਲੇਸ਼ਣ 'ਚ ਪਾਇਆ ਗਿਆ ਕਿ ਸਮੱਸਿਆ ਦੇਸ਼ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਮੁਲਾਂਕਣ ਕਰਨ ਲਈ ਵਰਤੇ ਜਾਣ ਵਾਲੇ ਤਰੀਕਿਆਂ ਨਾਲ ਸ਼ੁਰੂ ਹੋਈ। ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੁਆਰਾ "ਸਕੀਮਾਂ ਫਾਰ ਫਲੱਡ ਕੰਟਰੋਲ ਐਂਡ ਫਲੱਡ ਫੋਰਕਾਸਟਿੰਗ" 2017 ਦੀ ਆਡਿਟ ਰਿਪੋਰਟ ਦੇ ਅਨੁਸਾਰ, ਰਾਸ਼ਟਰੀ ਹੜ੍ਹ ਕਮਿਸ਼ਨ ਦੀਆਂ ਮੁੱਖ ਸਿਫ਼ਾਰਸ਼ਾਂ ਜਿਵੇਂ ਕਿ ਹੜ੍ਹ ਸੰਭਾਵਿਤ ਖੇਤਰਾਂ ਦਾ ਵਿਗਿਆਨਕ ਮੁਲਾਂਕਣ ਅਤੇ ਫਲੱਡ ਪਲੇਨ ਜ਼ੋਨਿੰਗ ਐਕਟ ਨੂੰ ਲਾਗੂ ਕਰਨਾ ਅਜੇ ਬਾਕੀ ਹੈ। ਸਾਕਾਰ ਕਰਨਾ ਸੀ.ਡਬਲਯੂ.ਸੀ. ਦਾ ਹੜ੍ਹ ਦੀ ਭਵਿੱਖਬਾਣੀ ਕਰਨ ਵਾਲਾ ਨੈੱਟਵਰਕ ਦੇਸ਼ ਨੂੰ ਢੁਕਵੇਂ ਰੂਪ ਵਿਚ ਕਵਰ ਕਰਨ ਲਈ ਕਾਫੀ ਨਹੀਂ ਹੈ। ਇਸ ਤੋਂ ਇਲਾਵਾ, ਜ਼ਿਆਦਾਤਰ ਮੌਜੂਦਾ ਹੜ੍ਹਾਂ ਦੀ ਭਵਿੱਖਬਾਣੀ ਕਰਨ ਵਾਲੇ ਸਟੇਸ਼ਨ ਚਾਲੂ ਨਹੀਂ ਹਨ। 2006 'ਚ ਕੇਂਦਰੀ ਜਲ ਕਮਿਸ਼ਨ (ਸੀ.ਡਬਲਯੂ.ਸੀ.) ਦੁਆਰਾ ਗਠਿਤ ਇੱਕ ਟਾਸਕ ਫੋਰਸ ਨੇ ਹੜ੍ਹਾਂ ਦੇ ਜ਼ੋਖਮ ਦੀ ਮੈਪਿੰਗ ਦਾ ਕੰਮ ਪੂਰਾ ਨਹੀਂ ਕੀਤਾ। ਹੜ੍ਹ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਢੁਕਵੇਂ ਢੰਗ ਨਾਲ ਨਹੀਂ ਕੀਤਾ ਗਿਆ। ਹੜ੍ਹ ਪ੍ਰਬੰਧਨ ਪ੍ਰੋਗਰਾਮਾਂ ਦੇ ਅਧੀਨ ਪ੍ਰੋਜੈਕਟਾਂ ਨੂੰ ਪੂਰਾ ਕਰਨ ਵਿਚ ਦੇਰੀ ਮੁੱਖ ਤੌਰ 'ਤੇ ਕੇਂਦਰ ਤੋਂ ਸਹਾਇਤਾ ਦੀ ਘਾਟ ਕਾਰਨ ਹੈ। ਹੜ੍ਹ ਪ੍ਰਬੰਧਨ ਦੇ ਕੰਮ ਏਕੀਕ੍ਰਿਤ ਤਰੀਕੇ ਨਾਲ ਨਹੀਂ ਕੀਤੇ ਜਾਂਦੇ ਹਨ। ਭਾਰਤ ਦੇ ਬਹੁਤੇ ਵੱਡੇ ਡੈਮਾਂ ਕੋਲ ਆਫ਼ਤ ਪ੍ਰਬੰਧਨ ਯੋਜਨਾ ਨਹੀਂ ਹੈ - ਦੇਸ਼ ਦੇ ਕੁੱਲ ਵੱਡੇ ਡੈਮਾਂ ਵਿਚੋਂ ਸਿਰਫ਼ 7% ਕੋਲ ਐਮਰਜੈਂਸੀ ਕਾਰਜ ਯੋਜਨਾ/ਆਫਤ ਪ੍ਰਬੰਧਨ ਯੋਜਨਾ ਹੈ।

ਹੜ੍ਹ ਦੀਆਂ ਚੇਤਾਵਨੀਆਂ ਨੂੰ ਨਵੀਨਤਮ ਤਕਨਾਲੋਜੀਆਂ ਦੀ ਵਿਸ਼ਾਲ ਸ਼੍ਰੇਣੀ ਦੀ ਵਰਤੋਂ ਕਰਕੇ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਇਹ ਰਵਾਇਤੀ ਪ੍ਰਣਾਲੀਆਂ ਦੇ ਅਸਫਲ ਹੋਣ 'ਤੇ ਰੀਅਲ ਟਾਈਮ ਡੇਟਾ ਦੇਣ 'ਚ ਮਦਦ ਕਰੇਗਾ। ਡਰੇਨੇਜ ਸਿਸਟਮ ਦਾ ਉਚਿਤ ਪ੍ਰਬੰਧਨ ਜ਼ਰੂਰੀ ਹੈ, ਤਾਂ ਜੋ ਪਾਣੀ ਇਕ ਥਾਂ 'ਤੇ ਇਕੱਠਾ ਨਾ ਹੋਵੇ। ਠੋਸ ਰਹਿੰਦ-ਖੂੰਹਦ ਹਾਈਡ੍ਰੌਲਿਕ ਖੁਰਦਰੀ ਵਧਾਉਂਦੀ ਹੈ, ਖੜੋਤ ਦਾ ਕਾਰਨ ਬਣਦੀ ਹੈ ਅਤੇ ਆਮ ਤੌਰ 'ਤੇ ਵਹਾਅ ਦੀ ਸਮਰੱਥਾ ਨੂੰ ਘਟਾਉਂਦੀ ਹੈ। ਇਨ੍ਹਾਂ ਡਰੇਨਾਂ ਦੀ ਨਿਯਮਤ ਤੌਰ 'ਤੇ ਸਫਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਪਾਣੀ ਦੇ ਵਹਾਅ ਨੂੰ ਮੁਕਤ ਕੀਤਾ ਜਾ ਸਕੇ। ਸ਼ਹਿਰੀਕਰਨ ਦੇ ਕਾਰਨ, ਧਰਤੀ ਹੇਠਲੇ ਪਾਣੀ ਦਾ ਰੀਚਾਰਜ ਘਟਿਆ ਹੈ ਅਤੇ ਬਾਰਿਸ਼ ਤੋਂ ਸਿਖਰ 'ਤੇ ਵਹਿਣ ਅਤੇ ਨਤੀਜੇ ਵਜੋਂ ਹੜ੍ਹਾਂ ਵਿਚ ਵਾਧਾ ਹੋਇਆ ਹੈ। ਇਹ ਚੋਟੀ ਦੇ ਵਹਾਅ ਨੂੰ ਘਟਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਵਧਾਉਣ ਦੇ ਦੋਹਰੇ ਉਦੇਸ਼ਾਂ ਦੀ ਪੂਰਤੀ ਕਰੇਗਾ। ਝੀਲਾਂ, ਟੈਂਕੀਆਂ ਅਤੇ ਤਾਲਾਬ ਵਰਗੇ ਸ਼ਹਿਰੀ ਜਲ ਸਰੋਤ ਵੀ ਤੂਫਾਨ ਦੇ ਪਾਣੀ ਦੇ ਵਹਾਅ ਨੂੰ ਘਟਾ ਕੇ ਸ਼ਹਿਰੀ ਹੜ੍ਹ ਪ੍ਰਬੰਧਨ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## 'ਜੋ ਦਿਖਾ, ਸੋ ਲਿਖਾ'

# ਮਨੀਪੁਰ 'ਚ ਔਰਤਾਂ ਦੀ ਬੇਪਤੀ ਨਾਲ ਮਾਨਵਤਾ ਹੋਈ ਸ਼ਰਮਸਾਰ

## ਪੂਰੀ ਦੁਨੀਆਂ ਦੇ ਵਿਚ ਦੇਸ਼ ਦੀ ਹੋਈ ਭਾਰੀ ਕਿਰਕਰੀ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਵਿਸ਼ਵ ਗੁਰੂ ਕਹਾਉਣ ਵਾਲੇ ਭਾਰਤ ਦੇ ਮਨੀਪੁਰ ਸੂਬੇ ਵਿਚ ਥੰਬੋਲੇ ਜ਼ਿਲ੍ਹੇ ਦੀਆਂ ਸੜਕਾਂ 'ਤੇ ਵੱਡੇ ਹਜੂਮ ਵਲੋਂ ਦੂਜੇ ਫਿਰਕੇ ਦੀਆਂ ਦੋ ਔਰਤਾਂ ਨੂੰ ਅਲਫ਼ ਨੰਗਾ ਕਰਕੇ ਘੁਮਾਇਆ ਅਤੇ ਸਮੂਹਿਕ ਰੇਪ ਕੀਤਾ ਗਿਆ, ਜਿਸ ਨਾਲ ਪੂਰੇ ਵਿਸ਼ਵ ਵਿਚ ਦੇਸ਼ ਦੀ ਜੋ ਕਿਰਕਿਰੀ ਹੋਈ, ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। 4 ਮਈ ਨੂੰ ਪਹਾੜੀ ਖੇਤਰ ਦੇ ਕੁਕੀ-ਜ਼ੋਮੀ ਭਾਈਚਾਰੇ ਦੀਆਂ ਦੋ ਔਰਤਾਂ ਨਾਲ ਹੋਈ ਇਸ ਵਹਿਸ਼ੀ ਵਾਰਦਾਤ ਨੇ ਪੂਰੀ ਇਨਸਾਨੀਅਤ ਨੂੰ ਸ਼ਰਮਸਾਰ ਕਰਕੇ ਰੱਖ ਦਿੱਤਾ। ਪਿਛਲੇ ਦੋ ਮਹੀਨਿਆਂ ਤੋਂ ਮਣੀਪੁਰ 'ਚ ਜਾਰੀ ਹਿੰਸਾ ਰੁਕਣ ਦਾ ਨਾਮ ਨਹੀਂ ਲੈ ਰਹੀ। ਮਾਮਲਾ ਮੈਤਈ ਭਾਈਚਾਰੇ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦੇਣ ਦੀ ਮੰਗ ਦਾ ਹੈ, ਬਾਕੀ ਕਬੀਲੇ ਇਸ ਮੰਗ ਦਾ ਵਿਰੋਧ ਕਰ ਰਹੇ ਹਨ। ਪਹਾੜੀ ਖੇਤਰ ਵਿਚ ਰਹਿਣ ਵਾਲਾ ਘੱਟ ਗਿਣਤੀ ਕੁੱਕੀ ਕਬੀਲਾ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ। ਬਹੁਗਿਣਤੀ ਮੈਤਈ ਕਬੀਲੇ ਦੇ ਵਿਧਾਨ ਸਭਾ ਵਿਚ 60 ਵਿਚੋਂ 40 ਵਿਧਾਇਕ ਨੇ। ਇਸ ਮਾਮਲੇ ਨੂੰ ਲੈ ਕੇ ਮੈਤਈ ਤੇ ਕੁਕੀ ਭਾਈਚਾਰਿਆਂ ਦਰਮਿਆਨ ਹਿੰਸਾ 3 ਮਈ ਨੂੰ ਸ਼ੁਰੂ ਹੋਈ ਸੀ। ਉਦੋਂ ਤੋਂ ਹੁਣ ਤੱਕ ਮਣੀਪੁਰ ਵਿਚ 160 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਲਗਭਗ 80,000 ਲੋਕ ਬੇਘਰ ਹੋ ਚੁੱਕੇ ਹਨ। ਸਰਕਾਰ ਮੁਤਾਬਕ ਇਸ ਹਿੰਸਾ 'ਚ ਅੱਗਜ਼ਨੀ ਦੀਆਂ 5000 ਘਟਨਾਵਾਂ ਹੋ ਚੁੱਕੀਆਂ ਨੇ। ਹਿੰਸਾ ਨਾਲ ਸਬੰਧਤ ਕੁੱਲ 5,995 ਮਾਮਲੇ ਦਰਜ ਕੀਤੇ ਗਏ ਹਨ ਅਤੇ 6,745 ਲੋਕਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ। ਵਿਰੋਧੀ ਧਿਰਾਂ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ 'ਤੇ ਸਵਾਲ ਚੁੱਕਦੀਆਂ ਰਹੀਆਂ ਨੇ। ਸਿਤਮ ਦੀ ਗੱਲ ਹੈ ਕਿ ਇਸ ਦੀ ਐੱਫ.ਆਈ.ਆਰ. ਦਰਜ ਹੋਣ ਤੋਂ 62 ਦਿਨ ਪਿੱਛੋਂ ਵਾਰਦਾਤ ਦੀ ਵੀਡੀਓ ਵਾਇਰਲ ਹੋਣ 'ਤੇ ਹੀ ਸਰਕਾਰ ਦੀ ਨੀਂਦ ਖੁੱਲ੍ਹੀ। ਸੂਬੇ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਆਨੇ ਬਹਾਨੇ ਦੋਸ਼ੀਆਂ 'ਤੇ ਕਾਰਵਾਈ ਕਰਨ ਤੋਂ ਬਚਦੇ ਦਿਸੇ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਵੀਡੀਓ ਵਾਇਰਲ ਹੋਣ ਤੋਂ ਬਾਅਦ ਦੋ ਦਿਨਾਂ ਦੇ ਅੰਦਰ ਹੀ ਇਸ ਮਾਮਲੇ ਵਿਚ ਚਾਰ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ ਨੇ ਅਤੇ ਪੁਲਿਸ ਨੇ ਪੰਜਵੇਂ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਜਾਣਕਾਰੀ ਹੋਣ ਦੇ ਬਾਵਜੂਦ ਮਣੀਪੁਰ ਜਾਣ ਦੀ ਜ਼ਹਿਮਤ ਨਹੀਂ ਉਠਾਈ। ਇਸੇ ਸਮੇਂ ਉਨ੍ਹਾਂ 'ਤੇ ਵਿਦੇਸ਼ੀ ਦੌਰੇ 'ਤੇ ਅਮਰੀਕਾ, ਫਰਾਂਸ ਅਤੇ ਦੁਬਈ ਵਿਚ ਆਪਣੇ ਸਨਮਾਨ ਵਿਚ ਵਿਅਸਤ ਰਹਿਣ 'ਤੇ ਵੀ ਸਵਾਲ ਉੱਠੇ। ਮਣੀਪੁਰ ਅਤੇ ਕੇਂਦਰ 'ਚ ਭਾਜਪਾ ਦੀ ਸਰਕਾਰ ਹੈ, ਪਰ ਮਣੀਪੁਰ 'ਚ ਜੋ ਕੁਝ ਹੋ ਰਿਹਾ ਹੈ, ਉਹ 'ਡਬਲ ਇੰਜਣ ਵਾਲੀ ਸਰਕਾਰ' ਦੇ ਸਭ ਦੇ ਸਾਥ ਦੇ ਦਾਅਵੇ ਨੂੰ ਝੁਠਲਾਉਂਦਾ ਹੈ।

### ਸਰਵਉੱਚ ਅਦਾਲਤ ਵਲੋਂ ਨੋਟਿਸ

ਮਨੀਪੁਰ ਹਿੰਸਾ ਦੌਰਾਨ ਇਸ ਅਣਮਨੁੱਖੀ ਘਟਨਾ ਦੀ ਸੋਸ਼ਲ ਮੀਡੀਆ 'ਤੇ ਵੀਡਿਓ ਵਾਇਰਲ ਹੋਣ 'ਤੇ ਮਾਣਯੋਗ ਸੁਪਰੀਮ ਕੋਰਟ ਵਲੋਂ 'ਸੁਓ ਮੋਟੋ' ਨੋਟਿਸ ਲੈ ਕੇ ਸੁਣਵਾਈ ਕੀਤੀ ਗਈ। ਚੀਫ ਜਸਟਿਸ ਬੀ.ਵਾਈ. ਚੰਦਰਚੂੜ ਨੇ ਇਸ ਘਟਨਾ ਨੂੰ ਪ੍ਰੇਸ਼ਾਨ ਕਰਨ ਵਾਲੀ ਦੱਸਦੇ ਕਿਹਾ ਕਿ ਅਜਿਹੀ ਦਰਿੰਦਗੀ ਸਵੀਕਾਰ ਕਰਨਯੋਗ ਨਹੀਂ ਹੈ ਅਤੇ ਇਹ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਹੈ। ਸੁਪਰੀਮ ਕੋਰਟ ਨੇ ਸੂਬਾ ਅਤੇ ਕੇਂਦਰ ਸਰਕਾਰ ਤੋਂ ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਕੀਤੀ ਕਾਰਵਾਈ ਦੀ ਰਿਪੋਰਟ ਮੰਗ ਲਈ ਹੈ ਅਤੇ ਅੱਗੇ ਤੋਂ ਅਜਿਹੀ ਘਟਨਾ ਵਾਪਰਨ ਤੋਂ ਰੋਕਣ ਲਈ ਚੁੱਕੇ ਕਦਮਾਂ ਬਾਰੇ ਵੀ ਜਾਣਕਾਰੀ ਦੇਣ ਲਈ ਕਿਹਾ ਹੈ। ਸਮਝਿਆ ਜਾ ਰਿਹੈ ਕਿ ਮਾਣਯੋਗ ਸਰਵਉੱਚ ਅਦਾਲਤ ਦੀ ਕਾਰਵਾਈ ਪਿੱਛੋਂ ਹੀ ਸੂਬਾ ਅਤੇ ਕੇਂਦਰ ਸਰਕਾਰਾਂ ਗੰਭੀਰਤਾ ਨਾਲ ਹਰਕਤ 'ਚ ਆਈਆਂ ਨੇ।

### ਵਿਦੇਸ਼ਾਂ ਵਿਚ ਚਰਚਾ

ਮਨੀਪੁਰ ਵਿਚ ਘੱਟ ਗਿਣਤੀ ਇਸਾਈ ਕੁਕੀ ਕਬੀਲੇ ਦੀਆਂ ਔਰਤਾਂ ਨਾਲ ਵਾਪਰੀ ਇਸ ਅਤੀ ਸ਼ਰਮਨਾਕ ਘਟਨਾ ਦਾ ਮਾਮਲਾ ਬਹੁਤ ਸਾਰੇ ਦੇਸ਼ਾਂ ਦੇ ਮੀਡੀਆ ਦੀਆਂ ਸੁਰਖੀਆਂ ਬਣਿਆ ਅਤੇ ਹਰ ਪਾਸੇ ਤੋਂ ਭਾਰਤ ਵਿਚ ਹੋ ਰਹੇ ਔਰਤਾਂ ਖਿਲਾਫ ਅੱਤਿਆਚਾਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਖੂਬ ਨਿੰਦਾ ਹੋ ਰਹੀ ਹੈ। ਇੰਗਲੈਂਡ ਦੇ ਹਾਊਸ ਆਫ ਕਾਮਨਜ਼ ਵਿਚ ਇਕ ਮਹਿਲਾ ਮੈਂਬਰ ਵਲੋਂ ਮਾਮਲਾ ਉਠਾਇਆ ਗਿਆ ਅਤੇ ਇਸ 'ਤੇ ਨਿੰਦਾ ਪ੍ਰਸਤਾਵ ਪਾਸ ਕਰਕੇ ਭਾਰਤ ਵਿਚ ਘੱਟ ਗਿਣਤੀਆਂ ਅਤੇ ਔਰਤਾਂ ਦੇ ਮਨੁੱਖੀ ਅਧਿਕਾਰਾਂ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਅਮਰੀਕਾ ਦੇ ਭਾਰਤ ਵਿਚ ਰਾਜਦੂਤ ਵਲੋਂ ਵੀ ਇਸ ਘਟਨਾ ਨੂੰ ਅਤੀ ਨਿੰਦਣਯੋਗ ਦੱਸਿਆ ਗਿਆ ਅਤੇ ਮਾਮਲਾ ਭਾਰਤ ਸਰਕਾਰ ਪਾਸ ਉਠਾ ਕੇ ਹਰ ਤਰ੍ਹਾਂ ਦੇ ਸਹਿਯੋਗ ਦੀ ਪੇਸ਼ਕਸ਼ ਕੀਤੀ। ਵਿਸ਼ਵ ਪੱਧਰ 'ਤੇ ਔਰਤਾਂ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਇਸ ਅਤੀ ਘਿਨਾਉਣੀ ਘਟਨਾ ਖ਼ਿਲਾਫ਼ ਮੁਜ਼ਾਹਰੇ ਹੋ ਰਹੇ ਨੇ ਅਤੇ ਭਾਰਤ ਸਰਕਾਰ ਤੋਂ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ।




### ਪਾਰਲੀਮੈਂਟ ਵਿਚ ਗੂੰਜਿਆ ਮਾਮਲਾ

ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਹੀ ਦਿਨ ਘਟਨਾ ਤੋਂ ਭੜਕੇ ਵਿਰੋਧੀ ਮੈਂਬਰਾਂ ਵਲੋਂ ਹਾਊਸ ਵਿਚ ਭਾਰੀ ਹੰਗਾਮਾ ਕਰਨ 'ਤੇ ਸਦਨ ਦੀ ਕਾਰਵਾਈ ਮੁਅੱਤਲ ਕਰਨੀ ਪਈ। ਦੂਜੇ ਦਿਨ ਮਨੀਪੁਰ ਹਿੰਸਾ 'ਤੇ ਨਿਯਮ 267 ਦੇ ਤਹਿਤ ਚਰਚਾ ਕਰਨ ਦੀ ਮੰਗ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਹੰਗਾਮੇ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਵੀ ਮੁਲਤਵੀ ਕਰਨੀ ਪਈ। ਸੋਸ਼ਲ ਮੀਡੀਆ 'ਤੇ ਘਟਨਾ ਦੀ ਵੀਡੀਓ ਵਾਇਰਲ ਹੋਣ ਬਾਅਦ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਣੀਪੁਰ ਨੂੰ ਲੈ ਕੇ ਚੁੱਪੀ ਤੋੜੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮਣੀਪੁਰ ਦੀ ਵਾਇਰਲ ਵੀਡੀਓ ਦੀ ਘਟਨਾ ਨਾਲ ਗਹਿਰਾ ਸਦਮਾ ਲੱਗਾ ਹੈ ਅਤੇ ਦੇਸ਼ ਦੇ 140 ਕਰੋੜ ਲੋਕਾਂ ਦੀ ਪੂਰੇ ਵਿਸ਼ਵ ਵਿਚ ਬੇਇੱਜ਼ਤੀ ਹੋਈ ਹੈ। ਉਨ੍ਹਾਂ ਯਕੀਨ ਵੀ ਦਿਵਾਇਆ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਕਾਂਗਰਸ ਪ੍ਰਧਾਨ ਮਲਿਕਰਜੁਨ ਖੜਗੇ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੇ ਸੂਬੇ ਵਿਚ ਜਾਤੀ ਟਕਰਾਅ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ ਅਤੇ ਉਨ੍ਹਾਂ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਤੋਂ ਅਸਤੀਫਾ ਲੈਣ ਲਈ ਕਿਹਾ। ਇਸ ਮਾਮਲੇ 'ਤੇ ਅਣਗਹਿਲੀ ਲਈ ਸੂਬੇ ਦੇ ਮੁੱਖ ਮੰਤਰੀ ਦੇ ਨਾਲ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੇ। ਵਿਰੋਧੀ ਧਿਰ ਦਾ ਇਲਜ਼ਾਮ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿਚ ਪਿਛਲੇ 80 ਦਿਨਾਂ ਤੋਂ ਹਿੰਸਾ ਦੀ ਅੱਗ ਵਿਚ ਸੜ ਰਹੇ ਮਣੀਪੁਰ ਦੇ ਹਾਲਾਤ ਬਾਰੇ ਕੁਝ ਨਹੀਂ ਕਿਹਾ। ਟੈਲੀਗ੍ਰਾਫ਼ ਅਖ਼ਬਾਰ ਨੇ 'ਬਹੁਤ ਦੇਰ' ਸਿਰਲੇਖ ਹੇਠ ਛਾਪੀ ਸੰਪਾਦਕੀ ਵਿਚ ਲਿਖਿਆ ਕਿ ਜੇ ਪ੍ਰਧਾਨ ਮੰਤਰੀ ਨੇ ਪਹਿਲਾਂ ਮਨੀਪੁਰ ਵਿਚਲੀ ਸਥਿਤੀ ਦੀ ਨਿੰਦਾ ਕੀਤੀ ਹੁੰਦੀ ਅਤੇ ਹਿੰਸਾ ਭੜਕਾਉਣ ਵਾਲਿਆਂ ਨੂੰ ਚੇਤਾਵਨੀ ਦਿੱਤੀ ਹੁੰਦੀ, ਤਾਂ ਅੱਜ ਹਾਲਾਤ ਇੰਨੇ ਖ਼ਰਾਬ ਨਾ ਹੁੰਦੇ।

ਵਿਰੋਧੀ ਧਿਰ ਅਤੇ ਹੋਰ ਆਲੋਚਕ ਕੇਂਦਰ ਸਰਕਾਰ ਖਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਣੀਪੁਰ ਸਬੰਧੀ ਕਰੀਬ ਢਾਈ ਮਹੀਨਿਆਂ ਤੋਂ ਸਾਧੀ ਚੁੱਪ ਅਤੇ ਦੋ ਮਹੀਨਿਆਂ ਤੋਂ ਪੀੜਤ ਔਰਤਾਂ ਦੀ ਐੱਫ.ਆਈ.ਆਰਜ਼ 'ਤੇ ਕੋਈ ਕਾਰਵਾਈ ਨਾ ਕੀਤੇ ਜਾਣ 'ਤੇ ਸਵਾਲ ਚੁੱਕ ਰਹੇ ਹਨ।

ਮਣੀਪੁਰ ਦੇ ਲੋਕ ਲੰਬੇ ਸਮੇਂ ਤੋਂ ਫਿਰਕੂ ਅੱਤਿਆਚਾਰਾਂ ਦਾ ਸੰਤਾਪ ਭੋਗ ਰਹੇ ਹਨ। ਹਿੰਸਾ ਦਾ ਦਰਦ ਹੰਢਾ ਰਹੇ ਨੇ ਲੋਕਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਦਾ ਰਾਜ ਪ੍ਰਬੰਧ ਉਨ੍ਹਾਂ ਨੂੰ ਰਾਹਤ ਦੇਣ ਵਿਚ ਨਾਕਾਮ ਸਾਬਤ ਹੋਇਆ ਹੈ ਜਾਂ ਕਹਿ ਲਓ ਕਿ ਇਸ ਨੇ ਲੋਕਾਂ ਦੇ ਦੁੱਖ ਵਿਚ ਵਾਧਾ ਹੀ ਕੀਤਾ ਹੈ। ਮਣੀਪੁਰ ਦੇ ਕੁਕੀ ਭਾਈਚਾਰੇ ਦੇ ਸੰਗਠਨ, ਇੰਡੀਜੀਨਸ ਟ੍ਰਾਈਬਲ ਲੀਡਰਜ਼ ਫੋਰਮ ਦੀ ਕਨਵੀਨਰ ਮੈਰੀ ਜੋਨ ਦਾ ਕਹਿਣਾ ਹੈ ਕਿ ਮੈਂ ਵੀਡੀਓ ਦੇਖ ਕੇ ਉਸ ਔਰਤ ਦੀ ਮਾਂ ਨੂੰ ਵੀ ਮਿਲੀ ਹਾਂ, ਜਿਸ ਨਾਲ ਇਹ ਸਭ ਹੋਇਆ ਹੈ। ਜਦੋਂ ਤੋਂ ਮੈਂ ਵੀਡੀਓ ਦੇਖੀ ਹੈ, ਮੈਨੂੰ ਨੀਂਦ ਨਹੀਂ ਆ ਰਹੀ ਹੈ, ਮੈਂ ਰਾਤ ਨੂੰ ਉੱਠ ਕੇ ਦੇਖਦੀ ਹਾਂ ਕਿ ਮੇਰੇ ਸਰੀਰ 'ਤੇ ਕੱਪੜੇ ਮੌਜੂਦ ਹਨ। ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ ਕਿ ਇਸ ਵੀਡੀਓ ਨੇ ਮੈਨੂੰ ਕਿਸ ਹੱਦ ਤੱਕ ਹਿਲਾ ਦਿੱਤਾ ਹੈ।

ਕੁੱਲ ਮਿਲਾ ਕੇ ਵੇਖਿਆ ਜਾਏ, ਤਾਂ ਇਹ ਵਹਿਸ਼ੀ ਘਟਨਾ ਦੇਸ਼ ਦੇ ਮੱਥੇ 'ਤੇ ਕਲੰਕ ਦੇ ਸਾਮਾਨ ਹੈ। ਇਸ ਉਪਰੰਤ ਸਮੁੱਚਾ ਔਰਤ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਅੱਗੇ 2024 ਵਿਚ ਲੋਕ ਸਭਾ ਦੀਆਂ ਚੋਣਾਂ ਸਮੇਂ ਵੀ ਇਸ ਮੁੱਦੇ ਨੂੰ ਵਿਰੋਧੀਆਂ ਵਲੋਂ ਖੂਬ ਉਠਾਏ ਜਾਣ ਦੇ ਆਸਾਰ ਨੇ। ਇਸ ਸਮੇਂ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਹਰਕਤ ਵਿਚ ਆਏ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਉਦਾਹਰਣ ਸੈੱਟ ਕਰੇ।



# ਬੋਲ ਕਿ ਲਬ ਆਜ਼ਾਦ ਹੈਂ ਤੇਰੇ ਮਨੀਪੁਰ, ਤੂੰ ਕਿਉਂ ਜਲ ਰਿਹੈਂ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਮਨੀਪੁਰ ਵਿਚ ਦੋ ਕਬਾਇਲੀ ਮਹਿਲਾਵਾਂ ਨੂੰ ਇੱਕ ਪਿੰਡ ਵਿਚ ਵੱਡੇ ਹਜ਼ੂਮ ਵਲੋਂ ਨੰਗਿਆਂ ਕਰਕੇ ਘੁੰਮਾਇਆ ਗਿਆ। ਇਹ ਘਟਨਾ ਚਾਰ ਮਈ, 2023 ਦੀ ਹੈ, ਜਿਹੜੀ ਇੱਕ ਵੀਡੀਓ ਰਾਹੀਂ ਹੁਣ ਵਾਇਰਲ ਹੋਈ ਹੈ। ਵਿਸ਼ਵ ਭਰ ਵਿਚ ਇਸ ਘਟਨਾ ਦੀ ਨਿੰਦਿਆਂ ਹੋਈ ਹੈ। 'ਮਹਾਨ ਦੇਸ਼ ਭਾਰਤ' ਸ਼ਰਮਸਾਰ ਹੋਇਆ ਹੈ।

ਵੀਡੀਓ ਵਿਚਲੀਆਂ ਦੋ ਮਹਿਲਾਵਾਂ 'ਚੋਂ ਇੱਕ ਸਾਬਕਾ ਫੌਜੀ ਦੀ ਪਤਨੀ ਹੈ। ਇਸ ਫੌਜੀ ਨੇ ਕਾਰਗਿਲ ਜੰਗ ਲੜੀ ਸੀ। ਉਸਨੂੰ ਇਸ ਗੱਲ ਦਾ ਝੋਰਾ ਖਾ ਰਿਹਾ ਹੈ ਕਿ ਉਸਨੇ ਆਪਣੇ ਦੇਸ਼ ਨੂੰ ਤਾਂ ਮਹਿਫੂਜ਼ ਕਰ ਲਿਆ ਪਰ ਆਪਣੀ ਪਤਨੀ ਨੂੰ ਬੇਇੱਜ਼ਤ ਹੋਣ ਤੋਂ ਨਹੀਂ ਬਚਾ ਸਕਿਆ।

ਇਸ ਮੁੱਦੇ 'ਤੇ ਵੀਡੀਓ ਵਾਇਰਲ ਹੁੰਦਿਆਂ ਹੀ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੰਦਿਆਂ ਚਿਤਾਵਨੀ ਦਿੱਤੀ ਗਈ ਕਿ ਜੇਕਰ ਉਨ੍ਹਾਂ ਵਲੋਂ ਕੋਈ ਐਕਸ਼ਨ ਨਾ ਲਿਆ ਗਿਆ, ਤਾਂ ਸੁਪਰੀਮ ਕੋਰਟ ਆਪ ਕਾਰਵਾਈ ਕਰੇਗੀ। ਹੁਣ ਕੁਝ ਦਿਨਾਂ 'ਚ ਹੀ ਪੰਜ ਕਥਿਤ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ। ਦੋ ਮਹੀਨਿਆਂ ਤੋਂ ਵੱਧ ਸਮੇਂ ਬੀਤਣ ਬਾਅਦ ਵੀ ਆਖ਼ਰ ਸਰਕਾਰਾਂ ਨੇ ਕਾਰਵਾਈ ਕਿਉਂ ਨਹੀਂ ਕੀਤੀ? ਸਵਾਲ ਵੱਡਾ ਹੈ।

ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਉਹ ਬਹੁਤ ਗੁੱਸੇ 'ਚ ਹਨ ਅਤੇ ਇਹ ਘਟਨਾ ਸ਼ਰਮਨਾਕ ਹੈ। ਇਸ ਘਟਨਾ ਸਬੰਧੀ ਵਿਸ਼ਵ ਪ੍ਰਸਿੱਧ ਅਖ਼ਬਾਰ 'ਦੀ ਟੈਲੀਗ੍ਰਾਫ' ਨੇ ਪਹਿਲੇ ਸਫ਼ੇ 'ਤੇ ਮਗਰਮੱਛ ਦੀ ਫੋਟੋ ਛਾਪਕੇ 79 ਦਿਨਾਂ ਦੀ ਕਾਰਵਾਈ ਛਾਪਕੇ ਲਿਖਿਆ ਹੈ ਕਿ ਆਖ਼ਰ ਘਟਨਾ ਦੇ 79ਵੇਂ ਦਿਨ ਮਨੀਪੁਰ, ਜੋ ਜਲ ਰਿਹਾ ਹੈ, ਸਬੰਧੀ 'ਮਗਰਮੱਛ ਦੇ ਹੰਝੂ' ਵਹਾਏ ਗਏ ਹਨ। ਇਹ ਅੱਥਰੂ ਕਿਸਦੇ ਹਨ, ਹਰ ਕੋਈ ਸਮਝ ਸਕਦਾ ਹੈ।

ਮਨੀਪੁਰ ਦੇ ਮੁੱਖ ਮੰਤਰੀ ਐੱਨ. ਬੀਰੇਨ ਨੇ ਮਨੀਪੁਰ 'ਚ ਵਾਪਰੀਆਂ ਘਟਨਾਵਾਂ ਸਬੰਧੀ ਕਿਹਾ ਕਿ ਸੂਬੇ ਮਨੀਪੁਰ 'ਚ ਇਨ੍ਹਾਂ ਦਿਨਾਂ 'ਚ ਸੈਂਕੜੇ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਸਬੰਧੀ ਐੱਫ.ਆਈ.ਆਰ. (ਮੁੱਢਲੀਆਂ ਰਿਪੋਰਟਾਂ) ਦਰਜ਼ ਕੀਤੀਆਂ ਗਈਆਂ ਹਨ।

ਪਰ ਜਿਸ ਢੰਗ ਨਾਲ ਮਨੀਪੁਰ 'ਚ ਪੁਲਿਸ/ਸਿਵਲ ਪ੍ਰਸ਼ਾਸਨ ਕੰਮ ਕਰ ਰਹੀ ਹੈ, ਉਸਦੀ ਇੱਕ ਮਿਸਾਲ ਇਹ ਹੈ ਕਿ ਇੱਕ ਕਬਾਇਲੀ ਮਹਿਲਾ ਨੇ ਸੈਕੁਲ ਥਾਣੇ 'ਚ ਸ਼ਿਕਾਇਤ ਦਰਜ਼ ਕਰਵਾਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਚਾਰ ਮਈ, 2023 ਨੂੰ ਕੋਨੂ ਮਾਰਗ ਨੇੜੇ ਕਿਰਾਏ ਦੇ ਮਕਾਨ 'ਚ ਉਸਦੀ 21 ਸਾਲਾ ਧੀ ਅਤੇ ਧੀ ਦੀ 24 ਸਾਲਾ ਦੋਸਤ ਦਾ ਜਬਰ-ਜਨਾਹ ਕੀਤਾ ਗਿਆ ਅਤੇ ਫਿਰ ਉਸ ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਵਲੋਂ ਇਸ ਸਬੰਧੀ 16 ਮਈ, 2023 ਨੂੰ ਐੱਫ.ਆਈ.ਆਰ. ਦਰਜ ਕੀਤੀ ਗਈ। ਇਸ ਔਰਤ ਨੇ ਦੋਸ਼ ਲਾਇਆ ਕਿ 4 ਮਈ, 2023 ਨੂੰ ਦੋਵਾਂ ਲੜਕੀਆਂ ਨਾਲ ਬਹੁ-ਗਿਣਤੀ ਭਾਈਚਾਰੇ ਦੇ ਨਾਲ ਸਬੰਧਤ ਵਿਅਕਤੀਆਂ ਨੇ ਜਬਰ-ਜਨਾਹ ਕੀਤਾ। ਪਰ ਸਮੂਹਿਕ ਜਬਰ-ਜਨਾਹ ਨਾਲ ਸਬੰਧਤ ਧਾਰਾ, ਕੇਸ ਦਰਜ਼ ਕਰਨ ਲੱਗਿਆਂ, ਦਰਜ਼ ਨਹੀਂ ਕੀਤੀ ਗਈ, ਪੁਲਿਸ ਵਲੋਂ ਮਾਮਲਾ ਦਬਾਉਣ ਦੀ ਕੋਸ਼ਿਸ਼ ਹੋਈ ਹੈ।

ਮਨੀਪੁਰ 'ਚ ਹਿੰਸਾ ਦੌਰਾਨ 150 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। 5000 ਘਰ ਸਾੜੇ ਜਾ ਚੁੱਕੇ ਹਨ। 60,000 ਲੋਕ ਘਰ ਛੱਡਕੇ ਹੋਰ ਸੁਰੱਖਿਅਤ ਥਾਵਾਂ 'ਤੇ ਨਿਵਾਸ ਕਰ ਰਹੇ ਹਨ। ਮਨੀਪੁਰ ਹਿੰਸਾ ਨਾਲ ਝੰਬਿਆ ਪਿਆ ਹੈ। ਮਨੀਪੁਰ 'ਚ ਪਿਛਲੇ ਕੁਝ ਮਹੀਨਿਆਂ ਤੋਂ ਕੁਕੀ ਅਤੇ ਮੈਤੇਈ ਭਾਈਚਾਰਿਆਂ ਵਿਚਕਾਰ ਟਕਰਾਅ ਚੱਲ ਰਿਹਾ ਹੈ। ਨਫ਼ਰਤ, ਸਾੜੇ ਦੇ ਬੱਦਲ ਪੂਰੇ ਮਨੀਪੁਰ 'ਤੇ ਛਾਏ ਹੋਏ ਹਨ। ਆਖਰ ਕੌਣ ਜ਼ਿੰਮੇਵਾਰ ਹੈ ਇਸ ਨਫ਼ਰਤੀ ਮਾਹੌਲ ਦਾ?

ਮਨੀਪੁਰ 'ਚ ਘਟਨਾਵਾਂ ਤਾਂ ਸੈਂਕੜੇ ਵਾਪਰੀਆਂ ਹਨ ਜਾਂ ਵਾਪਰ ਰਹੀਆਂ ਹਨ ਪਰ ਔਰਤਾਂ ਉਤੇ ਜਬਰ-ਜਨਾਹ ਦੀਆਂ ਘਟਨਾਵਾਂ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਵਾਪਰੀਆਂ ਇਹੋ ਜਿਹੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰ ਰਹੀਆਂ ਹਨ, ਜਦੋਂ ਸਿੱਖਾਂ ਦਾ ਕਤਲੇਆਮ ਇਸੇ ਕਿਸਮ ਦੀਆਂ ਭੀੜਾਂ ਵਲੋਂ ਕੀਤਾ ਗਿਆ, ਉਨ੍ਹਾਂ ਦੇ ਘਰ ਸਾੜੇ ਗਏ। ਗਲ਼ਾਂ 'ਚ ਟਾਇਰ ਪਾਕੇ, ਅੱਗ ਲਾ ਕੇ ਉਨ੍ਹਾਂ ਨੂੰ ਸਾੜਿਆ ਗਿਆ। ਸਿੱਖ ਔਰਤਾਂ ਨਾਲ ਸ਼ਰੇਆਮ ਬਲਾਤਕਾਰ ਹੋਏ। ਸੜਕਾਂ ਉਤੇ ਸ਼ਰੇਆਮ ਦਹਿਸ਼ਤੀ ਮਾਹੌਲ ਬਣਾਇਆ ਗਿਆ। ਇਹ ਸਭ ਕੁਝ ਹਾਕਮ ਧਿਰਾਂ ਦੇ ਪਾਲੇ "ਯੋਧਿਆਂ" ਦੀ ਕਮਾਨ ਹੇਠ ਹੋਇਆ।

ਮਨੀਪੁਰ ਦੀਆਂ ਘਟਨਾਵਾਂ ਵੀ "ਹਾਕਮ ਟੋਲੇ" ਦੀ ਸ਼ਹਿ ਉਤੇ ਹੋਣ ਦੇ ਸਪੱਸ਼ਟ ਸੰਕੇਤ ਹਨ, ਕਿਉਂਕਿ ਜਿਨ੍ਹਾਂ ਦੋ ਔਰਤਾਂ ਨੂੰ ਨੰਗੇ ਘੁਮਾਇਆ ਗਿਆ, ਉਨ੍ਹਾਂ ਨੂੰ ਪਹਿਲਾਂ ਪੁਲਿਸ ਨੇ ਆਪਣੇ ਗੱਡੀ 'ਚ ਬੈਠਾਇਆ, ਫਿਰ ਥੋੜ੍ਹੀ ਦੇਰ ਬਾਅਦ 'ਚ ਭੀੜ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਪੀੜਤ ਔਰਤਾਂ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਹੈ।

ਜਦੋਂ ਮਨੀਪੁਰ ਸੜ ਰਿਹਾ ਸੀ। ਕੇਂਦਰ ਸਰਕਾਰ ਚੁੱਪ ਰਹੀ। ਸਰਕਾਰੀ ਅਸਲਾ ਖਾਨੇ ਵਿਚੋਂ 4000 ਸਵੈਚਾਲਿਤ ਹਥਿਆਰ ਅਤੇ ਗੋਲੀ ਬਾਰੂਦ ਲੁੱਟ ਲਿਆ ਗਿਆ, ਪਰ ਸੁਰੱਖਿਆ ਬਲ ਹੱਥ 'ਤੇ ਹੱਥ ਧਰਕੇ ਬੈਠੇ ਰਹੇ। ਦੇਸ਼ ਦੇ ਗ੍ਰਹਿ ਮੰਤਰੀ ਇੱਕ ਵਾਰ ਮਨੀਪੁਰ ਦੇ ਦੌਰੇ 'ਤੇ ਗਏ ਪਰ ਕੋਈ ਸਖ਼ਤ ਕਦਮ ਨਹੀਂ ਚੁੱਕਿਆ, ਜਿਸ ਨਾਲ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਆਖ਼ਿਰ ਉਪਰਲੀ, ਹੇਠਲੀ ਸਰਕਾਰ ਨੇ ਇਨ੍ਹਾਂ ਘਟਨਾਵਾਂ 'ਤੇ ਚੁੱਪੀ ਕਿਉਂ ਵੱਟੀ ਰੱਖੀ?

ਮਨੀਪੁਰ, ਭਾਰਤ ਦੇ ਉੱਤਰ-ਪੂਰਬ ਵਿਚ ਸਰਹੱਦੀ ਸੂਬਾ ਹੈ, ਜਿਸ ਦੀ 352 ਕਿਲੋਮੀਟਰ ਹੱਦ ਅੰਤਰਰਾਸ਼ਟਰੀ ਸਰਹੱਦਾਂ ਨਾਲ ਲੱਗਦੀ ਹੈ। ਇਸ ਦੇ ਉੱਤਰ ਵਿਚ ਨਾਗਾਲੈਂਡ, ਦੱਖਣ 'ਚ ਮੀਜ਼ੋਰਮ, ਪੂਰਬ 'ਚ ਮੀਆਂਮਾਰ ਅਤੇ ਪੱਛਮ 'ਚ ਆਸਾਮ ਦਾ ਇੱਕ ਜ਼ਿਲ੍ਹਾ ਕੱਚਰ ਲੱਗਦਾ ਹੈ।

ਮੌਜੂਦਾ ਘਟਨਾਵਾਂ ਦਾ ਆਰੰਭ ਉਸ ਵੇਲੇ ਹੋਇਆ, ਜਦੋਂ ਸੂਬੇ ਦੇ ਦੋ ਗਰੁੱਪਾਂ ਕੁੱਕੀ ਅਤੇ ਮੈਤੇਈ ਗਰੁੱਪਾਂ 'ਚ ਹਿੰਸਕ ਝੜਪਾਂ ਤਿੰਨ ਮਈ, 2023 ਨੂੰ ਆਰੰਭ ਹੋਈਆਂ। ਆਪਸੀ ਝੜਪਾਂ ਦਾ ਤਤਕਾਲੀ ਕਾਰਨ ਇਹ ਬਣਿਆ ਕਿ ਜਿਸ ਕੁੱਕੀ ਭਾਈਚਾਰੇ ਅਤੇ ਨਾਗਾ ਕਬੀਲਿਆਂ ਨੂੰ ਸ਼ਡਿਊਲਡ ਕਬੀਲੇ ਮੰਨਕੇ ਸਰਕਾਰ ਵਲੋਂ ਸਹੂਲਤਾਂ ਮਿਲਦੀਆਂ ਸਨ, ਉਨ੍ਹਾਂ ਵਿਚ ਮੈਤੇਈ ਕਬੀਲਿਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ, ਤਾਂ ਕਿ ਉਨ੍ਹਾਂ ਨੂੰ ਵੀ ਬਣਦੇ ਆਰਥਿਕ ਲਾਭ ਮਿਲ ਸਕਣ। ਮੈਤੇਈ ਭਾਈਚਾਰਾ ਪਿਛਲੇ ਇੱਕ ਦਹਾਕੇ ਤੋਂ ਇਸਦੀ ਮੰਗ ਕਰ ਰਿਹਾ ਸੀ।

ਇਸ ਮੰਗ ਨੂੰ ਅਪ੍ਰੈਲ 2023 ਨੂੰ ਉਦੋਂ ਬੱਲ ਮਿਲਿਆ, ਜਦੋਂ ਮਨੀਪੁਰ ਹਾਈਕੋਰਟ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਹ ਮੰਗ ਮੰਨੀ ਜਾਏ ਅਤੇ ਇਸੇ ਸਾਲ ਮਈ ਦੇ ਅੱਧ ਤੱਕ ਲਾਗੂ ਕੀਤੀ ਜਾਵੇ। ਇਸ ਤਹਿਤ ਮੈਤੇਈ ਕਬੀਲੇ ਨੂੰ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਹਿੱਸਾ ਮਿਲ ਜਾਣਾ ਹੈ, ਜਿਹੜਾ ਪਹਿਲਾਂ ਸਿਰਫ਼ ਕੁੱਕੀ ਅਤੇ ਨਾਗਾ ਕਬੀਲਿਆਂ ਨੂੰ ਮਿਲਦਾ ਹੈ।

ਕੁੱਕੀ ਅਤੇ ਨਾਗਾ ਕਬੀਲੇ ਪਹਾੜੀ ਹਿੱਸੇ 'ਚ ਰਹਿੰਦੇ ਹਨ, ਜਿਹੜੇ ਕੁੱਲ ਮਨੀਪੁਰ ਆਬਾਦੀ ਦਾ 43 ਫ਼ੀਸਦੀ ਹਨ ਅਤੇ ਉਸ ਖਿੱਤੇ 'ਚ ਰਹਿੰਦੇ ਹਨ, ਜਿਹੜਾ ਕਿ ਵਿਕਸਿਤ ਨਹੀਂ ਹੈ, ਜਦਕਿ ਮੈਤੇਈ ਕਬੀਲੇ ਦੇ ਲੋਕ (ਜਿਨ੍ਹਾਂ ਦੀ ਆਬਾਦੀ ਸੂਬੇ ਦੀ ਆਬਾਦੀ 'ਚੋਂ ਅੱਧ ਤੋਂ ਵੱਧ ਹੈ) ਵਿਕਸਿਤ ਇਲਾਕਿਆਂ 'ਚ ਰਹਿੰਦੇ ਹਨ।

ਮਨੀਪੁਰ ਸੂਬੇ 'ਚ ਭਾਰਤੀ ਜਨਤਾ ਪਾਰਟੀ ਦਾ ਰਾਜ ਸ਼ਾਸਨ ਹੈ ਅਤੇ ਇਥੋਂ ਦਾ ਮੁੱਖ ਮੰਤਰੀ ਬੀਰੇਨ ਸਿੰਘ, ਮੈਤੇਈ ਕਬੀਲੇ ਦਾ ਹੈ ਅਤੇ ਕੁੱਕੀ ਕਬੀਲੇ ਦੇ ਲੋਕਾਂ ਦਾ ਇਲਜ਼ਾਮ ਹੈ ਕਿ ਇਹ ਸਭ ਕੁਝ ਦੇ ਪਿੱਛੇ ਮੈਤੇਈ ਮੁੱਖ ਮੰਤਰੀ ਬੀਰੇਨ ਸਿੰਘ ਦੀ ਸਾਜ਼ਿਸ਼ ਹੈ ਅਤੇ ਉਹ ਹੀ ਇਹੋ ਜਿਹੀਆਂ ਘਟਨਾਵਾਂ ਖ਼ਾਸ ਕਰਕੇ ਪੁਲਿਸ ਪ੍ਰਸ਼ਾਸਨ ਨੂੰ ਚੁੱਪ ਕਰਾਉਣ-ਕਰਨ ਦੇ ਜ਼ਿੰਮੇਵਾਰ ਹਨ, ਜਿਨ੍ਹਾਂ ਦੀ ਸੂਬੇ 'ਚ ਸ਼ਾਂਤੀ ਬਹਾਲ ਕਰਨ ਦੀ ਜ਼ਿੰਮੇਵਾਰੀ ਹੈ।

ਇਸ ਵੇਲੇ ਮਨੀਪੁਰ ਗ੍ਰਹਿ ਯੁੱਧ ਝੱਲ ਰਿਹਾ ਹੈ। ਬਾਵਜੂਦ ਵੱਡੀ ਗਿਣਤੀ ਪੈਰਾ ਮਿਲਟਰੀ ਫੋਰਸਿਸ ਦੀ ਤਾਇਨਾਤੀ ਦੇ ਪੁਲਿਸ ਅਸਲਾ ਲੁੱਟਿਆ ਗਿਆ ਹੈ, ਸੈਂਕੜੇ ਚਰਚ ਅਤੇ ਇੱਕ ਦਰਜਨ ਮੰਦਿਰ ਢਾਹੇ ਗਏ ਹਨ। ਨਾਗਾ ਅਤੇ ਕੁੱਕੀ ਕਬੀਲਾ ਈਸਾਈ ਹੈ, ਮੈਤੇਈ ਬਹੁਤਾ ਕਰਕੇ ਹਿੰਦੂ ਹਨ, ਪਰ ਮੌਜੂਦਾ ਸੰਘਰਸ਼ ਧਾਰਮਿਕ ਨਹੀਂ ਹੈ।

ਭਾਵੇਂ ਲੰਮੇ ਸਮੇਂ ਤੋਂ ਮੈਤੇਈ, ਕੁੱਕੀ, ਨਾਗਾ ਕਬੀਲੇ ਇੱਕ-ਦੂਜੇ ਨਾਲ ਵੈਰ-ਵਿਰੋਧ ਦੇ ਹੁੰਦਿਆਂ ਵੀ ਆਪਣੇ ਲਈ ਹੋਮ ਲੈਂਡ ਲਈ ਭਾਰਤ ਦੇ ਸੁਰੱਖਿਆ ਬਲਾਂ ਨਾਲ ਲੜਦੇ ਰਹੇ ਹਨ, ਪਰ ਹੁਣ ਵਾਲੀਆਂ ਘਟਨਾਵਾਂ ਪਿੱਛੇ ਹੋਰ ਵੀ ਵੱਡੇ ਕਾਰਨ ਹਨ, ਜਿਨ੍ਹਾਂ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਉਨ੍ਹਾਂ ਵਿਚ ਫੈਲੀ ਅਸੰਤੁਸ਼ਟਤਾ ਹੈ। ਇਹ ਮਨੀਪੁਰ ਦੇ ਸਾਰੇ ਵਰਗਾਂ ਦੇ ਲੋਕਾਂ 'ਚ ਹੈ। ਭਾਵੇਂ ਉਹ ਕਿਸੇ ਵੀ ਕਬੀਲੇ ਦੇ ਹਨ।

ਜਿਹੋ ਜਿਹੀ ਗੰਭਿਰ ਸਥਿਤੀ ਮਨੀਪੁਰ ਵਿਚ ਬਣੀ ਹੋਈ ਹੈ, ਉਹ ਚਿੰਤਾਜਨਕ ਹੈ। ਇਹੋ ਜਿਹੇ ਸਮਿਆਂ 'ਚ ਹਾਕਮਾਂ ਦੀ ਚੁੱਪੀ ਪ੍ਰੇਸ਼ਾਨ ਕਰਦੀ ਹੈ। ਦੇਸ਼ ਵਿਚ ਘੱਟ ਗਿਣਤੀ ਨੂੰ ਸਬਕ ਸਿਖਾਉਣ ਦਾ ਜੋ ਵਰਤਾਰਾ ਚੱਲ ਰਿਹਾ ਹੈ, ਉਸਦੀ ਝਲਕ ਮਨੀਪੁਰ 'ਚ ਵਿਖਾਈ ਦੇ ਰਹੀ ਹੈ।

ਮਨੀਪੁਰ ਵਿਚ ਵਸਦੇ ਕੁਕੀ ਤੇ ਮੈਤੇਈ ਭਾਈਚਾਰਿਆਂ 'ਚ ਸ਼ੱਕ, ਨਫ਼ਰਤ, ਹਿੰਸਾ ਦਾ ਮਾਹੌਲ ਹੈ। ਇਸੇ ਕਰਕੇ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਦਿਨੋਂ-ਦਿਨ ਵੱਧ ਰਹੀਆਂ ਹਨ। ਦੋਹਾਂ ਧਿਰਾਂ 'ਚ ਆਪਸੀ ਭਰੋਸਾ ਪੈਦਾ ਕਰਨ ਦੇ ਕੋਈ ਯਤਨ ਨਹੀਂ ਹੋ ਰਹੇ। ਨਾ ਸਰਕਾਰੀ, ਨਾ ਹੀ ਗੈਰ ਸਰਕਾਰੀ, ਨਾ ਸਿਆਸੀ।

ਸਵਾਲਾਂ ਦਾ ਸਵਾਲ ਇਹ ਹੈ ਕਿ ਭਾਰਤ ਦਾ ਗ੍ਰਹਿ ਵਿਭਾਗ ਇਨ੍ਹਾਂ ਵਾਪਰੀਆਂ ਘਟਨਾਵਾਂ 'ਤੇ ਚੁੱਪ ਕਿਉਂ ਹੈ? ਕੀ ਜੇਕਰ ਇਹ ਮਹਿਲਾਵਾਂ ਵਾਲੀ ਵੀਡੀਓ ਵਾਇਰਲ ਨਾ ਹੁੰਦੀ, ਤਾਂ ਕੀ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪ ਹੀ ਬੈਠਾ ਰਹਿੰਦਾ? ਉਹ 79ਵੇਂ ਦਿਨ ਹੀ 4 ਮਈ ਦੀ ਸ਼ਰਮਨਾਕ ਘਟਨਾ 'ਤੇ ਕਿਉਂ ਬੋਲਿਆ?

4 ਮਈ, 2023 ਦੀ ਘਟਨਾ ਸਬੰਧੀ ਦੇਸ਼ ਦਾ ਮੀਡੀਆ ਚੁੱਪ ਕਿਉਂ ਬੈਠਾ ਰਿਹਾ? ਕੀ ਦੇਸ਼ ਦੀਆਂ ਸਮਾਚਾਰ ਏਜੰਸੀਆਂ, ਵੱਡੇ-ਵੱਡੇ ਪ੍ਰਿੰਟ ਮੀਡੀਆ ਦੇ ਅਖ਼ਬਾਰ, ਚੈਨਲ ਇਨ੍ਹਾਂ ਘਟਨਾਵਾਂ ਦੀ ਥਾਹ ਹੀ ਨਾ ਪਾ ਸਕੇ?

ਗੋਦੀ ਮੀਡੀਆ ਨੇ ਤਾਂ ਚੁੱਪ ਵੱਟ ਕੇ ਬੈਠੇ ਹੀ ਰਹਿਣਾ ਸੀ, ਪਰ ਦੂਜਾ ਮੀਡੀਆ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਲੋਕਾਂ ਸਾਹਮਣੇ ਕਿਉਂ ਨਹੀਂ ਲੈ ਕੇ ਆ ਸਕਿਆ? ਆਖ਼ਰ ਸੋਸ਼ਲ ਮੀਡੀਆ ਹੀ ਇਹੋ ਜਿਹੀਆਂ ਸ਼ਰਮਨਾਕ ਘਟਨਾਵਾਂ ਉਤੋਂ ਪਰਦਾ ਚੁੱਕ ਸਕਿਆ ਹੈ।

ਇਥੇ ਹੈਰਾਨੀ ਵਾਲਾ ਸਵਾਲ ਸਿਆਸੀ ਆਗੂਆਂ ਨੂੰ ਵੀ ਪੁੱਛਿਆ ਜਾਣਾ ਬਣਦਾ ਹੈ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ, ਕਿ ਉਹ ਮਨੁੱਖ ਮਾਰੂ ਔਰਤ ਵਿਰੋਧੀ, ਨਫਰਤ ਫੈਲਾਉਣ ਵਾਲੇ ਲੋਕਾਂ ਵਿਰੁੱਧ ਸਮੇਂ ਸਿਰ ਕਿਉਂ ਨਾ ਬੋਲ ਸਕੇ? ਕੀ ਇਸ ਘਟਨਾਵਾਂ ਦੀ ਸੂਚਨਾ ਉਨ੍ਹਾਂ ਤੱਕ ਪਹਿਲਾਂ ਨਹੀਂ ਪਹੁੰਚੀ? ਜਾਪਦਾ ਹੈ ਮਨੁੱਖ ਦਾ ਲਹੂ ਸਫੈਦ ਹੋ ਗਿਆ ਹੈ।

ਸਵਾਲ ਤਾਂ ਇਹ ਵੀ ਹੈ ਕਿ ਕਿਉਂ ਸਾਡੇ ਸਮਾਜ ਨੇ ਰੂੜੀਵਾਦੀ, ਭਰਾ-ਮਾਰੂ, ਨਫਰਤੀ ਵਰਤਾਰੇ ਨੂੰ ਧਰਮ, ਜਾਤ ਦੇ ਨਾਂਅ 'ਤੇ ਵਧਣ-ਫੁੱਲਣ ਦਿੱਤਾ ਹੋਇਆ ਹੈ? ਕਿਉਂ ਦੇਸ਼ ਦਾ ਬੁੱਧੀਜੀਵੀ, ਲੇਖਕ, ਸੱਭਿਅਕ ਆਗੂ, ਚੇਤੰਨ ਲੋਕ, ਭਾਰਤੀ ਪ੍ਰੰਪਰਾਵਾਂ ਦੇ ਹਿੱਤ 'ਚ ਬੋਲਣ ਦੀ ਥਾਂ ਡਰ ਦੇ ਮਾਹੌਲ 'ਚ ਜੀਊਣਾ ਸਿੱਖ ਰਹੇ ਹਨ।

ਫਿਲਾਸਫਰ ਸਾਰਤਰ ਦੇ ਸ਼ਬਦ ਯਾਦ ਆਉਂਦੇ ਹਨ, "ਸੱਤਾਧਾਰੀ, ਸਾਡੀਆਂ ਜ਼ੁਬਾਨਾਂ ਬੰਦ ਕਰਨ 'ਤੇ ਲੱਗੇ ਹੋਏ ਹਨ। ਅਸੀਂ ਚੁੱਪ ਹਾਂ। ਅਸੀਂ ਹਰ ਵੇਲੇ ਕੈਦ, ਜਲਾਵਤਨੀ ਤੇ ਮੌਤ ਬਾਰੇ ਸੋਚਣ 'ਤੇ ਮਜਬੂਰ ਕਰ ਦਿੱਤੇ ਗਏ ਹਾਂ। ਅੱਜ ਹਰ ਪਾਸੇ-ਕੰਧਾਂ 'ਤੇ, ਅਖ਼ਬਾਰਾਂ ਵਿਚ, ਮੀਡੀਆ 'ਤੇ, ਸਾਨੂੰ ਆਪਣੀ ਬੇਪੱਤੀ ਵਾਲੀ ਤਸਵੀਰ ਵੇਖਣ ਨੂੰ ਮਿਲ ਰਹੀ ਹੈ, ਜੋ ਕਿ ਸਾਡੇ ਹੁਕਮਰਾਨਾ ਸਾਨੂੰ ਕਬੂਲ ਕਰਾਉਣਾ ਚਾਹੁੰਦੇ ਹਨ।"

ਇਹ ਸਭ ਕੁਝ ਕਦੇ ਫਰਾਂਸ 'ਚ ਵਾਪਰਦਾ ਸੀ, ਅੱਜ ਇਥੇ ਵਾਪਰ ਰਿਹਾ ਹੈ। ਕੀ ਭਾਰਤੀ ਬੇਬੱਸ ਹੋ ਗਏ ਹਨ।

"ਬੋਲ ਕਿ ਲਬ ਆਜ਼ਾਦ ਹੈਂ ਤੇਰੇ,
ਬੋਲ ਜ਼ਬਾਂ ਅਬ ਤੱਕ ਤੇਰੀ ਹੈ,"- ਫ਼ੈਜ਼ ਅਹਿਮਦ ਫ਼ੈਜ਼

---

# "ਪੁਲਿਸ ਨੂੰ ਭੜਥੂ"

## ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਪਿੰਡ ਦੀ ਸੱਥ ਮਘੀ ਹੋਈ ਸੀ। ਕਿਤੇ ਤਾਸ਼, ਲੁੱਡੋ, ਪ੍ਰੇਲ ਚੱਲ ਰਹੀ ਸੀ, ਕੋਈ ਬੈਂਤ ਗਾ ਰਿਹਾ, ਕਿਤੇ ਗੱਪਾਂ ਦਾ ਕੜਾਹ ਕੀਤਾ ਜਾ ਰਿਹਾ। ਮੈਨੂੰ ਗੱਪਾਂ ਦਾ ਸ਼ੌਂਕ ਹੋਣ ਕਰਕੇ ਗੱਪੀਆਂ ਕੋਲ ਜਾ ਬੈਠਾ। ਗੱਪਾਂ ਤੇ ਸਭ ਨੇ ਚੰਗੀਆਂ ਰੇਹੜੀਆਂ ਪਰ ਬਖਤੌਰੇ ਦੀ ਝੰਡੀ ਰਹੀ। ਕਹਿੰਦਾ, "ਯਾਰ ਮੈਂ ਤੁਹਾਨੂੰ ਆਪਣਾ ਕੱਲ੍ਹ ਰਾਤ ਦਾ ਸੁਪਨਾ ਸੁਣਾਉਂਨਾ।" ਸਾਰਿਆਂ ਨੇ 'ਹਾਂ' ਵਿਚ ਹੁੰਗਾਰਾ ਭਰਿਆ। ਕਹਿੰਦਾ, "ਮੈਂ ਕੱਲ੍ਹ ਪੁਲਿਸ ਵਾਲਿਆਂ ਨੂੰ ਭੜਥੂ ਪਾ ਦਿੱਤਾ।" ਸਭ ਨੇ ਪੁੱਛਿਆ, "ਉਹ ਕਿਵੇਂ? ਤੇਰੇ ਕੋਲ ਕਿਹੜੀ ਜਾਦੂ ਦੀ ਛੜੀ ਸੀ, ਉਨ੍ਹਾਂ ਤੈਨੂੰ ਡਾਂਗ ਨਹੀਂ ਫੇਰੀ, ਵੱਡੇ ਕਟਾਰੂ ਚੱਕ ਨੂੰ?" ਕਹਿੰਦਾ, "ਡਾਂਗ ਤੇ ਉਹ ਤਾਂ ਫੇਰਦੇ, ਜੇ ਉਹ ਉਥੇ ਖਲੋਂਦੇ, ਉਹ ਪਤੰਦਰ ਤਾਂ ਮੈਨੂੰ ਭੂਤਨਾ ਸਮਝ ਕੇ ਨਾਕਾ ਛੱਡ ਕੇ ਦੌੜ ਗਏ।" ਮੈਂ ਬੜੀ ਉਤਸੁਕਤਾ ਨਾਲ ਪੁੱਛਿਆ, 'ਹੋਇਆ ਕੀ?' ਕਹਿੰਦਾ, "ਮੈਂ ਸੁਪਨੇ ਵਿਚ ਭਾਰ ਢੋਣ ਵਾਲੀ ਵੈਨ ਦਾ ਡਰਾਈਵਰ ਸੀ, ਕਿਸੇ ਦੇ ਆਰਡਰ 'ਤੇ ਉਸ ਦੇ ਘਰ ਲਾਸ਼ ਦਫ਼ਨਾਉਣ ਵਾਲਾ ਤਾਬੂਤ (ਲੱਕੜੀ ਦਾ ਬਕਸਾ) ਛੱਡਣ ਜਾ ਰਿਹਾ ਸੀ। ਦੱਸੇ ਗਏ ਪਤੇ ਤੋਂ ਮੀਲ ਕੁ ਪਿੱਛੇ ਹੀ ਸਾਂ ਕਿ ਵੈਨ ਖਰਾਬ ਹੋ ਗਈ। ਉਧਰੋਂ ਮਾਲਕਾਂ ਦਾ ਫੋਨ ਗਿਆ, ਭਾਈ ਲੇਟ ਹੋ ਰਿਹੈਂ...। ਮੈਂ ਗੱਡੀ ਸਟਾਰਟ ਨਾ ਹੁੰਦੀ ਵੇਖ ਉਨ੍ਹਾਂ ਦੀ ਮਜਬੂਰੀ ਨੂੰ ਭਾਂਪਦਿਆਂ ਤਾਬੂਤ ਸਿਰ 'ਤੇ ਚੁੱਕਿਆ ਤੇ ਪੈਦਲ ਤੁਰ ਪਿਆ। ਰਾਹ ਵਿਚ ਲੱਗੇ ਨਾਕੇ ਤੇ ਹੌਲਦਾਰ ਦੀ ਵਰਦੀ ਵਿਚ ਖੜ੍ਹੇ ਹੋਮਗਾਰਡ ਕੁੰਢਾ ਸਿੰਘ ਨੇ ਆਪਣੀਆਂ ਕੁੰਢੀਆਂ ਮੁੱਛਾਂ ਨੂੰ ਹੋਰ ਤਾਅ ਦਿੱਤਾ ਤੇ ਥਾਣੇਦਾਰ ਨੂੰ ਇਸ਼ਾਰੇ ਨਾਲ ਕਹਿੰਦਾ, ਮੋਟੀ ਸਾਮੀ ਫਸੀ ਅੱਜ.., ਨਾਲ ਹੀ ਦਬਕਾ ਮਾਰ ਕੇ ਮੇਰੇ ਵੱਲ ਸਿੱਧਾ ਹੋਇਆ, ਸ਼ਰਮ ਤੇ ਨਹੀਂ ਆਉਂਦੀ ਹੋਣੀ ਭੈਣ...... ਬਲੈਕੀਆਂ ਨੂੰ, ਸਾਲਿਆ ਹੁਣ ਨਸ਼ੇ ਤਾਬੂਤਾਂ ਵਿਚ ਸਪਲਾਈ ਕਰਨੇ ਸ਼ੁਰੂ ਕਰ ਲਏ? ਮੈਂ ਕੰਬਦੇ ਹੋਏ ਕਿਹਾ, 'ਨਸ਼ੇ, ਕਿਹੜੇ ਨਸ਼ੇ?' ਉਸ ਨੇ ਤਾਬੂਤ 'ਤੇ ਸੋਟੀ ਮਾਰੀ, 'ਥੱਲੇ ਲਾਹ ਇਹਨੂੰ, ਤੈਨੂੰ ਬਣਾਉਨੇ



ਆਂ ਮੁਰਗਾ, ਕਿਹੜੇ ਨਸ਼ੇ, ਅਈਨਾ ਭੋਲਾ ਨਾ ਬਣ।' ਮੈਂ ਕੰਬਦੇ ਹੱਥਾਂ ਨਾਲ ਹੱਥ ਜੋੜੇ ਤੇ ਕਿਹਾ, 'ਬਾਬਿਓ ਮੈਂ ਬਲੈਕੀਆ ਨਹੀਂ, ਮੁਰਦਾ ਹਾਂ, ਮੇਰੇ ਘਰ ਦੇ ਮੈਨੂੰ ਔਹ ਸਾਹਮਣੇ ਕਬਰਿਸਤਾਨ ਵਿਚ ਦੱਬ ਗਏ ਸਨ, ਉਥੇ ਕੋਈ ਰੌਣਕ ਨਹੀਂ ਸੀ, ਮੈਂ ਉੱਠਿਆ ਕਬਰ ਵਿਚੋਂ ਬਾਹਰ ਨਿਕਲਿਆ ਤੇ ਤਾਬੂਤ ਲੈ ਕੇ ਕਿਸੇ ਵੱਡੇ ਕਬਰਿਸਤਾਨ ਵੱਲ ਜਾ ਰਿਹਾ ਹਾਂ, ਉਥੇ ਟਿਕਾਣਾ ਭਾਲਣ ਮੈਂ ਕੀ ਕਰਨੇ ਨਸ਼ੇ?' ਮੇਰੀ ਗੱਲ ਮੁੱਕਣ ਤੋਂ ਪਹਿਲਾਂ ਹੀ ਥਾਣੇਦਾਰ, ਹੋਮਗਾਡੀਆ ਤੇ ਇੱਕ ਸਿਪਾਹੀ ਵਾਹਣਾਂ ਵਿਚ ਦੀ ਭੱਜ ਤੁਰੇ, ਪਿੱਛੇ ਤੋਂ ਇਕ ਟਰੱਕ ਵਾਲੇ ਨੇ ਜਿਸ ਨੂੰ ਵੀ ਉਨ੍ਹਾਂ ਰੋਕਿਆ ਹੋਇਆ ਸੀ, ਮੇਰੇ ਮੋਢੇ ਨੂੰ ਥਾਪੜਿਆ ਤੇ ਧੰਨਵਾਦ ਕੀਤਾ ਕਿ ਮੇਰੇ ਕੋਲੋਂ ਵੀ ਇਨ੍ਹਾਂ ਦੋ-ਚਾਰ ਸੌ ਝਾੜ ਲੈਣਾ ਸੀ, ਭਲਾ ਹੋਵੇ ਤੇਰਾ।' ਜਦੋਂ ਟਰੱਕ ਵਾਲੇ ਨੇ ਮੋਢੇ 'ਤੇ ਹੱਥ ਮਾਰਿਆ, ਤਾਂ ਮੇਰੀ ਅੱਖ ਖੁੱਲ੍ਹ ਗਈ। ਮੈਂ ਆਪਣੇ ਕੋਠੇ 'ਤੇ ਸੁੱਤਾ ਮੱਛਰਾਂ ਦੇ ਲੜਨ ਕਾਰਨ ਗੋਡੇ ਖੁਰਕ ਰਿਹਾ ਸੀ॥ ਸਾਰੇ ਪਾਸੇ ਹਾਸੇ ਦੇ ਅਨਾਰ ਚੱਲ ਪਏ।

# ਕੈਨੇਡਾ ’ਚ ਗੱਡੀਆਂ ਤੇ ਸਮਾਨ ਨਾਲ ਭਰੇ ਟਰੱਕਾਂ ਦੀ ਚੋਰੀ ’ਚ 15 ਗ੍ਰਿਫਤਾਰੀਆਂ; ਸਾਰੇ ਪੰਜਾਬੀ




ਕੈਨੇਡਾ ਦੇ ਸੂਬੇ ਓਨਟਾਰੀਓ ਦਾ ਇਕ ਸ਼ਹਿਰ ਬਰੈਂਪਟਨ ਕਦੇ “ਫਲਾਵਰ ਸਿਟੀ” ਭਾਵ ਫੁੱਲਾਂ ਵਾਲਾ ਸ਼ਹਿਰ ਕਿਹਾ ਜਾਂਦਾ ਸੀ, ਉਸ ਸਮੇਂ ਦੀ ਮੇਅਰ ਸੂਜਨ ਫੈਂਨਲ, ਜੋ ਬਹੁਤ ਹੀ ਹੋਣਹਾਰ ਤੇ ਤਜ਼ਰਬੇਕਾਰ ਆਗੂ ਸੀ, ਜਿਸ ਨੇ ਬਰੈਂਪਟਨ ਸ਼ਹਿਰ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ।

ਉਸ ਤੋਂ ਬਾਅਦ ਜਿੰਨੇ ਵੀ ਮੇਅਰ ਆਏ, ਸਭ ਫੋਟੋਆਂ ’ਤੇ ਆਪਣੇ ਨਾਂ ਚਮਕਾਉਣ ਤੱਕ ਹੀ ਸੀਮਤ ਰਹੇ, ਪਰ ਬਰੈਂਪਟਨ ਸ਼ਹਿਰ ਲਈ ਕੁਝ ਵੀ ਨਹੀਂ ਕਰ ਪਾਏ।

ਪਰ ਉਸ ਦੇ ਜਾਣ ਤੋਂ ਬਾਅਦ 2014 ਤੋਂ ਹੁਣ ਤੱਕ ਬਰੈਂਪਟਨ ’ਚ ਪੰਜਾਬੀਆਂ ਨੇ ਬਹੁਤ ਕੁਝ ਕਰ ਦਿੱਤਾ ਹੈ ਤੇ ਭਾਈਚਾਰੇ ਦਾ ਇੰਨਾ ਕੁ ਨਾਂ ਬਣਾ ਦਿੱਤਾ ਹੈ, ਹਰ ਇਕ ਪੰਜਾਬੀਆਂ ਨੂੰ ਬੁਰੀ ਨਜ਼ਰ ਨਾਲ ਦੇਖਦਾ ਹੈ। ਮਾਲਾਂ, ਪਾਰਕਾਂ ਵਿਚ, ਸੜਕਾਂ ਤੇ, ਹਰ ਪਾਸੇ ਗੰਦ ਹੀ ਗੰਦ, ਜਿਥੇ ਖਾਂਦਾ, ਉਥੇ ਹੀ ਕਚਰਾ, ਸੁੱਟ ਦੇਣਾ, ਸਕੂਲਾਂ, ਕਾਲਜਾਂ ਵਿਚ ਹਾਕੀਆਂ, ਕ੍ਰਿਪਾਨਾਂ ਨਾਲ ਲੜਾਈ, ਮਾਰ-ਕੁਟਾਈ, ਚੋਰੀ-ਚਕਾਰੀ, ਆਮ ਜਿਹੀ ਗੱਲ ਹੋ ਚੁੱਕੀ ਹੈ।

ਪਿਛਲੇਂ ਦਿਨੀ ਪੀਲ ਪੁਲਿਸ ਅਤੇ ਆਲੇ-ਦੁਆਲੇ ਸ਼ਹਿਰਾਂ ਦੀਆਂ ਪੁਲਿਸ ਵਿਭਾਗ ਵਲੋਂ ਮਿਲ ਕੇ ਮਾਰਚ ਤੋਂ ਇਕ ਗੰਢ ਜੋੜ ਅਪਰੇਸ਼ਨ ਸ਼ੁਰੂ ਕੀਤਾ, ਜਿਸ ਵਿਚ ਟਰੱਕ-ਟਰੇਲਰ ਸਮਾਨ ਨਾਲ ਭਰੇ ਚੋਰੀ, ਲੋਟਾਂ-ਖੋਹਾਂ, ਗੱਡੀਆਂ ਦੀ ਚੋਰੀ ਵਾਲੇ ਗਿਰੋਹਾਂ ਨੂੰ ਫੜਨ ਲਈ ਟਾਸਕ ਫੋਰਸ ਬਣਾਈ ਗਈ ਸੀ, ਜਿਸ ਦੀ 4 ਮਹੀਨੇ ਬਾਅਦ ਪਿਛਲੇ ਦਿਨੀਂ ਪੁਲਿਸ ਵਲੋਂ ਮੀਡੀਆ ਨਾਲ ਕਾਮਯਾਬੀ ਬਾਰੇ ਗੱਲ ਕਰਦੇ ਹੋਏ, ਫੜੇ ਗਏ ਮੁਜਰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। 15 ਬੰਦੇ ਫੜੇ ਗਏ, ਸ਼ਰਮ ਦੀ ਗੱਲ ਇਹ ਹੈ ਕਿ ਸਾਰੇ ਦੇ ਸਾਰੇ ਪੰਜਾਬੀ, ਕਿੰਨਾ ਭਾਈਚਾਰੇ ਦਾ ਨਾਂ ਰੌਸ਼ਨ ਕਰ ਰਹੇ ਹਨ। ਕਮਾਲ ਦੀ ਗੱਲ ਹੈ, ਰਾਤੋ-ਰਾਤ ਅਮੀਰ, ਵੱਡੀ-ਵੱਡੀ ਗੱਡੀਆਂ ਦੇ ਸੁਪਨੇ, ਹੁਣ ਇਨ੍ਹਾਂ ਨੂੰ ਜੇਲ੍ਹਾਂ ’ਚ ਬੰਦ ਕਰ ਦਿੱਤਾ ਗਿਆ ਹੈ।

ਇਨ੍ਹਾਂ 15 ਮੁਜ਼ਰਮਾਂ ਕੋਲੋਂ ਚੋਰੀ ਹੋਈਆਂ ਵਸਤੂਆਂ ਵਿਚ 9 ਮਿਲੀਅਨ ਡਾਲਰ ਦੀ ਰਿਕਵਰੀ ਹੋਈ। 15 ਵਿਰੁੱਧ ਕੁੱਲ 73 ਦੋਸ਼ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ ਅਪਰਾਧ ਦੁਆਰਾ ਹਾਸਲ ਕੀਤੀ ਜਾਇਦਾਦ ’ਤੇ ਕਬਜ਼ਾ ਕਰਨਾ, ਮੋਟਰ ਵਾਹਨ ਦੀ ਚੋਰੀ, ਬਰੇਕ ਅਤੇ ਐਂਟਰ ਅਤੇ ਚੋਰੀ ਅਤੇ ਪਾਬੰਦੀ ਦੌਰਾਨ ਮੋਟਰ ਵਾਹਨ ਚਲਾਉਣਾ ਸ਼ਾਮਲ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਸਾਰੇ ਪੰਜਾਬੀ ਭਾਰਤੀ ਹਨ, ਸਮਾਜ ਦਾ ਨਾਮ ਗਲਤ ਤਰੀਕੇ ਨਾਲ ਚਮਕਾ ਰਹੇ ਹਨ। ਦੂਸਰੇ ਪਾਸੇ ਕਈ ਸਾਡੇ ਪੰਜਾਬੀ ਸਰਕਾਰੀ-ਦਰਬਾਰੇ ਉਚੇ ਅਹੁਦਿਆਂ ’ਤੇ ਬੈਠ ਕੇ ਭਾਈਚਾਰੇ ਦਾ ਨਾਂ ਰੌਸ਼ਨ ਕਰ ਰਹੇ ਹਨ, ਉਥੇ ਕੁੱਝ ਲੋਕ ਇਨ੍ਹਾਂ ਦੇ ਕੀਤੇ ਕਰਾਏ ’ਤੇ ਪਾਣੀ ਫੇਰੀ ਜਾਂਦੇ ਹਨ, ਜੋ ਬਹੁਤ ਹੀ ਮੰਦਭਾਗਾ ਤੇ ਸ਼ਰਮਨਾਕ ਵਤੀਰਾ ਹੈ।

ਦੂਸਰੇ ਪਾਸੇ ਦੇਖਿਆਂ ਜਾਵੇ, ਤਾਂ ਇਨ੍ਹਾਂ ਦੀ ਵੀ ਕੋਈ ਗਲਤੀ ਨਹੀਂ ਹੈ, ਜੇਕਰ ਕੈਨੇਡਾ ਸਰਕਾਰ ਇਨ੍ਹਾਂ ਨੂੰ ਕੈਨੇਡਾ ਦੇ ਵੀਜ਼ੇ ਦੇ ਰਹੀ ਹੈ, ਤਾਂ ਇਨ੍ਹਾਂ ਲਈ ਨੌਕਰੀਆਂ ਵੀ ਪੈਦਾ ਕਰੇ, ਜਿਸ ਦੀ ਕੈਨੇਡਾ ਭਰ ਵਿਚ ਇਸ ਸਮੇਂ ਬਹੁਤ ਕਿੱਲਤ ਹੈ, ਤੇ ਲੋਕਾਂ ਕੋਲ ਰਹਿਣ ਲਈ ਘਰ-ਬਾਰ ਨਹੀਂ ਹਨ, ਪਰ ਘਰ ਬਣ ਨਹੀਂ ਰਹੇ, ਲੋਕ ਰਫਿਊਜੀ ਸ਼ਰਨ ਮੰਗ ਰਹੇ ਹਨ, ਉਨ੍ਹਾਂ ਦੇ ਕੇਸ ਲਟਕ ਰਹੇ ਹਨ, ਤੇ ਉਨ੍ਹਾਂ ਨੂੰ ਕੈਨੇਡਾ ਦੀਆਂ ਸੜਕਾਂ ’ਤੇ ਸੌਣਾ ਪੈ ਰਿਹਾ ਹੈ, ਤੇ ਹਰ ਟਰੈਫਿਕ ਲਾਇਟ ’ਤੇ ਕਈ ਲੋਕ ਡਾਲਰ-ਡਾਲਰ ਦੀ ਮੰਗ ਕਰਦੇ ਆਮ ਨਜ਼ਰ ਆ ਰਹੇ ਹਨ, ਭਿਖਾਰੀਆਂ ਵਾਲਾ ਮਾਹੌਲ ਬਣ ਚੁੱਕਾ ਹੈ। ਪਰ ਟਰੂਡੋ ਸਰਕਾਰ ਇਨ੍ਹਾਂ ਦਾ ਕੁਝ ਕਰਨ ਤੋਂ ਪਹਿਲਾਂ ਯੂਕਰੇਨ ਅਤੇ ਬਾਹਰਲੇ ਦੇਸ਼ਾਂ ਤੋਂ ਹੋਰ ਲੋਕਾ ਨੂੰ ਧੜਾਧੜ ਵੀਜ਼ੇ ਜਾਰੀ ਕਰ ਰਹੀ ਹੈ।

ਇਸ ਸਮੇਂ ਇਕੱਲੇ ਬਰੈਂਪਟਨ ਵਿਚ ਬਹੁਗਿਣਤੀ ਆਬਾਦੀ ਭੂਰੇ ਨਸਲ ਦੀ ਹੈ, ਜੋ ਕੁੱਲ ਆਬਾਦੀ ਦਾ ਲਗਭਗ 70% ਹੈ। ਇਸ ਜਨਸੰਖਿਆ ਵਿਚ ਮੁੱਖ ਤੌਰ ’ਤੇ ਭਾਰਤੀ ਮੂਲ ਦੇ ਵਿਅਕਤੀ, ਖਾਸ ਕਰਕੇ ਪੰਜਾਬੀਆਂ (50% ਅੰਤਰਰਾਸ਼ਟਰੀ ਵਿਦਿਆਰਥੀ ਹਨ) ਅਤੇ ਗੁਜਰਾਤੀ, ਨਾਲ ਹੀ ਪਾਕਿਸਤਾਨੀ ਅਤੇ ਬੰਗਲਾਦੇਸ਼ੀ ਸ਼ਾਮਲ ਹਨ। ਇਸ ਸਥਿਤੀ ਦੇ ਨਾਲ ਉਨ੍ਹਾਂ ਵਿਅਕਤੀਆਂ ਦਾ ਸਾਂਝਾ ਮਸਲਾ ਪੈਦਾ ਹੁੰਦਾ ਹੈ, ਜੋ ਕੈਨੇਡੀਅਨ ਸੱਭਿਆਚਾਰ ਅਤੇ ਰੀਤੀ-ਰਿਵਾਜ਼ਾਂ ਨੂੰ ਅਪਣਾਉਣ ਲਈ ਤਿਆਰ ਨਹੀਂ ਹਨ, ਸਗੋਂ ਆਪਣੇ ਸੱਭਿਆਚਾਰਕ ਅਭਿਆਸਾਂ ਦੀ ਪਾਲਣਾ ਕਰਨ ਦੀ ਚੋਣ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਨੌਜਵਾਨ ਪੀੜ੍ਹੀਆਂ ’ਤੇ ਲਾਗੂ ਕਰਨ ਦੀ ਵੀ ਕੋਸ਼ਿਸ਼ ਕਰਦੇ ਹਨ। ਵਿਅਕਤੀ ਆਪਣੀ ਕੈਨੇਡੀਅਨ ਪਛਾਣ ਨੂੰ ਆਸਾਨੀ ਨਾਲ ਸਵੀਕਾਰ ਨਹੀਂ ਕਰ ਰਹੇ ਹਨ। ਸਵਾਲ ਉੱਠਦਾ ਹੈ, ਜੇਕਰ ਇਨ੍ਹਾਂ ਲੋਕਾਂ ਨੇ ਕੈਨਡਾ ਆ ਕੇ ਵੀ ਉਹ ਹੀ ਹਰਕਤਾਂ ਜਾਂ ਵਤੀਰਾ ਰੱਖਣਾ ਸੀ ਤੇ ਫਿਰ ਕੈਨੇਡਾ ਵਿਚ ਕਿਉਂ ਆਏ।


-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)




ਉਹ ਕੈਨੇਡਾ ਨੂੰ ਭਾਰਤ ਵਰਗਾ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਆਪਣੀਆਂ ਮੂਰਖ ਇੱਛਾਵਾਂ ਦੀ ਪੂਰਤੀ ਲਈ ਕੈਨੇਡੀਅਨ ਕਾਨੂੰਨਾਂ ਦੇ ਹਰ ਇੱਕ ਨਿਯਮ ਨੂੰ ਤੋੜ ਰਹੇ ਹਨ। ਜਿਵੇਂ ਭਾਰਤ ਵਿਚ ਕਾਰ-ਜੈਕਿੰਗ, ਬੈਂਕ ਡਕੈਤੀਆਂ, ਗਹਿਣਿਆਂ ਦੀ ਦੁਕਾਨ ਵਿਚ ਡਾਕੇ, ਗੋਲੀਬਾਰੀ, ਚਾਕੂ ਮਾਰਨਾ ਅਤੇ ਲਾਠੀਆਂ ਦੇ ਝਗੜੇ ਆਮ ਹਨ, ਉਹੀ ਇੱਥੇ ਕੈਨੇਡਾ ਵਿਚ ਕਰਨ ਲੱਗ ਪਏ ਹਨ।

ਹਾਲ ਹੀ ਵਿਚ, ਸਾਡੇ ਕੋਲ ਸਬੂਤ ਹੈ ਸੋਮਵਾਰ ਨੂੰ, ਬਰੈਂਪਟਨ ਦਾ ਰਹਿਣ ਵਾਲਾ ਫੂਡ ਡਿਲੀਵਰੀ ਡਰਾਈਵਰ ਗੁਰਵਿੰਦਰ ਨਾਥ (24) 9 ਜੁਲਾਈ ਨੂੰ ਦੁਪਹਿਰ 2:10 ਵਜੇ ਬ੍ਰਿਟਾਨੀਆ ਰੋਡ ਅਤੇ ਕ੍ਰੈਡਿਟਵਿਊ ਰੋਡ ਖੇਤਰ ਵਿਚ ਕੰਮ ਕਰ ਰਿਹਾ ਸੀ। ਡਿਲੀਵਰੀ ਕਰਦੇ ਸਮੇਂ ਉਸ ਦਾ ਸਾਹਮਣਾ ਅਣਪਛਾਤੇ ਵਿਅਕਤੀਆਂ ਨੇ ਕੀਤਾ। ਅਣਪਛਾਤੇ ਵਿਅਕਤੀ ਨਾਥ ਦੀ ਗੱਡੀ (ਕਾਰਜੈਕਿੰਗ) ਵਿਚ ਸਵਾਰ ਹੋ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰਕੇ ਸੜਕ ਕਿਨਾਰੇ ਛੱਡ ਕੇ ਫਰਾਰ ਹੋ ਗਏ। ਉਸ ਨੂੰ ਪੈਰਾਮੈਡਿਕਸ ਦੁਆਰਾ ਟਰਾਮਾ ਸੈਂਟਰ ਲਿਜਾਇਆ ਗਿਆ ਅਤੇ ਬਦਕਿਸਮਤੀ ਨਾਲ ਹਮਲੇ ਦੇ ਪੰਜ ਦਿਨ ਬਾਅਦ ਸ਼ੁੱਕਰਵਾਰ ਨੂੰ ਉਸ ਦੀ ਮੌਤ ਹੋ ਗਈ।

ਇਹ ਦੇਖਦੇ ਹੋਏ ਕਿ ਆਬਾਦੀ ਦੀ ਬਹੁਗਿਣਤੀ ਵਿਚ ਭੂਰੀ ਭਾਰਤੀ ਚਮੜੀ ਵਾਲੇ ਵਿਅਕਤੀ ਸ਼ਾਮਲ ਹੁੰਦੇ ਹਨ, ਇਹ ਦੇਖਿਆ ਗਿਆ ਹੈ ਕਿ ਉਨ੍ਹਾਂ ਵਿਚੋਂ ਇੱਕ ਮਹੱਤਵਪੂਰਣ ਸੰਖਿਆ ਰੂੜ੍ਹੀਵਾਦੀ ਧਾਰਨਾਵਾਂ ਦੇ ਅਨੁਕੂਲ ਹੈ ਅਤੇ ਤਬਦੀਲੀ ਨੂੰ ਗਲੇ ਲਗਾਉਣ ਲਈ ਝਿਜਕਦਾ ਹੈ। ਬਰੈਂਪਟਨ ਵਿਚ ਬਹੁਤ ਸਾਰੇ ਵਿਅਕਤੀ ਜਿਨ੍ਹਾਂ ਨਾਲ ਮੈਂ ਜੁੜਿਆ ਹੋਇਆ ਹਾਂ, ਜਨਤਕ ਆਵਾਜਾਈ, ਸ਼ਾਪਿੰਗ ਮਾਲ, ਜਾਂ ਆਪਣੇ ਭਾਈਚਾਰੇ ਤੋਂ ਬਾਹਰ ਕਿਸੇ ਹੋਰ ਵਿਸ਼ੇ ਬਾਰੇ ਦੋਸਤਾਨਾ ਗੱਲਬਾਤ ਕਰਨ ਤੋਂ ਝਿਜਕਦੇ ਹਨ। ਮੈਂ ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ ਕਿ ਕੈਨੇਡਾ ਵਿਚ ਪ੍ਰਫੁੱਲਤ ਹੋਣ ਲਈ ਪੰਜਾਬੀ ਦਾ ਗਿਆਨ ਹੋਣਾ ਕਾਫ਼ੀ ਹੈ। ਮੈਨੂੰ ਯਕੀਨ ਹੈ ਕਿ ਇਹ ਬਰੈਂਪਟਨ ਅਤੇ ਸਰੀ, ਬ੍ਰਿਟਿਸ਼ ਕੋਲੰਬੀਆ ਨਾਲ ਸਬੰਧਤ ਸੀ।

ਬਰੈਂਪਟਨ ਇੱਕ ਮਹੱਤਵਪੂਰਨ ਦੱਖਣੀ ਏਸ਼ੀਆਈ ਆਬਾਦੀ ਦਾ ਘਰ ਹੈ, ਜਿਸ ਵਿਚ ਕੁੱਲ ਆਬਾਦੀ ਦਾ 44% ਸ਼ਾਮਲ ਹੈ। ਇਸ ਸਮੂਹ ਦੇ ਅੰਦਰ, 17% ਪੰਜਾਬੀ ਬੋਲਦੇ ਹਨ, 2.79% ਉਰਦੂ ਬੋਲਦੇ ਹਨ, 2.12% ਗੁਜਰਾਤੀ ਬੋਲਦੇ ਹਨ, 1.98% ਹਿੰਦੀ ਬੋਲਦੇ ਹਨ, ਅਤੇ 1.83% ਤਾਮਿਲ ਬੋਲਦੇ ਹਨ।

ਗੁਆਂਢੀ ਸ਼ਹਿਰ ਮਿਸੀਸਾਗਾ ਵਿਚ, ਜ਼ਿਆਦਾਤਰ ਆਬਾਦੀ ਗੋਰਿਆਂ ਦੀ ਹੈ, ਜੋ ਕਿ 43% ਹੈ, ਜਦੋਂਕਿ ਦੱਖਣੀ ਏਸ਼ੀਆਈ ਲੋਕ ਆਬਾਦੀ ਦਾ 23% ਬਣਦੇ ਹਨ।

ਵਾਂਨ ਸ਼ਹਿਰ ਦੀ ਬਹੁਗਿਣਤੀ ਆਬਾਦੀ ਇਟਾਲੀਅਨਾਂ ਦੀ ਹੈ, ਜਿਸ ਵਿਚ ਕੁੱਲ ਆਬਾਦੀ ਦਾ 31% ਸ਼ਾਮਲ ਹੈ, ਇਸ ਤੋਂ ਬਾਅਦ ਰੂਸੀ ਅਤੇ ਚੀਨੀ, ਹਰ ਇੱਕ ਆਬਾਦੀ ਦਾ 8% ਹੈ।

ਸਕਾਰਬੋਰੋ ਦੀ ਜਨਸੰਖਿਆ ਰਚਨਾ ਵਿਚ 25% ਦੱਖਣੀ ਏਸ਼ੀਆਈ ਅਤੇ 20% ਚੀਨੀ ਵਿਅਕਤੀ ਸ਼ਾਮਲ ਹਨ।

ਉਨ੍ਹਾਂ ਵਿਚ ਆਪਣੇ ਆਪ ਨੂੰ ਵਿਅਕਤੀਗਤ ਤੌਰ ’ਤੇ ਵਿਕਸਤ ਕਰਨ ਦੀ ਯੋਗਤਾ ਦੀ ਘਾਟ ਹੈ। ਅੰਗ੍ਰੇਜ਼ੀ ਦੇ ਹੁਨਰ ਦਾ ਵਿਕਾਸ ਜਾਰੀ ਹੈ, ਨਤੀਜੇ ਵਜੋਂ ਪ੍ਰਭਾਵਸ਼ਾਲੀ ਸੰਚਾਰ ਵਿਚ ਮੁਸ਼ਕਲਾਂ ਅਤੇ ਦੂਜਿਆਂ ਨਾਲ ਸੀਮਤ ਗੱਲਬਾਤ ਹੁੰਦੀ ਹੈ। ਕੈਨੇਡਾ ਆਪਣੇ ਸ਼ਾਨਦਾਰ ਲੈਂਡਸਕੇਪਾਂ ਅਤੇ ਇਸਦੀ ਅਨੋਖੀ ਆਬਾਦੀ ਲਈ ਮਸ਼ਹੂਰ ਹੈ। ਇਹ ਭਾਰਤੀ ਲੋਕ ਉਨ੍ਹਾਂ ਨਾਲ ਦੋਸਤੀ ਕਾਇਮ ਕਰਨ, ਉਨ੍ਹਾਂ ਤੋਂ ਗਿਆਨ ਪ੍ਰਾਪਤ ਕਰਨ ਅਤੇ ਉਨ੍ਹਾਂ ਨਾਲ ਜਸ਼ਨਾਂ ਵਿਚ ਹਿੱਸਾ ਲੈਣ ਤੋਂ ਕੰਨੀ ਕਤਰਾਉਂਦੇ ਹਨ।

ਮੁੱਖ ਨੁਕਤੇ ਜਿਸ ’ਤੇ ਮੈਂ ਜ਼ੋਰ ਦੇਣਾ ਚਾਹਾਂਗਾ, ਉਹ ਇਹ ਹੈ ਕਿ ਬਰੈਂਪਟਨ ਉੱਚ ਪੱਧਰੀ ਬੇਰਹਿਮੀ, ਸ਼ਿਸ਼ਟਾਚਾਰ ਦੀ ਘਾਟ, ਅਤੇ ਕਾਨੂੰਨ ਤੋੜਨ ਦੀਆਂ ਬਹੁਤ ਸਾਰੀਆਂ ਘਟਨਾਵਾਂ ਦਾ ਪ੍ਰਦਰਸ਼ਨ ਕਰਦਾ ਹੈ। ਕਦੇ-ਕਦਾਈਂ, ਵਿਅਕਤੀਆਂ ਨੂੰ ਟ੍ਰੈਫਿਕ ਸਿਗਨਲਾਂ ਦੀ ਅਣਦੇਖੀ ਕਰਦੇ, ਉਨ੍ਹਾਂ ਨੂੰ ਤੋੜਦੇ ਹੋਏ ਦੇਖਿਆ ਜਾ ਸਕਦਾ ਹੈ। ਜੋ ਪੰਜਾਬੀ ਭਾਈਚਾਰੇ ਲਈ ਬਦਨਾਮੀ ਦਾ ਕਾਰਨ ਬਣਦਾ ਜਾ ਰਿਹਾ ਹੈ। ਜਿਸ ’ਤੇ ਕਾਬੂ ਪਾਉਣ ਲਈ ਸਾਰਿਆਂ ਸਰਕਾਰਾਂ ਅਤੇ ਭਾਈਚਾਰੇ ਵਲੋਂ ਮਿਲ ਕੇ ਕੰਮ ਕਰਨਾ ਹੋਵੇਗਾ, ਤਾਂ ਜੋ ਇਹ ਕੈਨੇਡਾ, ਕੈਨੇਡਾ ਹੀ ਬਣਿਆ ਰਹੇ, ਦੂਸਰਾ ਇੰਡੀਆ ਨਾ ਬਣ ਜਾਏ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*

*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ਼ਹਿਰਾਂ ਪਿੰਡਾਂ ਦਾ ਡੁੱਬਣਾ ਹੁਣ ਹਰ ਸਾਲ ਦਾ ਵਰਤਾਰਾ ਬਣ ਗਿਆ ਹੈ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਇਸ ਸਾਲ ਫਿਰ ਸਿਰਫ ਤਿੰਨ ਦਿਨ ਦੀ ਬਾਰਸ਼ ਨੇ ਹਿਮਾਚਲ, ਪੰਜਾਬ, ਹਰਿਆਣਾ, ਮੁਹਾਲੀ ਅਤੇ ਦਿੱਲੀ ਨੂੰ ਸਮੁੰਦਰ ਬਣਾ ਦਿੱਤਾ ਹੈ। ਅਜੇ ਤਾਂ ਮੌਨਸੂਨ ਸ਼ੁਰੂ ਹੋਈ ਹੈ, ਅੱਗੇ ਪਤਾ ਨਹੀਂ ਕਿਹੜੇ-ਕਿਹੜੇ ਸੂਬੇ ਦੀ ਵਾਰੀ ਆਉਣੀ ਹੈ। ਹਰੇਕ ਮੌਨਸੂਨ ਦੌਰਾਨ ਚੈਨਲਾਂ ਅਤੇ ਅਖਬਾਰਾਂ 'ਚ ਇਹ ਖਬਰ ਪ੍ਰਮੁੱਖਤਾ ਨਾਲ ਚੱਲਦੀ ਹੈ ਕਿ ਫਲਾਣੇ ਸ਼ਹਿਰ ਦੀ ਮਿਊਂਸੀਪਲ ਕਮੇਟੀ ਦੇ ਪ੍ਰਬੰਧਾਂ ਦੀ ਖੁੱਲ੍ਹੀ ਪੋਲ, ਸ਼ਹਿਰ ਨੇ ਧਾਰਿਆ ਸਮੁੰਦਰ ਦਾ ਰੂਪ। ਅਸਲ ਵਿਚ ਪੋਲ ਤਾਂ ਉਦੋਂ ਖੁੱਲ੍ਹੇ, ਜੇ ਪੋਲ ਕਦੇ ਬੰਦ ਹੋਈ ਹੋਵੇ। ਹਰ ਸਾਲ ਪ੍ਰਧਾਨਾਂ - ਮੇਅਰਾਂ ਦੇ ਉਹ ਹੀ ਘਿਸੇ-ਪਿਟੇ ਬਿਆਨ ਸੁਣਨ ਨੂੰ ਮਿਲਦੇ ਹਨ ਕਿ ਪਿਛਲੀ ਕਮੇਟੀ ਨੇ ਸ਼ਹਿਰ ਨੂੰ ਲੁੱਟ ਕੇ ਖਾ ਲਿਆ ਸੀ, ਹੁਣ ਅਸੀਂ ਪ੍ਰਬੰਧ ਠੀਕ ਕਰਾਂਗੇ। ਪਰ ਕੰਮ ਉਥੇ ਹੀ ਰਹਿੰਦਾ ਹੈ ਤੇ ਅਗਲੇ ਮੌਨਸੂਨ ਸੀਜ਼ਨ ਦੌਰਾਨ ਸ਼ਹਿਰ ਦਾ ਫਿਰ ਉਹ ਹੀ ਹਾਲ ਹੁੰਦਾ ਹੈ। ਪੰਜਾਬ ਵਿਚ ਮੌਨਸੂਨ ਵੇਲੇ ਸਭ ਤੋਂ ਬੁਰੀ ਹਾਲਤ ਮਾਲਵਾ ਇਲਾਕੇ ਦੀ ਤੇ ਖਾਸ ਤੌਰ 'ਤੇ ਬਠਿੰਡਾ ਅਤੇ ਪਟਿਆਲਾ ਸ਼ਹਿਰ ਦੀ ਹੁੰਦੀ ਹੈ। ਹਰ ਸਾਲ ਇਹ ਸ਼ਹਿਰ ਪਾਣੀ ਨਾਲ ਡੁੱਬ ਜਾਂਦੇ ਹਨ। ਬਰਸਾਤਾਂ ਵੇਲੇ ਉਥੇ ਗੱਡੀਆਂ ਦੀ ਬਜਾਏ ਕਿਸ਼ਤੀਆਂ ਚੱਲਦੀਆਂ ਹਨ। ਕਈ ਸਰਕਾਰਾਂ ਆਈਆਂ ਤੇ ਗਈਆਂ, ਹਰ ਸਾਲ ਉਹ ਹੀ ਹਾਲ ਹੁੰਦਾ ਹੈ। ਬਰਸਾਤ ਵੇਲੇ ਸ਼ਹਿਰਾਂ ਦੀਆਂ ਪਾਣੀ ਵਿਚ ਡੁੱਬੀਆਂ ਬਸਤੀਆਂ ਵਿਚ ਖੜ੍ਹ ਕੇ ਫੋਟੋਆਂ ਖਿਚਾਉਂਦੇ ਨੇਤਾ ਇਸ ਦਾ ਪੱਕਾ ਹੱਲ ਕੱਢਣ ਦੇ ਦਮਗਜੇ ਮਾਰਦੇ ਹਨ ਪਰ ਬਰਸਾਤ ਖਤਮ ਹੁੰਦੇ ਸਾਰ ਉਹ ਵਾਅਦੇ ਹੜ੍ਹ ਦੇ ਪਾਣੀ ਦੇ ਨਾਲ ਹੀ ਵਹਿ ਜਾਂਦੇ ਹਨ। ਜਨਤਾ ਅਤੇ ਮੀਡੀਆ ਵੀ ਸਤੰਬਰ ਆਉਂਦੇ-ਆਉਂਦੇ ਇਸ ਬਾਰੇ ਭੁੱਲ-ਭੁਲਾ ਜਾਂਦੇ ਹਨ।

ਭਾਰਤ ਵਿਚ ਮੌਨਸੂਨ ਦੌਰਾਨ ਆਉਣ ਵਾਲੇ ਸ਼ਹਿਰੀ ਹੜ੍ਹ ਹੁਣ ਇੱਕ ਤਰ੍ਹਾਂ ਦਾ ਸਾਲਾਨਾ ਤਮਾਸ਼ਾ ਬਣ ਗਏ ਹਨ। ਸੜਕਾਂ ਦਰਿਆਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ, ਅੰਡਰ ਪਾਥ ਪਾਣੀ ਵਿਚ ਡੁੱਬ ਜਾਂਦੇ ਹਨ, ਟੈਲੀਫੋਨ ਅਤੇ ਬਿਜਲੀ ਬੰਦ ਹੋ ਜਾਂਦੀ ਹੈ ਅਤੇ ਘਰਾਂ ਵਿਚ ਡੱਡੂ ਅਤੇ ਮੱਛੀਆਂ ਆਰਜ਼ੀ ਰੈਣ ਬਸੇਰਾ ਬਣਾ ਲੈਂਦੀਆਂ ਹਨ।

ਇਹ ਸਥਿਤੀ ਕਈ ਹਫਤਿਆਂ ਤੱਕ ਜਾਰੀ ਰਹਿੰਦੀ ਹੈ। ਹੜ੍ਹ ਕੰਟਰੋਲ ਦੇ ਨਾਮ 'ਤੇ ਹਰ ਸਾਲ ਖਰਬਾਂ ਰੁਪਏ ਗਬਨ ਕਰ ਲਏ ਜਾਣ ਤੋਂ ਇਲਾਵਾ ਇਸ ਦੇ ਹੋਰ ਵੀ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਬਿਨਾਂ ਸੋਚੇ-ਸਮਝੇ ਕੀਤੀਆਂ ਜਾ ਰਹੀਆਂ ਨਵੀਆਂ ਉਸਾਰੀਆਂ ਹਨ। ਸੱਤਾਧਾਰੀਆਂ, ਕੋਲੋਨਾਈਜ਼ਰਾਂ ਅਤੇ ਅਫਸਰਾਂ ਦੇ ਗੱਠਜੋੜ ਨੇ ਆਪਣੇ ਹਿੱਤ ਸਾਧਣ ਲਈ ਵਿਕਾਸ ਦੇ ਨਾਮ 'ਤੇ ਬਰਸਾਤੀ ਨਦੀ-ਨਾਲਿਆਂ ਨੂੰ ਪੂਰ ਕੇ ਕਲੋਨੀਆਂ ਬਣਾ ਦਿੱਤੀਆਂ ਹਨ ਤੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕ ਦਿੱਤਾ ਹੈ। ਝੀਲਾਂ, ਛੱਪੜਾਂ ਅਤੇ ਪਹਾੜਾਂ ਨੂੰ ਪੱਧਰਾ ਕਰਕੇ ਲੇਕ ਵਿਊ, ਰਿਵਰਵਿਊ ਅਤੇ ਹਿੱਲ ਟਾਪ ਆਦਿ ਵਰਗੇ ਫੈਂਸੀ ਨਾਵਾਂ ਵਾਲੀਆਂ ਕਲੋਨੀਆਂ ਅਤੇ ਫਲੈਟ ਉਸਾਰ ਲਏ ਗਏ ਹਨ। ਸੱਤਾ ਹਾਸਲ ਕਰਨ ਤੋਂ ਬਾਅਦ ਜ਼ਿਆਦਾਤਰ ਸਰਕਾਰਾਂ ਸਭ ਤੋਂ ਪਹਿਲਾ ਕੰਮ ਨਾਜਾਇਜ ਕਾਲੋਨੀਆਂ ਨੂੰ ਜਾਇਜ਼ ਕਰਨ ਦਾ ਕਰਦੀਆਂ ਹਨ। ਕੋਲੋਨਾਈਜ਼ਰਾਂ ਪ੍ਰਤੀ ਤਾਂ ਲੀਡਰਾਂ ਦੇ ਦਿਲ ਵਿਚ ਐਨਾ ਦਰਦ ਹੈ ਕਿ ਪਿਛਲੇ ਸਾਲ ਇੱਕ ਮੰਤਰੀ ਨੇ ਸਰਕਾਰ ਟੁੱਟਣ ਤੋਂ ਬਾਅਦ ਵੀ ਇੱਕ ਕਲੋਨੀ ਨੂੰ ਪੰਚਾਇਤੀ ਜ਼ਮੀਨ ਬਖਸ਼ਣ ਦੇ ਦਸਤਾਵੇਜ਼ਾਂ 'ਤੇ ਦਸਤਖਤ ਕਰ ਦਿੱਤੇ ਸਨ। ਮੋਹਾਲੀ, ਪੰਚਕੂਲਾ ਅਤੇ ਚੰਡੀਗੜ੍ਹ ਕੁਝ ਹਜ਼ਾਰ ਲੋਕਾਂ ਦੀ ਰਿਹਾਇਸ਼ ਲਈ ਉਸਾਰੇ ਗਏ ਸਨ ਪਰ ਹੁਣ ਇਹ ਸ਼ਹਿਰ ਲੱਖਾਂ ਲੋਕਾਂ ਦਾ ਘਰ ਬਣ ਗਏ ਹਨ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਲੈ ਕੇ ਖਰੜ ਅਤੇ ਡੇਰਾ ਬੱਸੀ ਤੱਕ ਫੈਲ ਗਏ ਹਨ। ਕਿਸੇ ਵੇਲੇ ਇਸ ਇਲਾਕੇ ਵਿਚ ਸੈਂਕੜੇ ਬਰਸਾਤੀ ਨਦੀਆਂ, ਨਾਲੇ ਵਗਦੇ ਸਨ, ਜੋ ਹੁਣ ਗਾਇਬ ਹੋ ਚੁੱਕੇ ਹਨ। ਰੋਜ਼ਾਨਾ ਕੋਈ ਨਾ ਕੋਈ ਨਵੀਂ ਕਲੋਨੀ ਜਾਂ ਫਲੈਟ ਤਿਆਰ ਹੋ ਰਹੇ ਹਨ। ਨਦੀ, ਨਾਲਿਆਂ ਦੇ ਕੁਦਰਤੀ ਵਹਾਅ ਬੰਦ ਹੋ ਜਾਣ ਕਾਰਨ ਬਰਸਾਤੀ ਪਾਣੀ ਸ਼ਹਿਰਾਂ ਅਤੇ ਆਸ-ਪਾਸ ਦੇ ਖੇਤਰਾਂ ਵਿਚ ਤਬਾਹੀ ਮਚਾ ਦਿੰਦਾ ਹੈ। ਪਾਣੀ ਦਾ ਹੱਲ ਕਰਨ ਲਈ ਹਰ ਸਾਲ ਅਰਬਾਂ-ਖਰਬਾਂ ਦੇ ਪ੍ਰੋਜੈਕਟ ਬਣਦੇ ਹਨ, ਜੋ ਅਗਲੇ ਸਾਲ ਬਰਸਾਤ ਦੇ ਪਾਣੀ ਵਿਚ ਵਹਿ ਜਾਂਦੇ ਹਨ।

ਇਸ ਮੁਸੀਬਤ ਦਾ ਦੂਸਰਾ ਸਭ ਤੋਂ ਵੱਡਾ ਕਾਰਨ ਘਟੀਆ ਸੀਵਰੇਜ਼ ਸਿਸਟਮ ਹੈ। ਬਹੁਤੇ ਸ਼ਹਿਰਾਂ ਵਿਚ ਸੀਵਰੇਜ਼ ਸਿਸਟਮ 50-60 ਸਾਲ ਪੁਰਾਣਾ ਹੈ ਤੇ ਉਸ ਸਮੇਂ ਦੀ ਜ਼ਰੂਰਤ ਅਨੁਸਾਰ ਬਣਾਇਆ ਗਿਆ ਸੀ। ਜਿਉਂ-ਜਿਉਂ ਸ਼ਹਿਰ ਵਧਦੇ ਜਾ ਰਹੇ ਹਨ, ਨਵੀਆਂ ਕਲੋਨੀਆਂ ਦੇ ਸੀਵਰ ਇਸ ਨਾਲ ਜੁੜਦੇ ਜਾ ਰਹੇ ਹਨ। ਕੋਈ ਅਫਸਰ ਇਹ ਨਹੀਂ ਸਮਝਦਾ ਕਿ ਘੱਟ ਵਿਆਸ ਦੀਆਂ ਪਾਈਪਾਂ ਇਸ ਪਾਣੀ ਨੂੰ ਕਿਵੇਂ ਝੱਲਣਗੀਆਂ? ਚੰਡੀਗੜ੍ਹ ਮੋਹਾਲੀ ਵਿਚ ਵੀ ਨਵੀਆਂ ਕਾਲੋਨੀਆਂ ਦੇ ਸੀਵਰ ਪੁਰਾਣੇ ਸੀਵਰ ਵਿਚ ਜੋੜੇ ਜਾ ਰਹੇ ਹਨ। ਕੁਝ ਦਿਨ ਪਹਿਲਾਂ ਇਥੇ ਐਨਾ ਪਾਣੀ ਜਮ੍ਹਾ ਹੋ ਗਿਆ ਸੀ ਕਿ ਕਾਰਾਂ ਪਾਣੀ ਵਿਚ ਤਰ ਗਈਆਂ ਸਨ। ਪੰਜਾਬ ਵਿਚ ਸਿਰਫ ਮੋਹਾਲੀ ਹੀ ਇੱਕ ਅਜਿਹਾ ਸ਼ਹਿਰ ਹੈ, ਜਿੱਥੇ ਗੰਦੇ ਅਤੇ ਬਰਸਾਤੀ ਪਾਣੀ ਵਾਲੇ ਸੀਵਰ ਅਲੱਗ-ਅਲੱਗ ਹਨ। ਪਰ ਇਥੇ ਪਿਛਲੇ ਦੋ ਤਿੰਨ ਸਾਲਾਂ ਤੋਂ ਬਰਸਾਤੀ ਪਾਣੀ ਵਾਲੇ ਸੀਵਰ ਦੀ ਸਫਾਈ ਨਹੀਂ ਹੋਈ ਪਰ ਚਰਚਾ ਹੈ ਕਿ ਠੇਕੇਦਾਰ ਨੂੰ ਪੇਮੈਂਟ ਜ਼ਰੂਰ ਕੀਤੀ ਜਾ ਰਹੀ ਹੈ। ਇਹ ਵਰਤਾਰਾ ਇਕੱਲੇ ਮੋਹਾਲੀ ਵਿਚ ਹੀ ਨਹੀਂ, ਬਲਕਿ ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਵਿਚ ਚੱਲ ਰਿਹਾ ਹੈ। ਭਾਰਤ ਦੀ ਸਭ ਤੋਂ ਅਮੀਰ ਮਿਊਂਸਪੈਲਟੀ ਮੁੰਬਈ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਇਸ ਦਾ ਸਲਾਨਾ ਬਜਟ (40000 ਕਰੋੜ ਰੁਪਏ) ਭਾਰਤ ਦੇ ਕਈ ਰਾਜਾਂ ਨਾਲੋਂ ਵੱਧ ਹੈ। ਹਰ ਸਾਲ ਬਰਸਾਤੀ ਪਾਣੀ ਕਾਰਨ ਉਥੇ ਭੜਥੂ ਮੱਚ ਜਾਂਦਾ ਹੈ ਤੇ ਅਨੇਕਾਂ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਬਾਕੀ ਸ਼ਹਿਰਾਂ ਵਿਚ ਤੋਂ ਉਲਟ, ਉਥੇ ਬਰਸਾਤੀ ਪਾਣੀ ਨਜ਼ਦੀਕੀ ਸਮੁੰਦਰ ਵਿਚ ਹੀ ਪੈਣਾ ਹੁੰਦਾ ਹੈ। ਪਰ ਠੇਕੇਦਾਰਾਂ, ਲੀਡਰਾਂ ਅਤੇ ਅਫਸਰਾਂ ਦੀ ਮਿਲੀਭੁਗਤ ਕਾਰਨ ਇਹ ਵੀ ਅਜੇ ਤੱਕ ਸੰਭਵ ਨਹੀਂ ਹੋ ਸਕਿਆ। ਵੱਡੇ ਸ਼ਹਿਰਾਂ ਨੂੰ ਛੱਡੋ, ਹੁਣ ਤਾਂ ਨਾਜਾਇਜ਼ ਕਬਜ਼ਿਆਂ ਕਾਰਨ ਛੋਟੇ ਕਸਬਿਆਂ ਤੇ ਪਿੰਡਾਂ ਤੱਕ ਵਿਚ ਵੀ ਹੜ੍ਹ ਆਉਣ ਲੱਗ ਪਏ ਹਨ। ਜਿੱਥੇ ਕਿਸੇ ਦਾ ਦਿਲ ਕਰਦਾ ਹੈ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਲੈਂਦਾ ਹੈ। ਹੜ੍ਹ ਆਉਣ ਵੇਲੇ ਸਭ ਤੋਂ ਵੱਧ ਰੌਲਾ ਵੀ ਅਜਿਹੇ ਲੋਕ ਹੀ ਪਾਉਂਦੇ ਹਨ।

ਸ਼ਹਿਰਾਂ ਵਿਚ ਤਕਰੀਬਨ 90% ਜਗ੍ਹਾ ਪੱਕੀ ਹੋ ਚੁੱਕੀ ਹੈ। ਥੋੜ੍ਹੇ ਬਹੁਤੇ ਪਾਰਕਾਂ ਨੂੰ ਛੱਡ ਕੇ ਕੋਈ ਵੀ ਅਜਿਹੀ ਥਾਂ ਨਹੀਂ ਬਚੀ, ਜੋ ਬਰਸਾਤੀ ਪਾਣੀ ਨੂੰ ਸੋਖ ਸਕੇ। ਇਸ ਪਾਣੀ ਨੇ ਫਿਰ ਕਿਸੇ ਪਾਸੇ ਤਾਂ ਜਾਣਾ ਹੀ ਹੈ। ਅਧਿਕਾਰੀਆਂ ਵੱਲੋਂ ਬਿਨਾਂ ਇਹ ਵੇਖੇ ਕਿ ਨਵੀਂ ਬਣ ਰਹੀ ਕਲੋਨੀ ਕਿਸੇ ਤਰ੍ਹਾਂ ਪਾਣੀ ਦੇ ਰਾਹ ਵਿਚ ਰੁਕਾਵਟ ਤਾਂ ਨਹੀਂ ਬਣ ਰਹੀ, ਇਸ ਵਿਚ ਵਾਟਰ ਹਾਰਵੈਸਟਿੰਗ ਦੀ ਸਹੂਲਤ ਹੈ, ਇਸ ਦੀ ਧਰਤੀ ਤੋਂ ਉੱਚਾਈ ਕਿੰਨੀ ਹੈ, ਧੜਾਧੜ ਪ੍ਰਮਿਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਗੰਦਗੀ ਅਤੇ ਪਲਾਸਟਿਕ ਦੇ ਲਿਫਾਫਿਆਂ ਕਾਰਨ ਜਾਮ ਹੋਏ ਪਏ ਸੀਵਰ ਬਰਸਾਤ ਦਾ ਕਰੋੜਾਂ ਲੀਟਰ ਪਾਣੀ ਕਿਵੇਂ ਖਿੱਚ ਸਕਦੇ ਹਨ? ਭਾਰਤ ਵਿਚ ਵੈਸੇ ਪਿਆਸ ਲੱਗਣ 'ਤੇ ਖੂਹ ਪੁੱਟਣ ਦੀ ਰਵਾਇਤ ਹੈ। ਕੁਦਰਤੀ ਮੁਸੀਬਤ ਨੂੰ ਆਉਣ ਤੋਂ ਰੋਕਣ ਦੇ ਉਪਾਅ ਕਰਨ ਦੀ ਬਜਾਏ ਪੀੜਤ ਲੋਕਾਂ ਦੇ ਬਚਾਉ ਅਤੇ ਮੁੜ ਵਸੇਬੇ 'ਤੇ ਖਰਚ ਕਰਨ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ। ਹੜ੍ਹ ਆਉਣ 'ਤੇ ਲੋਕਾਂ ਨੂੰ ਬਚਾਉਣ ਲਈ ਫਟਾਫਟ ਸੁਰੱਖਿਆ ਦਸਤੇ ਭੇਜ ਦਿੱਤੇ ਜਾਂਦੇ ਹਨ ਤੇ ਪਾਣੀ ਕੱਢਣ ਲਈ ਦੋ-ਚਾਰ ਪੰਪ ਲਗਾ ਦਿੱਤੇ ਜਾਂਦੇ ਹਨ। ਇਹ ਖਬਰ ਪ੍ਰਮੁੱਖਤਾ ਨਾਲ ਛਪਵਾਈ ਜਾਂਦੀ ਹੈ ਕਿ ਮਰਨ ਵਾਲੇ ਹਰੇਕ ਵਿਅਕਤੀ ਦੇ ਵਾਰਸਾਂ ਨੂੰ ਐਨੇ ਲੱਖ ਤੇ ਮਕਾਨ ਢਹਿਣ ਵਾਲੇ ਨੂੰ ਐਨੇ ਲੱਖ ਰਾਹਤ ਦਿੱਤੀ ਜਾਵੇਗੀ। ਪਰ ਇਸ ਗੱਲ ਵੱਲ ਧਿਆਨ ਦੇਣਾ ਮੁਨਾਸਬ ਨਹੀਂ ਸਮਝਿਆ ਜਾਂਦਾ ਕਿ ਹੜ੍ਹ ਆਉਣ ਹੀ ਕਿਉਂ ਦਿੱਤੇ ਜਾਣ। ਮਿਸਾਲ ਦੇ ਤੌਰ 'ਤੇ ਸ਼ਰਾਬ ਬੰਦੀ ਵਾਲੇ ਸੂਬਿਆਂ ਬਿਹਾਰ ਅਤੇ ਗੁਜਰਾਤ ਵਿਚ ਹਰ ਸਾਲ ਸੈਂਕੜੇ ਲੋਕ ਨਕਲੀ ਸ਼ਰਾਬ ਪੀ ਕੇ ਮਰ ਜਾਂਦੇ ਹਨ। ਉਨ੍ਹਾਂ ਨੂੰ ਤਾਂ ਮੁਆਵਜ਼ਾ ਦੇ ਦਿੱਤਾ ਜਾਂਦਾ ਹੈ, ਪਰ ਇਹ ਕੋਈ ਨਹੀਂ ਸੋਚਦਾ ਕਿ ਇਹ ਸ਼ਰਾਬ ਆ ਕਿੱਥੋਂ ਰਹੀ ਹੈ।

ਭਾਰਤ ਵਿਚ ਸ਼ਹਿਰੀ ਹੜ੍ਹਾਂ ਦਾ ਕੋਈ ਹੱਲ ਫਿਲਹਾਲ ਨਜ਼ਰ ਨਹੀਂ ਆ ਰਿਹਾ। ਲੱਗਦਾ ਹੈ ਕਿ ਲੋਕਾਂ ਨੂੰ ਇਸ ਮੁਸੀਬਤ ਦਾ ਸਾਹਮਣਾ ਸਦਾ ਲਈ ਹੀ ਕਰਨਾ ਪਵੇਗਾ। ਹਰ ਸਾਲ ਕਰੋੜਾਂ ਦੀ ਨਿੱਜੀ ਅਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਹੋਣ ਦੇ ਬਾਵਜੂਦ ਕਿਸੇ ਦਾ ਵੀ ਇਸ ਵੱਲ ਖਾਸ ਧਿਆਨ ਨਹੀਂ ਹੈ। ਸਰਕਾਰਾਂ ਦਾ ਹਾਲ ਬਿੱਲੀ ਵੱਲ ਵੇਖ ਕੇ ਅੱਖਾਂ ਮੀਟੀ ਬੈਠੇ ਕਬੂਤਰ ਵਰਗਾ ਹੋਇਆ ਪਿਆ ਹੈ। ਸੱਤਾਧਾਰੀਆਂ ਅਤੇ ਅਫਸਰਾਂ ਨੂੰ ਪਤਾ ਹੈ ਕਿ ਇਹ ਮਹੀਨੇ ਡੇਢ ਮਹੀਨੇ ਦੀ ਖੇਡ ਹੈ, ਬਾਅਦ ਵਿਚ ਸਾਰਿਆਂ ਦਾ ਧਿਆਨ ਗੋਦੀ ਮੀਡੀਆ ਨੇ ਕਿਸੇ ਹੋਰ ਕਾਂਡ ਵੱਲ ਲਗਾ ਹੀ ਦੇਣਾ ਹੈ। ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਦੀ ਫਿਕਰ ਕਰਨ ਵਾਲੇ ਸਾਡੇ ਮੰਤਰੀਆਂ ਅਤੇ ਅਫਸਰਾਂ ਦੀਆਂ ਸਰਕਾਰੀ ਕੋਠੀਆਂ ਆਮ ਤੌਰ 'ਤੇ ਅਜਿਹੀ ਜਗ੍ਹਾ 'ਤੇ ਬਣੀਆਂ ਹੋਈਆਂ ਹਨ ਕਿ ਭਾਵੇਂ ਸਾਰਾ ਭਾਰਤ ਡੁੱਬ ਜਾਵੇ, ਉਥੇ ਹੜ੍ਹ ਨਹੀਂ ਆਉਂਦਾ। ਜੇ ਉਥੇ ਵੀ ਹੜ੍ਹ ਆਉਂਦਾ ਹੋਵੇ, ਤਾਂ ਇਨ੍ਹਾਂ ਨੂੰ ਆਮ ਲੋਕਾਂ ਦੇ ਦਰਦ ਬਾਰੇ ਪਤਾ ਲੱਗੇ, ਜਿਨ੍ਹਾਂ ਨੂੰ ਹਰ ਸਾਲ ਕਰੋੜਾਂ ਰੁਪਏ ਦੇ ਜਾਨ-ਮਾਲ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ।

# ਬੰਦ ਹੋਣੀ ਚਾਹੀਦੀ ਖੂਬਸੂਰਤੀ ਦੀ ਬਦਸੂਰਤ ਪਰਖ

ਹਰਕੀਰਤ ਕੌਰ
97791-18066
(Punjab Mail USA)



ਸੋਹਣੀ, ਖੂਬਸੂਰਤ ਦਿਖਣ ਵਾਲੀ ਹਰ ਸ਼ੈਅ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਨਿਰਜੀਵ ਹੋਵੇ ਜਾਂ ਸੰਜੀਵ, ਖੂਬਸੂਰਤ ਚੀਜ਼ਾਂ ਦੀ ਚੋਣ ਮਨੁੱਖ ਦੀ ਪਹਿਲ ਰਹੀ ਹੈ। ਕੱਪੜੇ, ਮਕਾਨ, ਕਾਰਾਂ, ਇਨਸਾਨ ਹਰ ਇੱਕ ਵਿਚ ਮਨੁੱਖ ਸੁਹੱਪਣ ਲੋਚਦਾ ਹੈ।

ਵਸਤੂਆਂ ਨੂੰ ਇੱਕ ਪਾਸੇ ਰੱਖ ਜੇਕਰ ਇਨਸਾਨਾਂ ਦੀ ਗੱਲ ਕਰੀਏ, ਤਾਂ ਸੋਹਣੇ ਇਨਸਾਨਾਂ ਦੀ ਸਾਡੇ ਸਮਾਜ ਵਿਚ ਪ੍ਰੀਭਾਸ਼ਾ ਬਹੁਤ ਸੌੜੀ ਅਤੇ ਤੰਗਦਿਲੀ ਵਾਲੀ ਹੈ। ਇਸੇ ਸੋਚ ਦੇ ਚੱਲਦਿਆਂ ਅਨੇਕਾਂ ਮਨੁੱਖ ਵਿਤਕਰੇ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੁੰਦੇ ਹਨ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਸਰੀਰਕ ਪੱਖੋਂ, ਰੰਗ ਰੂਪ ਪੱਖੋਂ ਗੋਰੇ-ਚਿੱਟੇ, ਤਿੱਖੇ ਨੈਣ-ਨਕਸ਼ਾਂ ਵਾਲੇ ਤੇ ਉੱਚੇ-ਲੰਮੇ ਇਨਸਾਨ ਨੂੰ ਸੋਹਣਾ ਮੰਨਦੇ ਹਾਂ। ਮਨੁੱਖ ਨੂੰ ਉਸਦੇ ਗੁਣਾਂ ਕਰਕੇ ਘੱਟ ਉਸਦੀ ਬਾਹਰੀ ਸੁੰਦਰਤਾ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਸਮਾਜ ਵਿਚ ਵਿਚਰਦਿਆਂ ਅਨੇਕਾਂ ਹੀ ਲੋਕ ਦੂਸਰੇ ਲੋਕਾਂ ਦੀ ਸੁੰਦਰਤਾ ਦੀ ਪਾਰਖੂ ਅੱਖ ਦਾ ਸਾਹਮਣਾ ਕਰਦੇ ਹਨ। ਇਸੇ ਦੇ ਚੱਲਦਿਆਂ ਕੁਝ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਅਤੇ ਕੁਝ ਲਈ ਲੋਕ ਉਨ੍ਹਾਂ ਦੀ ਸ਼ਖਸੀਅਤ ਤੋਂ ਵਧੇਰੇ ਕਿਆਸ ਅਰਾਈਆਂ ਲਕਾਉਣ ਲੱਗ ਜਾਂਦੇ ਹਨ।

ਸਕੂਲ ਵਿਚ ਪੜ੍ਹਦੇ ਬੱਚਿਆਂ, ਨੌਜਵਾਨਾਂ ਵਿਚ ਇਸ ਪਰਖ ਦੇ ਬਹੁਤ ਬੁਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਜੇਕਰ ਸਕੂਲ, ਕਾਲਜ ਵਿਚ ਬੱਚੇ ਦੀ ਪ੍ਰਤੀਭਾ ਨੂੰ ਨਜ਼ਰਅੰਦਾਜ਼ ਕਰ ਕਿਸੇ ਦੂਸਰੇ ਬੱਚੇ ਦੀ ਬਾਹਰੀ ਸੁੰਦਰਤਾ ਨੂੰ ਜ਼ਿਆਦਾ ਸਰਾਹਿਆ ਜਾਂਦਾ ਹੈ, ਤਾਂ ਬੱਚੇ ਵਿਚ ਆਤਮ ਵਿਸ਼ਵਾਸ ਦੀ ਘਾਟ ਆ ਜਾਂਦੀ ਹੈ। ਬਾਹਰੀ ਕਰੂਪਤਾ ਜਾਂ ਸਰੀਰਕ ਕਮੀ ਜਿਵੇਂ ਕਿ ਕੱਦ ਦਾ ਜ਼ਿਆਦਾ ਛੋਟਾ ਹੋਣਾ, ਭਾਰ ਦਾ ਜ਼ਿਆਦਾ ਵੱਧ ਹੋਣਾ, ਸਾਂਵਲਾ ਰੰਗ ਹੋਣਾ ਇਹ ਸਭ ਕੁਦਰਤੀ ਚੀਜ਼ਾਂ ਹਨ, ਜੇਕਰ ਇਨ੍ਹਾਂ ਵਿਚੋਂ ਕਿਸੇ ਵੀ ਕਰਕੇ ਬੱਚਿਆਂ ਨਾਲ ਵਿਤਕਰਾ ਹੁੰਦਾ ਹੈ ਜਾਂ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ, ਤਾਂ ਇਸਦੇ ਨਤੀਜੇ ਵਜੋਂ ਬਹੁਤ ਬੱਚੇ ਆਪਣੇ ਆਪ ਤੋਂ ਨਫ਼ਰਤ ਕਰਨ ਲੱਗਦੇ ਹਨ। ਉਹ ਕਿਸੇ ਸਾਹਮਣੇ ਗੱਲ ਕਰਨ ਤੋਂ ਝਿਜਕਣ ਲੱਗਦੇ ਹਨ। ਅਜਿਹੇ ਵਿਚ ਬੱਚੇ ਮਨੋਰੋਗ, ਚਿੰਤਾ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਇਸ ਤੋਂ ਇਲਾਵਾ ਸੁੰਦਰਤਾ ਦੀ ਇਸ ਪਰਖ ਦਾ ਸਭ ਤੋਂ ਘਟੀਆ ਰੂਪ ਕਿਸੇ ਨੌਜਵਾਨ ਲੜਕੀ ਦਾ ਰਿਸ਼ਤਾ ਤੈਅ ਕਰਨ ਸਮੇਂ ਦੇਖਣ ਨੂੰ ਮਿਲਦਾ ਹੈ, ਜਦੋਂ ਲੜਕੇ ਦੇ ਪਰਿਵਾਰਿਕ ਮੈਂਬਰਾਂ ਦੀ ਟੀਮ ਕਿਸੇ ਦੀ ਨੌਜਵਾਨ ਧੀ ਦੀ ਸੁੰਦਰਤਾ ਦੀ ਪਰਖ ਆਪਣੀ ਸੋਚ ਅਤੇ ਮਿੱਥੇ ਹੋਏ ਪੈਮਾਨਿਆਂ ਦੇ ਆਧਾਰ 'ਤੇ ਕਰਦੀ ਹੈ। ਇਸ ਰਸਮ ਦੇ ਚੱਲਦਿਆਂ ਪਤਾ ਨਹੀਂ ਕਿੰਨੀਆਂ ਕੁ ਲਿਆਕਤ ਭਰਪੂਰ, ਸੁਹਜ ਤੇ ਸਿਆਣੀਆਂ ਲੜਕੀਆਂ ਨੂੰ ਲੋਕ ਇਹ ਕਹਿ ਠੁਕਰਾ ਜਾਂਦੇ ਹਨ ਕਿ ਲੜਕੀ ਦਾ ਰੰਗ ਸਾਂਵਲਾ ਹੈ ਜਾਂ ਕੱਦ ਛੋਟਾ ਹੈ ਜਾਂ ਲੜਕੀ ਖੂਬਸੂਰਤ ਨਹੀਂ ਹੈ। ਅਜਿਹੇ ਵਿਚ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਭਾਵਨਾਤਮਕ ਤੌਰ 'ਤੇ ਜ਼ਖਮੀ ਹੁੰਦੀਆਂ ਹਨ। ਪੜ੍ਹੀਆਂ-ਲਿਖੀਆਂ ਧੀਆਂ ਨੂੰ ਅਨਪੜ੍ਹ ਲੋਕਾਂ ਦੀ ਮੰਡਲੀ ਨਿੰਦ ਕੇ ਰਾਹੇ ਪੈਂਦੀ ਹੈ ਅਤੇ ਆਪਣੀਆਂ ਔਖੀਆਂ ਪੜ੍ਹਾਈਆਂ ਦੇ ਇਮਤਿਹਾਨਾਂ ਤੋਂ ਨਾ ਡਰਨ ਵਾਲੀਆਂ ਲੜਕੀਆਂ ਨੂੰ ਇਸ ਕੋਝੀ ਰਸਮ ਤੇ ਪਰਖ ਤੋਂ ਡਰ ਲੱਗਣ ਲੱਗਦਾ ਹੈ।

ਇਹ ਪਰਖ ਨੌਜਵਾਨ ਧੀਆਂ ਦੇ ਦਿਲ ਉੱਪਰ ਬਹੁਤ ਗਹਿਰੀ ਸੱਟ ਮਾਰ ਜਾਂਦੀ ਹੈ। ਉਨ੍ਹਾਂ ਨੂੰ ਆਪਣੀ ਕਾਬਲੀਅਤ ਦਾ ਪਤਾ ਹੁੰਦੇ ਹੋਏ ਵੀ ਆਪਣੇ ਆਪ 'ਤੇ ਸੰਦੇਹ ਹੋਣ ਲੱਗਦਾ ਹੈ। ਇਸੇ ਗੀਤ ਦੇ ਚੱਲਦਿਆਂ ਕਈ ਲੜਕੀਆਂ ਨੂੰ ਠੁਕਰਾਏ ਜਾਣ ਉਪਰੰਤ ਉਨ੍ਹਾਂ ਦੁਆਰਾ ਖੁਦਕੁਸ਼ੀ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ।

ਇੱਥੇ ਇੱਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਸਾਡੇ ਸਮਾਜ ਵਿਚ ਜਿੱਥੇ ਮਾਪਿਆਂ ਦੁਆਰਾ ਲੜਕੀਆਂ ਨੂੰ ਆਪਣੀ ਇੱਜ਼ਤ ਦੱਸਦਿਆਂ ਉਸ ਵੱਲ ਅੱਖ ਚੁੱਕ ਕੇ ਦੇਖਣ ਵਾਲੇ ਜਾਂ ਉਸਦੀ ਸਰੀਰਕ ਬਣਤਰ 'ਤੇ ਕੋਈ ਗੱਲ ਕਹਿਣ ਵਾਲੇ ਨੂੰ ਆਪਣੀ ਅਣਖ, ਗੈਰਤ 'ਤੇ ਵਾਰ ਸਮਝਿਆ ਜਾਂਦਾ ਹੈ, ਉਸੇ ਹੀ ਸਮਾਜ ਵਿਚ ਜਿਨ੍ਹਾਂ ਲੋਕਾਂ ਨਾਲ ਫਿਲਹਾਲ ਕੋਈ ਰਿਸ਼ਤਾ ਜੁੜਿਆ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਧੀਆਂ ਦੀ ਸੁੰਦਰਤਾ ਦੀ ਪਰਖ ਕਰਨ ਦੀ ਆਗਿਆ ਦੇ ਦਿੰਦੇ ਹਾਂ। ਸਮਾਜ ਦਾ ਇਹ ਦੋਮੂੰਹਾ ਰੂਪ ਸਮਝ ਤੋਂ ਬਾਹਰ ਹੈ।

ਅਸਲ ਵਿਚ ਸਾਨੂੰ ਸੁੰਦਰਤਾ ਦੀ ਅਸਲ ਪ੍ਰੀਭਾਸ਼ਾ ਸਮਝਣ ਦੀ ਲੋੜ ਹੈ। ਸੋਹਣਾ ਉਹ ਜੋ ਸੋਹਣੇ ਕੰਮ ਕਰੇ, ਜੋ ਸਰੀਰਕ ਨਹੀਂ, ਬਲਕਿ ਸੀਰਤ ਪੱਖੋਂ ਖੂਬਸੂਰਤ ਹੋਵੇ। ਜਿਸ ਵਿਚ ਹਰ ਕੰਮ ਨੂੰ ਸੁਹਜ ਨਾਲ ਕਰਨ ਦੀ ਲਿਆਕਤ ਹੋਵੇ, ਹੁਨਰ ਹੋਵੇ, ਕੁਝ ਕਰ ਵਿਖਾਉਣ ਦਾ ਜਜ਼ਬਾ ਹੋਵੇ। ਜੋ ਸੱਚ ਦਾ ਪਹਿਰੇਦਾਰ ਹੋਵੇ ਅਤੇ ਜੋ ਕਿਤੇ ਵੀ ਹੁੰਦੀ ਬੇਇਨਸਾਫ਼ੀ ਵਿਰੁੱਧ ਡੱਟ ਕੇ ਖੜ੍ਹਾ ਹੋਵਣ ਦੀ ਜ਼ੁੱਅਰਤ ਰੱਖਦਾ ਹੋਵੇ। ਅਜਿਹੇ ਲੋਕ ਖੂਬਸੂਰਤ ਲੋਕਾਂ ਦੀ ਕਤਾਰ ਵਿਚ ਸ਼ਾਮਲ ਹੁੰਦੇ ਹਨ। ਬਾਹਰੀ ਸੁੰਦਰਤਾ ਕੁਝ ਸਮੇਂ ਦੀ ਮਹਿਮਾਨ ਹੈ, ਇਸਦਾ ਪਾਣੀ ਵਿਚ ਪਏ ਪਤਾਸੇ ਵਾਂਗ ਖੁਰਨਾ ਸਿੱਧ ਹੈ।

ਸੋ ਜ਼ਰੂਰਤ ਹੈ ਸੁੰਦਰਤਾ ਦੇ ਸਹੀ ਅਰਥ ਸਮਝਣ ਦੀ, ਅਤੇ ਆਪਣੇ ਬੱਚਿਆਂ ਨੂੰ ਵੀ ਸੁੰਦਰਤਾ ਦੀ ਸਹੀ ਪਹਿਚਾਣ ਦੱਸਣ ਦੀ। ਜੇਕਰ ਅਸੀਂ ਸੁੰਦਰਤਾ ਦੇ ਅਸਲ ਅਰਥ ਸਮਝਾਂਗੇ, ਤਾਂ ਹੀ ਸਦੀਆਂ ਤੋਂ ਚੱਲਦੀ ਆ ਰਹੀ ਖੂਬਸੂਰਤੀ ਦੀ ਇਹ ਬਦਸੂਰਤ ਪਰਖ ਬੰਦ ਹੋ ਸਕਦੀ ਹੈ।

# “ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ”

ਪੰਜਾਬ ਦੀ ਧਰਤੀ ਸਾਧੂ, ਮਹਾਤਮਾ, ਰਿਸ਼ੀਆਂ-ਮੁਨੀਆਂ, ਗੁਰੂ ਸਾਹਿਬਾਨ ਅਤੇ ਸੰਤ-ਮਹਾਂਪੁਰਸ਼ਾਂ ਤੋਂ ਵਰਸੋਈ ਹੋਈ ਧਰਤੀ ਹੈ। ਇਥੇ ਹਰ ਸਮੇਂ ਕੋਈ ਨਾ ਕੋਈ ਸੰਤ-ਮਹਾਂਪੁਰਖ ਦੀ ਮੌਜੂਦਗੀ ਰਹਿੰਦੀ ਹੈ। ਜਿਨ੍ਹਾਂ ਨੇ ਆਪਣੇ ਪ੍ਰਵਚਨਾਂ ਦੁਆਰਾ ਤੇ ਗੁਰਬਾਣੀ ਦੇ ਕੀਰਤਨ ਰਾਹੀਂ ਸਮੁੱਚੀ ਲੋਕਾਈ ਨੂੰ ਸੱਚ ਦਾ ਮਾਰਗ ਦਰਸ਼ਨ ਦਿਖਾਉਣਾ ਕੀਤਾ। ਇਨ੍ਹਾਂ ਸੰਤ-ਮਹਾਂਪੁਰਖਾਂ ਵਿਚੋਂ ਇੱਕ ਸਨ ਸ਼੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲ਼ੇ, ਜਿਨ੍ਹਾਂ ਨੇ ਗੁਰਬਾਣੀ ਕੀਰਤਨ ਦੁਆਰਾ ਸਮੁੱਚੀ ਲੋਕਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕੀਤਾ। ਜਿਨ੍ਹਾਂ ਦੇ ਕੀਰਤਨ ਵਿਚ ਆਗੰਮੀ ਰਸ ਡੁੱਲ-ਡੁੱਲ ਪੈਂਦਾ, ਤੇ ਉਹ ਹਮੇਸ਼ਾ ਗੁਰਬਾਣੀ ਵਿਚ ਭਿੱਜ ਕੇ ਕੀਰਤਨ ਕਰਦੇ। ਐਸੇ ਮਹਾਨ ਤਪੱਸਵੀ ਮਹਾਂਪੁਰਖ, ਕੀਰਤਨ ਦੇ ਧਨੀ, ਰੱਬ ਨਾਲ ਜੁੜੀ ਆਤਮਾ, ਰੱਬੀ ਰੂਹ ਜਿਨ੍ਹਾਂ ਦਾ ਜਨਮ 5 ਅਗਸਤ, 1905 ਈ: ਦਿਨ ਸ਼ੁੱਕਰਵਾਰ (ਦੇਸੀ ਮਹੀਨਾ ਸਾਵਣ) ਨੂੰ ਅੰਮ੍ਰਿਤ ਵੇਲੇ ਮਾਤਾ ਰਤਨ ਕੌਰ ਜੀ ਦੀ ਕੁੱਖੋਂ, ਪਿਤਾ ਸ. ਰਾਮ ਸਿੰਘ ਨੰਬਰਦਾਰ ਦੇ ਗ੍ਰਹਿ ਵਿਖੇ ਹੋਇਆ। ਜਨਮ ਤੋਂ ਹੀ ਸੰਤ ਜੀ ਦੇ ਸੁੰਦਰ ਚਿਹਰੇ ਤੇ ਮਨ ਨੂੰ ਨਿਰਮਲ ਕਰਨ ਵਾਲਾ ਅਤੇ ਸ਼ੀਤਲਤਾ ਪ੍ਰਦਾਨ ਕਰਨ ਵਾਲੇ ਸੁਭਾਅ ਦੇ ਮਾਲਕ ਸਨ। ਮਾਤਾ-ਪਿਤਾ ਜੀ ਨੇ ਸੰਤ ਜੀ ਦਾ ਨਾਮ ਗੁਲਾਬ ਸਿੰਘ ਰੱਖਿਆ। ਆਪ ਸੱਚਮੁੱਚ ਹੀ ਇੱਕ ਅਸਲੀ ਗੁਲਾਬ ਤੋਂ ਘੱਟ ਨਹੀਂ ਸਨ, ਜਿਸ ਦੀਆਂ ਕੋਮਲ ਪੱਤੀਆਂ ਹਰ ਇੱਕ ਰਾਹ ਜਾਂਦੇ ਪਾਂਧੀ ਦੇ ਮਨ ਨੂੰ ਮੋਹ ਲੈਂਦੀਆਂ ਸਨ। ਇਸ ਗੁਲਾਬ ਦੀ ਮਹਿਕ ਪੰਜਾਬ ਅੰਦਰ ਜਾਂ ਹਿੰਦੂਸਤਾਨ ਅੰਦਰ ਹੀ ਨਹੀਂ, ਸਗੋਂ ਦੇਸਾਂ-ਵਿਦੇਸ਼ਾਂ ਵਿਚ ਸਾਰੇ ਸੰਸਾਰ ਦੇ ਕੋਨੇ-ਕੋਨੇ ਵਿਚ ਫੈਲ ਗਈ। ਮਾਤਾ ਰਤਨ ਕੌਰ ਦੇ ਇਸ ਅਸਲੀ ਰਤਨ ਨੇ ਲੱਖਾਂ ਹੀ ਜਗਿਆਸੂ ਹਿਰਦਿਆਂ ਦਾ ਅੰਧਕਾਰ ਮਿਟਾਕੇ ਗਿਆਨ ਦਾ ਪ੍ਰਕਾਸ਼ ਕਰਵਾਇਆ। ਇੱਕ ਦਿਨ ਸਰਦਾਰ ਰਾਮ ਸਿੰਘ ਜੀ ਆਪਣੀ ਧਰਮ ਪਤਨੀ ਮਾਤਾ ਰਤਨ ਕੌਰ ਸਮੇਤ ਆਪਣੇ ਪੁੱਤਰ ਗੁਲਾਬ ਸਿੰਘ ਜੀ ਨੂੰ ਮੱਥਾ ਟਿਕਾਉਣ ਲਈ ਬ੍ਰਹਮ ਗਿਆਨੀ ਸਾਧੂ ਬਾਬਾ ਬੀਰਮ ਦਾਸ ਜੀ ਬਤੋਸ਼ੀ ਵਾਲਿਆਂ ਦੀ ਕੁਟੀਆ ਲੈ ਕੇ ਗਏ। ਬਾਬਾ ਬੀਰਮ ਦਾਸ ਜੀ ਨੇ ਪੁੱਛਿਆ, ਨੰਬਰਦਾਰਾਂ ਇਕੱਲਾ ਹੀ ਆਇਆਂ ਹੈ।



ਮਾ: ਜਸਵਿੰਦਰ ਜਿਉਣਪੁਰਾ
ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋ: 98768-55004
(Punjab Mail USA)

ਨੰਬਰਦਾਰ ਜੀ ਕਹਿਣ ਲੱਗੇ ਨਹੀਂ ਮਹਾਰਾਜ ਜੀ ਪ੍ਰਮਾਤਮਾ ਨੇ ਭੁਜੰਗੀ ਦੀ ਦਾਤ ਬਖਸ਼ੀ ਹੈ, ਓਹ ਵੀ ਨਾਲ ਆਇਆ ਹੈ, ਜੋ ਕੁਟੀਆ ਤੋਂ ਬਾਹਰ ਆਪਣੀ ਮਾਤਾ ਕੋਲ ਹੈ। ਸੰਤਾਂ ਨੇ ਮੁਸਕਰਾ ਕਿਹਾ ਕਿ ਭੁਜੰਗੀ ਨੂੰ ਅੰਦਰ ਲੈ ਕੇ ਆਓ। ਬਾਬਾ ਬੀਰਮ ਦਾਸ ਜੀ ਨੇ ਬਾਲਕ ਦਾ ਮਸਤਕ ਦੇਖ ਕੇ ਅਸ਼ੀਰਵਾਦ ਦਿੱਤਾ ਅਤੇ ਬਚਨ ਕੀਤਾ, ਭਾਈ ਇਹ ਤਾਂ ਦੁਨੀਆਂ ਨੂੰ ਤਾਰਨ ਵਾਲੀ ਕੋਈ ਰੱਬੀ ਰੂਹ ਜਗਤ ਵਿਚ ਆਈ ਹੈ। ਇਹ ਬਾਲਕ ਗੁਰੂ ਨਾਨਕ ਦੇ ਸਿਧਾਂਤ ਨੂੰ ਸੰਸਾਰ ਭਰ ਵਿਚ ਪ੍ਰਚਾਰ ਕੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਵੇਗਾ। ਬਾਬਾ ਜੀ ਦੇ ਇਹ ਬਚਨ ਸੁਣ ਕੇ ਮਾਤਾ-ਪਿਤਾ ਬਹੁਤ ਖੁਸ਼ ਹੋਏ। ਆਪ ਜੀ ਥੋੜ੍ਹੇ ਵੱਡੇ ਹੋਏ, ਤਾਂ ਆਪਣੇ ਹਾਣ ਦੇ ਬੱਚਿਆਂ ਨਾਲ ਅਨੇਕਾਂ ਖੇਡਾਂ ਖੇਡਣ ਜਾਂਦੇ ਤੇ ਆਪਣੀ ਤੋਤਲੀ ਰਸਨਾ ਨਾਲ ਬੱਚਿਆਂ ਨਾਲ ਸਿਮਰਨ ਭਜਨ ਦੀਆਂ ਗੱਲਾਂ ਕਰਦੇ ਤੇ ਕਈ ਵਾਰੀ ਇਕ ਟੋਲੀ ਬਣਾ ਸਿਮਰਨ ਕਰਨ ਲੱਗ ਜਾਂਦੇ। ਸੰਤ ਜੀ ਮਹਾਰਾਜ ਜਿਨ੍ਹਾਂ ਦੇ ਸੀਸ ’ਤੇ ਛੱਲਿਆਂ ਵਾਲੇ ਕਾਲੇ ਕੇਸ, ਤਿੱਖਾ ਨੱਕ, ਮਿਰਗ ਦੇ ਬੱਚੇ ਸਮਾਨ ਮੋਹਰਾਂ ਭਰੇ ਸੁੰਦਰ ਨੇਤਰ, ਪੂੰਨਿਆ ਦੇ ਚੰਦਰਮਾ ਸਾਮਾਨ ਚੌੜਾ ਤੇ ਭਾਗਾਂ ਭਰਿਆ ਪ੍ਰਕਾਸ਼ਮਾਈ ਮਸਤਕ ਦੱਸ ਰਿਹਾ ਸੀ ਕਿ ਇਹ ਬਾਲਕ ਕੋਈ ਆਮ ਬਾਲਕ ਨਹੀਂ ਹੈ, ਸਗੋਂ ਇਹ ਤਾਂ ਗੁਰਬਾਣੀ ਦੇ ਮਹਾਂਵਾਕ ਅਨੁਸਾਰ:-

“ਜੋ ਆਪ ਜਪੈ ਅਵਰਹ ਨਾਮੁ ਜਪਾਵੈ” ਦਾ ਧਾਰਨੀ ਹੋਵੇਗਾ। ਪਰਮੇਸ਼ਰ ਤੋਂ ਵਿਛੜੀਆਂ ਲੱਖਾਂ ਹੀ ਰੂਹਾਂ ਨੂੰ ਨਾਮ ਬਾਣੀ ਨਾਲ ਜੋੜ ਕੇ, ਪੂਰੇ ਗੁਰੂ ਦੀ ਮੇਹਰ ਸਦਕਾ ਅਕਾਲ ਪੁਰਖ ਨਾਲ ਜੋੜਨ ਵਾਲਾ ਮਹਾਨ ਮਹਾਪੁਰਸ਼ ਹੋਵੇਗਾ। ਸਮਾਂ ਲੰਘਦਾ ਗਿਆ ਅਤੇ ਸਮੇਂ ਦੀ ਤਿੱਖੀ ਚਾਲ ਨਾਲ ਸੰਤ ਜੀ ਦਾ ਪਰਉਪਕਾਰੀ ਸਰੀਰ ਵਧਦਾ-ਫੁਲਦਾ ਗਿਆ। ਸ਼ੁਰੂ ਤੋਂ ਹੀ ਘਰ ਵਿਚ ਸਾਰੇ ਪਦਾਰਥਾਂ ਦੀਆਂ ਸਹੂਲਤਾਂ ਸਨ। ਪਿੰਡ ਵਿਚ ਤਾਂ ਸਕੂਲ ਨਾ ਹੋਣ ਕਰਕੇ ਆਪ ਜੀ ਨੇ ਪਹਿਲੀਆਂ ਤਿੰਨ ਜਮਾਤਾਂ ਪਿੰਡ ਦੇ ਹੀ ਡੇਰੇ ਵਿਚ ਸਾਧੂ ਸਦਾਨੰਦ ਜੀ ਤੋਂ ਪੜ੍ਹੀਆਂ। ਫਿਰ ਆਪ ਜੀ ਚੌਥੀ ਕਲਾਸ ਤੋਂ ਸਰਕਾਰੀ ਮਿਡਲ ਸਕੂਲ ਮਲੋਟ ਵਿਖੇ ਦਾਖ਼ਲ ਹੋ ਗਏ। ਜਿੱਥੇ ਪੰਜਵੀਂ ਕਰਨ ਤੋਂ ਬਾਅਦ ਆਪ ਜੀ ਦੀ ਪੜ੍ਹਾਈ ਆਪ ਜੀ ਦੀ ਭੂਆ ਸਰਦਾਰਨੀ ਬਿਸ਼ਨ ਕੌਰ ਜੀ ਪਤਨੀ ਮੋਕਾਹਨ ਸਿੰਘ ਜੀ ਕੋਲ ਪਟਿਆਲਾ ਵਿਖੇ ਸ਼ੁਰੂ ਹੋਈ। ਆਪ ਜੀ ਨੇ 18 ਸਾਲ ਦੀ ਉਮਰ ਵਿਚ ਦਸਵੀਂ ਪਾਸ ਕਰ ਲਈ। ਆਪ ਜੀ ਦਾ ਮਨ ਸੰਸਾਰੀ ਕੰਮਾਂ ਵਿਚ ਨਾ ਲੱਗ ਕੇ ਨਾਮ ਸਿਮਰਨ ਵਿਚ ਹੀ ਲੱਗਾ ਰਹਿੰਦਾ। ਸਮਾਂ ਐਸਾ ਆਇਆ ਕਿ ਆਪ ਜੀ ਦਾ ਮਿਲਾਪ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਹੋਇਆਂ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪ ਜੀ ਅੰਮ੍ਰਿਤ ਛਕ ਕੇ ਗੁਲਾਬ ਸਿੰਘ ਤੋਂ ਈਸ਼ਰ ਸਿੰਘ ਜੀ ਬਣੇ। ਫ਼ਿਰ ਆਪ ਜੀ ਪੂਰੀ ਤਰ੍ਹਾਂ ਸਿੱਖੀ ਪ੍ਰਚਾਰ ਲਈ ਸਮਰਪਿਤ ਹੋਏ। ਆਪ ਜੀ ਨੇ ਰਾੜਾ ਸਾਹਿਬ ਆ ਡੇਰਾ ਲਾ ਲਿਆ, ਜਿਥੋਂ ਆਪ ਜੀ ਨੇ ਦੇਸ਼ਾਂ-ਵਿਦੇਸ਼ਾਂ ਵਿਚ ਕੀਰਤਨ ਦੁਆਰਾ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ਼ ਜੋੜਿਆ। ਬਾਬਾ ਜੀ ਦਾ ਜੀਵਨ ਸਾਨੂੰ ਸਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਦਾ ਸੰਦੇਸ਼ ਦਿੰਦਾ ਹੈ। ਜਾਣਕਾਰੀ ਦਿੰਦੇ ਹੋਏ ਸੰਤ ਬਾਬਾ ਰੋਸ਼ਨ ਸਿੰਘ ਜੀ ਸਟੇਟ ਸੈਕਟਰੀ ਰਣਧੀਰ ਸਿੰਘ ਢੀਂਡਸਾ ਇਹ ਬਾਬਾ ਜੀ ਦਾ ਸੰਖੇਪ ਜੀਵਨ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



## ਉਰਸ ’ਤੇ ਵਿਸ਼ੇਸ਼ ਲੇਖ

# ਸੱਯਦ ਬਾਬਾ ਵਾਰਿਸ ਸ਼ਾਹ



ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖ਼ਾਂ ਪੰਜਾਬ (ਪਾਕਿਸਤਾਨ) ਵਿਚ ਪਿਤਾ ਕੁਤਬ ਸ਼ਾਹ ਦੇ ਘਰ ਸੰਨ 1722 ਨੂੰ ਸਯੱਦ ਪਰਿਵਾਰ ਵਿਚ ਹੋਇਆ। ਜੰਡਿਆਲਾ ਸ਼ੇਰ ਖ਼ਾਂ ਸ਼ੇਖ਼ੂਪੁਰ ਤੋਂ 15 ਕਿਲੋਮੀਟਰ ਦੂਰੀ ’ਤੇ ਸਥਿਤ ਹੈ। ਮੁੱਢਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਵਾਰਿਸ ਸ਼ਾਹ ਉਚ ਵਿੱਦਿਆ ਹਾਸਲ ਕਰਨ ਲਈ ਕਸੂਰ ਜਾ ਕੇ ਹਾਫ਼ਜ਼ ਗੁਲਾਮ ਮੁਰਤਜ਼ਾ ਦੇ ਅੱਗੇ ਪੇਸ਼ ਹੋਏ, ਜੋ ਇਕ ਬੜੇ ਵੱਡੇ ਮਦਰੱਸੇ ’ਚ ਬੱਚਿਆਂ ਨੂੰ ਪੜ੍ਹਾਉਂਦੇ ਸਨ।

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ ਤੇ ਸ਼ਗਿਰਦ ਮਖ਼ਦੂਮ ਕਸੂਰ ਦਾ ਹੈ।

ਵਾਰਿਸ ਸ਼ਾਹ ਇੱਥੋਂ ਵਿੱਦਿਆ ਹਾਸਲ ਕਰਕੇ ਉਸਤਾਦ ਕੋਲੋਂ ਆਗਿਆ ਲੈ ਕੇ ਪਾਕਪਟਨ ਬਾਬਾ ਫ਼ਰੀਦ ਜੀ ਦੀ ਮਜ਼ਾਰ ਉੱਤੇ ਪਹੁੰਚ ਗਏ। ਉਥੇ ਬਾਬਾ ਫ਼ਰੀਦ ਜੀ ਦੀ ਗੱਦੀ ’ਤੇ ਬੈਠੇ ਮੌਜੂਦਾ ਬਜ਼ੁਰਗ ਕੋਲੋਂ ਆਤਮਿਕ ਗਿਆਨ ਦੀ ਪ੍ਰਾਪਤੀ ਹੋਈ।

ਇਥੋਂ ਮਲਕਾ ਹਾਂਸ ਚਲੇ ਗਏ, ਜੋ ਸਾਹੀਵਾਲ (ਮਿੰਟਗੁਮਰੀ) ਪਾਕਪਟਨ ਵਾਲੀ ਸੜਕ ’ਤੇ ਸਥਿਤ ਹੈ। ਇੱਥੇ ਪਹੁੰਚ ਕੇ ਪ੍ਰਬੰਧਕਾਂ ਨੂੰ ਮਿਲੇ। ਉਨ੍ਹਾਂ ਨੂੰ ਆਪਣੇ ਬਾਰੇ ਵੀ ਦੱਸਿਆ। ਮਸਜਿਦ ਵਿਚ ਨਮਾਜ਼ ਪੜ੍ਹਾਉਣ ਵਾਲਾ ਕੋਈ ਮੌਲਵੀ ਨਹੀਂ ਸੀ, ਸਾਰਿਆਂ ਨੇ ਬਾਬਾ ਵਾਰਿਸ ਸ਼ਾਹ ਨੂੰ ਨਮਾਜ਼ ਪੜ੍ਹਾਉਣ ਲਈ ਬੇਨਤੀ ਕੀਤੀ, ਨਮਾਜ਼ ਪੜ੍ਹ ਕੇ ਵਾਰਿਸ ਸ਼ਾਹ ਤੋਂ ਬਹੁਤ ਪ੍ਰਭਾਵਿਤ ਹੋਏ। ਫਿਰ ਵਾਰਿਸ ਸ਼ਾਹ ਨੇ ਉੱਥੇ ਹੀ ਮਲਕਾ ਹਾਂਸ ਦੇ ਮੁਹੱਲਾ ਉੱਚਾ ਟਿੱਬਾ ਦੀ ਮਸਜਿਦ ਵਿਚ ਮੌਲਵੀ ਦੀ ਸੇਵਾ ਸੰਭਾਲ ਲਈ।

ਮਲਕਾ ਹਾਂਸ ਵਿਚ ਇਕ ਰੱਜਿਆ-ਪੁੱਜਿਆ ਬਲੋਚ ਪਰਿਵਾਰ ਰਹਿੰਦਾ ਸੀ। ਪ੍ਰਬੰਧਕਾਂ ਨੇ ਫ਼ੈਸਲਾ ਕੀਤਾ ਵਾਰਿਸ ਸ਼ਾਹ ਮਸਜਿਦ ਦੇ ਕਮਰੇ ਵਿਚ ਰਹੇਗਾ, ਇਸ ਦੇ ਖਾਣ-ਪੀਣ ਦਾ ਪ੍ਰਬੰਧ ਬਲੋਚ ਪਰਿਵਾਰ ਕਰੇਗਾ। ਇਸ ਪਰਿਵਾਰ ਨੇ ਆਪਣੀ ਧੀ ਭਾਗਭਰੀ ਦੀ ਡਿਊਟੀ ਲਗਾ ਦਿੱਤੀ ਕਿ ਉਹ ਮਸਜਿਦ ਵਿਚ ਵਾਰਿਸ ਸ਼ਾਹ ਦੀ ਰੋਟੀ ਫੜਾ ਕੇ ਆਇਆ ਕਰੇਗੀ। ਭਾਗਭਰੀ ਸੋਹਣੀ-ਸਨੁੱਖੀ ਮੁਟਿਆਰ ਸੀ, ਉਸ ਦੇ ਸੁਹੱਪਣ ਦੀ ਚਰਚਾ ਹਰ ਪਾਸੇ ਬਹੁਤ ਜ਼ਿਆਦਾ ਹੋ ਰਹੀ ਸੀ।

ਉਹ ਵਾਰਿਸ ਸ਼ਾਹ ਦੀ ਰੋਟੀ ਲਿਆ ਕਿ ਉਸ ਮੂਹਰੇ ਰੱਖ ਕੇ ਉਹਦੇ ਸਾਹਮਣੇ ਬੈਠ ਜਾਂਦੀ, ਵਾਰਿਸ ਸ਼ਾਹ ਹੌਲੀ-ਹੌਲੀ ਰੋਟੀ ਖਾਈ ਜਾਂਦਾ, ਨਾਲੇ ਭਾਗਭਰੀ ਵੱਲ ਵੇਖੀ ਜਾਂਦਾ। ਜਦ ਬਰਤਨ ਵਹਿਲੇ ਹੋ ਜਾਂਦੇ, ਭਾਗਭਰੀ ਬਰਤਨ ਲੈ ਕੇ ਘਰ ਚਲੀ ਜਾਂਦੀ। ਇਹ ਸਿਲਸਿਲਾ ਕਾਫੀ ਸਮਾਂ ਚਲਦਾ ਰਿਹਾ। ਵਾਰਿਸ ਸ਼ਾਹ ਭਾਗਭਰੀ ਮੂਹਰੇ ਦਿਲ ਹਾਰ ਬੈਠਾ:-

ਮਾਸ਼ੂਕ ਦਿਆ ਬਾਂਕਿਆ ਸ਼ੋਖ ਨੈਣਾ
ਵਾਰਿਸ ਸ਼ਾਹ ਜਿਹੇ ਮਜਬੂਰ ਕੀਤੇ।

ਵਾਰਿਸ ਸ਼ਾਹ ਨੂੰ ਜੇਕਰ ਰੋਟੀ ਦੀ ਭੁੱਖ ਨਾ ਹੁੰਦੀ, ਤਾਂ ਵੀ ਭਾਗਭਰੀ ਨੂੰ ਉਡੀਕਦਾ ਰਹਿੰਦਾ। ਵਾਰਿਸ ਸ਼ਾਹ ਨੂੰ ਰੋਟੀ ਨਾਲੋਂ ਭਾਗਭਰੀ ਦੇ ਦੀਦਾਰ ਦੀ ਭੁੱਖ ਜ਼ਿਆਦਾ ਸੀ:-

ਵਾਰਿਸ ਸ਼ਾਹ ਨੂੰ ਸਿਕ ਦੀਦਾਰ ਦੀ ਏ
ਜਿਹੀ ਹੀਰ ਨੂੰ ਭਟਕਣਾ ਯਾਰ ਦੀ ਸੀ।
- - - - - - - -

ਵਾਰਿਸ ਸ਼ਾਹ ਨੂੰ ਮਾਰ ਨਾ ਭਾਗ ਭਰੀਏ
ਅਣੀ ਮੁਣਸ ਪਿਆਰੀਏ ਵਾਸਤਾ ਈ।
- - - - - - - -

ਵਾਰਿਸ ਸ਼ਾਹ ਉਸ ਵਕਤ ਨੂੰ ਝੂਰਦਾ ਈ
ਜਿਸ ਵੇਲੜੇ ਅੱਖੀਆਂ ਲਾਇ ਬੈਠਾ।
- - - - - - - -

ਵਾਰਿਸ ਸ਼ਾਹ ਤੇ ਭਾਗਭਰੀ ਦੇ ਚਰਚੇ ਹੌਲੀ-ਹੌਲੀ ਪਿੰਡ ਵਿਚ ਹੋਣ ਲੱਗ ਪਏ। ਵਾਰਿਸ ਸ਼ਾਹ ਦੀ ਬਦਨਾਮੀ ਪਿੰਡ ਦੇ ਵਸਨੀਕਾਂ ਦੇ ਗੁੱਸੇ ਵਿਚ ਬਦਲ ਗਈ। ਉਨ੍ਹਾਂ ਵਾਰਿਸ ਸ਼ਾਹ ਨੂੰ ਮਸਜਿਦ ਵਿਚੋਂ ਕੱਢ ਦਿੱਤਾ।

ਮਸਜਿਦ ਵਿਚੋਂ ਕੱਢਿਆ ਵਾਰਿਸ ਸ਼ਾਹ ਉਦਾਸ ਮਨ ਨਾਲ ਉਥੋਂ ਤੁਰ ਪਿਆ। ਪਿੰਡ ਦੇ ਸਾਰੇ ਲੋਕ ਕਿਸੇ ਦੇ ਵੈਰੀ ਨਹੀਂ ਬਣਦੇ, ਕੁਝ ਹਮਦਰਦ ਵੀ ਹੁੰਦੇ ਹਨ। ਪਿੰਡ ਤੋਂ ਬਾਹਰ ਇਕ ਪਰਿਵਾਰ ਦੀ ਰਿਹਾਇਸ਼ ਸੀ, ਉਹ ਬਾਹਰ ਖੇਤ ਵਿਚ ਕੰਮ ਕਰ ਰਹੇ ਸਨ। ਉਨ੍ਹਾਂ ਵਾਰਿਸ ਸ਼ਾਹ ਨੂੰ ਆਉਂਦਾ ਵੇਖ ਕੇ ਹਾਕ ਮਾਰ ਲਈ। ਵਾਰਿਸ ਸ਼ਾਹ ਨੇ ਦੱਸਿਆ ਕਿ ਮੈਨੂੰ ਪਿੰਡ ਵਾਲਿਆਂ ਮਸਜਿਦ ਵਿਚੋਂ ਬਾਹਰ ਕੱਢ ਦਿੱਤਾ ਹੈ। ਉਹਨਾਂ ਵਾਰਿਸ ਸ਼ਾਹ ਨੂੰ ਜਾਣ ਨਾ ਦਿੱਤਾ, ਉਸ ਨੂੰ ਕੁਝ ਦਿਨ ਆਪਣੇ ਕੋਲ ਰਹਿਣ ਲਈ ਕਿਹਾ।

ਕੁਝ ਦਿਨਾਂ ਬਾਅਦ ਪਿੰਡ ਦੇ ਮੋਹਤਬਰ ਬੰਦਿਆਂ ਨੇ ਵਿਚ ਪੈ ਕੇ ਵਾਰਿਸ ਸ਼ਾਹ ਨੂੰ ਬੇਦੋਸ਼ ਕਹਿੰਦਿਆਂ, ਦੋਸ਼ ਲਾਉਣ ਵਾਲਿਆਂ ਦੀ ਝਾੜ-ਝੰਬ ਕਰਕੇ ਵਾਰਿਸ ਸ਼ਾਹ ਨੂੰ ਮਸਜਿਦ ਵਿਚ ਫਿਰ ਮੌਲਵੀ ਰੱਖਾ ਦਿੱਤਾ। ਉਸ ਤਰ੍ਹਾਂ ਹੀ ਫਿਰ ਭਾਗਭਰੀ ਰੋਟੀ ਲੈ ਕੇ ਆਉਣ ਲੱਗ ਪਈ। ਪਰ ਜੋ ਰੱਬ ਨੂੰ ਮਨਜ਼ੂਰ ਸੀ, ਭਾਗਭਰੀ ਕੁਝ ਦਿਨ ਤੇਜ਼ ਬੁਖ਼ਾਰ ਚੜ੍ਹਨ ਨਾਲ ਰੱਬ ਨੂੰ ਪਿਆਰੀ ਹੋ ਗਈ।

ਵਾਰਿਸ ਸ਼ਾਹ ਦਾ ਮਨ ਡਾਵਾਂਡੋਲ ਹੋ ਗਿਆ, ਉਹ ਮਸੀਤ ਦਾ ਮੌਲਵੀ ਸੀ, ਲੋਕਾਂ ਕੋਲ ਕੀ ਦੁੱਖ ਰੋਂਦਾ, ਕੀ ਦੱਸਦਾ ਕਿ ਮੇਰੀ ਤਾਂ ਦੁਨੀਆਂ ਹੀ ਲੁੱਟੀ ਗਈ!

ਵਾਰਿਸ ਸ਼ਾਹ ਮੀਆਂ ਜਿੰਨਾਂ ਲਾਈਆਂ ਨੀ
ਸੋਈ ਜਾਣਦੇ ਦਾਰੀਆਂ ਯਾਰੀਆਂ ਨੂੰ।

ਫਿਰ ਮਲਕਾ ਹਾਂਸ ਦੇ ਮਹੱਲੇ ਉੱਚਾ ਟਿੱਬਾ ਦੀ ਮਸੀਤ ਦੇ ਕਮਰੇ ਵਿਚ ਬੈਠ ਕੇ ਤਿੰਨ ਸਾਲ ਅੰਦਰੋਂ ਉਠਦੀ ਹੂਕ ਕਾਗਜ਼ਾਂ ’ਤੇ ਉਕਰ ਕੇ ਭਾਗਭਰੀ ਦੇ ਦੁੱਖ ਨੂੰ ਵਾਰਿਸ ਸ਼ਾਹ ਨੇ ਹੀਰ ਦੇ ਦੁੱਖ ਰਾਹੀ ‘ਹੀਰ ਵਾਰਿਸ ਸ਼ਾਹ’ ਵਿਚ ਲਿਖਿਆ।

ਸੰਨ 1766 ਵਿਚ ‘ਹੀਰ ਵਾਰਿਸ ਸ਼ਾਹ’ ਦਾ ਖਰੜਾ ਪੂਰਾ ਹੋਣ ’ਤੇ ਇਸ ਨੂੰ ਝੋਲੇ ਵਿਚ ਪਾ ਕੇ ਮਲਕਾ ਹਾਂਸ ਦੀ ਮਸੀਤ ਨੂੰ ਸਦਾ ਲਈ ਛੱਡ ਜਾਣ ਵਾਸਤੇ ਤਿਆਰੀ ਕਰ ਲਈ। ਪਿੰਡ ਵਾਸੀਆਂ ਤੋਂ ਜਾਣ ਦੀ ਆਗਿਆ ਮੰਗੀ। ਪਿੰਡ ਵਾਸੀਆਂ ਵਾਰਿਸ ਸ਼ਾਹ ਨੂੰ ਜਾਣ ਤੋਂ ਬਹੁਤ ਰੋਕਿਆ ਪਰ ਵਾਰਿਸ ਸ਼ਾਹ ਰੁਕਿਆ ਨਹੀਂ, ਆਖ਼ਰੀ ਫਤਿਹ ਬੁਲਾ ਕੇ ਕਸੂਰ ਦੇ ਰਾਹ ਪੈ ਗਿਆ।

ਹੱਥ ਪਕੜ ਕੇ ਜੁੱਤੀਆਂ ਮਾਰ ਬੁੱਕਲ
ਰਾਂਝਾ ਹੋਇ ਟੁਰਿਆ ਵਾਰਿਸ ਸ਼ਾਹ ਜੇਹਾ।
- - - - - - - -

ਵਾਰਿਸ ਸ਼ਾਹ ਇਸ਼ਕ ਦੇ ਵਣਜ ਵਿਚੋਂ
ਕਿਸੇ ਪੱਲੇ ਨਾ ਬੱਧੀ ਦੱਮੜੀ ਏ।

ਵਾਰਿਸ ਸ਼ਾਹ ਨੇ ਕਸੂਰ ਪਹੁੰਚ ਕੇ ਆਪਣੇ ਉਸਤਾਦ ਦਾ ਦਰਵਾਜ਼ਾ ਜਾ ਖੜਕਾਇਆ। ਮਦਰੱਸੇ ਅੰਦਰ ਵਾਰਿਸ ਸ਼ਾਹ ਦਾ ਉਸਤਾਦ ਹਾਫਜ਼ ਗੁਲਾਮ ਮੁਰਤਜ਼ਾ ਅਤੇ ਉਸਦੇ ਸ਼ਗਿਰਦ ਆਰਾਮ ਕਰ ਰਹੇ ਸਨ। ਉਸਤਾਦ ਨੇ ਸ਼ਗਿਰਦ ਨੂੰ ਕਿਹਾ, ਬਾਹਰ ਵੇਖੋ ਕੌਣ ਹੈ? ਸ਼ਗਿਰਦ ਨੇ ਕਿਹਾ, ਬਾਹਰ ਵਾਰਿਸ ਸ਼ਾਹ ਖੜ੍ਹਾ ਹੈ, ਤਾਂ ਮੁਰਸ਼ਦ ਕ੍ਰੋਧ ਵਿਚ ਆ ਕੇ ਕਹਿੰਦਾ ਜਾ ਉਸਨੂੰ ਕਹਿ ਦੇ ਇੱਥੋਂ ਦਫਾ ਹੋ ਜਾ! ਮੈਨੂੰ ਅਜਿਹੇ ਸ਼ਗਿਰਦ ਦੀ ਲੋੜ ਨਹੀਂ, ਪਹਿਲਾਂ ਬੁੱਲ੍ਹੇ ਨੂੰ ਇਲਮ ਦਿੱਤਾ, ਉਹ ਪੈਰੀ ਘੁੰਗਰੂ ਬੰਨ ਨੱਚਣ ਲੱਗ ਪਿਆ, ਫਿਰ ਇਸ ਨੂੰ ਇਲਮ ਦਿੱਤਾ, ਇਹ ਹੀਰ ਲਿਖਣ ਬੈਠ ਗਿਆ। ਸ਼ਗਿਰਦ ਨੇ ਜਾ ਕੇ ਥੋੜਾ ਜਿਹਾ ਦਰਵਾਜ਼ਾ ਖੋਲ੍ਹ ਕੇ ਵਾਰਿਸ਼ ਸ਼ਾਹ ਨੂੰ ਕਹਿ ਦਿੱਤਾ, ਉਸਤਾਦ ਜੀ ਗੁੱਸੇ ਵਿਚ ਹਨ, ਉਹ ਕਹਿੰਦੇ, ਵਾਰਿਸ ਸ਼ਾਹ ਨੂੰ ਕਹਿ ਉਹ ਚੱਲਿਆ ਜਾਵੇ, ਉਸ ਨੂੰ ਕੁੰਡਾ ਨਹੀਂ ਖੋਲਣਾ, ਇਹ ਕਹਿ ਕੇ ਸ਼ਗਿਰਦ ਵਾਪਿਸ ਆ ਗਿਆ।

ਦੋ-ਤਿੰਨ ਘੰਟੇ ਬੀਤ ਚੁੱਕਣ ਤੋਂ ਬਾਅਦ ਉਸਤਾਦ ਜੀ ਦਾ ਗੁੱਸਾ ਠੰਡਾ ਹੋਇਆ, ਤਾਂ ਆਪਣੇ ਸ਼ਗਿਰਦਾਂ ਨੂੰ ਕਹਿਣ ਲੱਗਾ, ਜਾਓ ਲੱਭ ਕੇ ਲੈ ਆਓ, ਜੇ ਕਿਤੇ ਵਾਰਿਸ ਸ਼ਾਹ ਲੱਭਦਾ ਹੈ। ਜਦ ਸ਼ਗਿਰਦ ਨੇ ਦਰਵਾਜ਼ਾ ਖੋਲ੍ਹਿਆ, ਤਾਂ ਵਾਰਿਸ ਸ਼ਾਹ ਦਰਵਾਜ਼ੇ ਮੂਹਰੇ ਖੜ੍ਹਾ ਸੀ, ਜੇਠ ਦਾ ਮਹੀਨਾ, ਤਿਕੜ ਦੁਪਿਹਰ, ਗਰਮੀ ਨਾਲ ਹਾਲੋਂ ਬੇਹਾਲ ਹੋਇਆ, ਉਸਤਾਦ ਨੂੰ ਮਿਲਣ ਦੀ ਤ੍ਰਿਸ਼ਨਾਂ ਵਿਚ ਪਸੀਨੇ ਨਾਲ ਭਿੱਜਿਆ ਖੜ੍ਹਾ ਸੀ। ਮੁਰਸ਼ਦ ਵੇਖ ਕੇ ਪਿੱਛੇ ਮੁੜ ਗਿਆ, ਉਸਨੇ ਉਸਤਾਦ ਜੀ ਨੂੰ ਕਿਹਾ ਕਿ ਵਾਰਿਸ ਸ਼ਾਹ ਗਿਆ ਨਹੀਂ, ਦਰਵਾਜ਼ੇ ਮੂਹਰੇ ਹੀ ਖੜ੍ਹਾ ਹੈ, ਗਰਮੀ ਨਾਲ ਭਿੱਜਿਆ ਪਿਆ, ਪਾਣੀ ਦਾ ਪਿਆਸਾ, ਬੇਜ਼ਾਨ ਹੋਇਆ ਖੜ੍ਹਾ ਹੈ।

ਉਸਤਾਦ ਸੁਣ ਕੇ ਹੋਰ ਮੋਮ ਵਾਂਗ ਢਲ ਗਿਆ ਤੇ ਕਿਹਾ ਵਾਰਿਸ ਸ਼ਾਹ ਨੂੰ ਬਾਹੋਂ ਫੜ ਕੇ ਅੰਦਰ ਲੈ ਆਵੋ। ਵਾਰਿਸ ਸ਼ਾਹ ਨੇ ਅੰਦਰ ਆ ਕੇ ਆਪਣੀ ਲਿਖੀ ਹੀਰ ਉਸਤਾਦ ਜੀ ਦੇ ਪੈਰਾਂ ਵਿਚ ਰੱਖ ਦਿੱਤੀ ਅਤੇ ਆਪ ਵੀ ਉਸ ਦੇ ਪੈਰਾਂ ’ਤੇ ਸਿਰ ਰੱਖ ਕੇ ਬਹੁਤ ਰੋਇਆ, ਬਹੁਤ ਚਿਰ ਰੋਂਦਾ ਰਿਹਾ, ਉਸਤਾਦ ਵੀ ਸਹਾਰ ਨਾ ਸਕਿਆ, ਉਸ ਦੀਆਂ ਅੱਖਾਂ ਵੀ ਨਮ ਹੋ ਗਈਆਂ। ਵਾਰਿਸ ਸ਼ਾਹ ਨੇ ਉਸਤਾਦ ਜੀ ਨੂੰ ਕਿਹਾ, ਇਕ ਵਾਰੀ ਇਸ ਖਰੜੇ ਨੂੰ ਪੜ੍ਹ ਲਵੋ, ਤੁਹਾਡੇ ਸ਼ਗਿਰਦ ਨਾਲ ਕੀ-ਕੀ ਬੀਤੀ? ਉਸਤਾਦ ਨੂੰ ਤਰਸ ਆਇਆ, ਵਾਰਿਸ ਸ਼ਾਹ ਨੂੰ ਕਹਿੰਦਾ, ਤੂੰ ਨਹਾ ਕੇ ਆਪਣੇ ਕਮਰੇ ਵਿਚ ਆਰਾਮ ਕਰ ਮੈਂ ਇਸ ਨੂੰ ਰਾਤ ਨੂੰ ਪੜ੍ਹਾਂਗਾ।

ਵਾਰਿਸ ਸ਼ਾਹ ਆਪਣੇ ਕਮਰੇ ਵਿਚ ਆਰਾਮ ਕਰਨ ਲੱਗ ਪਿਆ ਤੇ ਰਾਤ ਨੂੰ ਹਾਫਜ਼ ਗੁਲਾਮ ਮੁਰਤਜ਼ਾ ਨੇ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਖਰੜਾ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸਤਾਦ ਦੇ ਪੜ੍ਹਦੇ-ਪੜ੍ਹਦੇ ਦੇ ਹੋਠ ਚੁੱਪ ਹੋ ਗਏ, ਅੱਖਾਂ ਰੋਂਦੀਆਂ ਰਹੀਆਂ। ਰਾਤ ਦਾ ਪਿਛਲਾ ਪਹਿਰ ਆ ਗਿਆ। ਦਿਲ ਬੇ-ਕਾਬੂ ਹੋ ਗਿਆ। ਇਕਦਮ ਤੜਫ ਕੇ ਉੱਠੇ, ਸਿੱਧੇ ਵਾਰਿਸ ਸ਼ਾਹ ਦੇ ਕਮਰੇ ਅੰਦਰ ਚਲੇ ਗਏ।

ਵਾਰਿਸ ਸ਼ਾਹ ਨੂੰ ਉਠਾਇਆ ਤੇ ਗੱਲ ਨਾਲ ਲੱਗ ਕੇ ਰੱਜ ਕੇ ਰੋਏ ਅਤੇ ਕਿਹਾ, “ਉਏ ਵਾਰਿਸਾ! ਮੈਨੂੰ ਮੁਆਫ਼ ਕਰ ਦੇਵੀਂ, ਮੈਂ ਗਲਤ ਸਮਝਿਆ ਸੀ, ਆਹ ਤੂੰ ਕੀ ਲਿਖ ਦਿੱਤਾ, ਜਦ ਤੱਕ ਪੰਜਾਬ ਦੀ ਧਰਤੀ ’ਤੇ ਪੰਜਾਬੀ ਵਸਦੇ ਰਹਿਣਗੇ, ਤੇਰੀ ਲਿਖੀ ਹੀਰ ਨੂੰ ਕਦੇ ਨਹੀਂ ਵਸਾਰਨਗੇ।”

ਵਾਰਿਸ ਸ਼ਾਹ ਕੁਝ ਦਿਨ ਆਪਣੇ ਉਸਤਾਦ ਕੋਲ ਰਹਿ ਕੇ ਫਿਰ ਇਜਾਜ਼ਤ ਲੈ ਆਪਣੇ ਪਿੰਡ ਜੰਡਿਆਲਾ ਸ਼ੇਰ ਖਾਂ ਚਲਿਆ ਗਿਆ। ਵਾਰਿਸ ਸ਼ਾਹ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾ ਪਿੰਡ ਦੀਆਂ ਸੱਥਾਂ ਵਿਚ ਹੀ ਗੁਜ਼ਾਰਿਆ, ਉਹ ਬੋਹੜ ਅੰਜ ਵੀ ਉਸ ਤਰ੍ਹਾਂ ਹੀ ਹੈ, ਜਿਸ ਦੀ ਛਾਵੇਂ ਬਹਿ ਕੇ ਲੋਕਾਂ ਨੂੰ ਹੀਰ ਵਾਰਿਸ ਸ਼ਾਹ ਸਣਾਉਂਦਾ। ਅਖ਼ੀਰ 1798 ’ਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਪਿੰਡ ਜੰਡਿਆਲਾ ਸ਼ੇਰ ਖਾਂ ’ਚ ਵਾਰਿਸ ਸ਼ਾਹ ਦੀ ਯਾਦ ਵਿਚ ਬਹੁਤ ਖ਼ੂਬਸੂਰਤ ਮਜ਼ਾਰ ਬਣੀ ਹੋਈ ਹੈ, ਜਿਸ ’ਤੇ ਹਰ ਸਾਲ 23, 24, 25 ਜੁਲਾਈ ਨੂੰ ਮੇਲਾ ਭਰਦਾ ਹੈ। ਲੋਕ ਮੱਥਾ ਟੇਕਦੇ ਹਨ। ਇਸ ਮੇਲੇ ਵਿਚ ਹੀਰ ਵਾਰਿਸ ਸ਼ਾਹ ਪੜ੍ਹਨ ਦਾ ਮੁਕਾਬਲਾ ਹੁੰਦਾ ਹੈ।

# ਤੀਆਂ ਤੀਜ਼ ਦੀਆਂ



ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
94786-58384
(Punjab Mail USA)



ਦੋਸਤੋ, ਸਾਉਣ ਦਾ ਮਹੀਨਾ ਗਿੱਧਿਆ ਦੀ ਰੁੱਤ ਨਾਲ ਜਾਣਿਆ ਜਾਂਦਾ ਹੈ ਤੇ ਇਹ ਇੱਕ ਅਜਿਹਾ ਮਹੀਨਾ ਹੈ, ਜਿਸ ਵਿਚ ਹੋਰ ਵੀ ਕਈ ਵਿਹਾਰ ਤਿਉਹਾਰ ਆਉਂਦੇ ਹਨ ਤੇ ਇਸ ਮਹੀਨੇ ਦਾ ਮੀਂਹ ਪੈਣ ਨਾਲ ਗੂੜ੍ਹਾ ਸੰਬੰਧ ਹੈ। ਜਿਵੇਂ ਕਹਿੰਦੇ ਹਨ, ਜੇਠ-ਹਾੜ੍ਹ ਦੇ ਸਤਾਏ ਲੋਕਾਂ ਨੂੰ ਸਾਉਣ ਦੇ ਮੀਂਹ ਤੋਂ ਹੀ ਰਾਹਤ ਮਿਲਦੀ ਹੈ। ਪਸ਼ੂ-ਪੰਛੀ ਵੀ ਇਸ ਮਹੀਨੇ ਦੀ ਉਡੀਕ ਕਰਦੇ ਹਨ, ਜਦੋ ਸਾਉਣ ਦੀ ਝੜੀ ਲੱਗਦੀ ਹੈ, ਤਾਂ ਪਸ਼ੂ-ਪੰਛੀ, ਮਨੁੱਖ ਤੇ ਫਸਲਾਂ ਲਈ ਇਹ ਝੜੀ ਬਹੁਤ ਹੀ ਲਾਭਦਾਇਕ ਹੁੰਦੀ ਹੈ। ਪਰ ਇਸ ਵਾਰ ਤਾਂ ਐਸਾ ਮੌਸਮ ਨੇ ਕਰਵਟ ਲਿਆ ਕਿ ਬਾਰਿਸ਼ ਤੋਂ ਛੁਟਕਾਰਾ ਹੀ ਨਹੀਂ ਮਿਲਿਆ। ਚੜ੍ਹਦੇ ਸਾਉਣ ਹੀ ਲਗਾਤਾਰ ਪੈ ਰਹੀ ਬਾਰਿਸ਼ ਨੇ ਐਸੀ ਕੁਦਰਤੀ ਕਰੋਪੀ ਲਿਆਂਦੀ ਕਿ ਨਦੀਆਂ, ਦਰਿਆਵਾਂ ਅਤੇ ਪਹਾੜੀਆਂ ਦਾ ਪਾਣੀ ਹੜ੍ਹ ਬਣਕੇ ਲੋਕਾਂ ਦੀਆਂ ਫਸਲਾ ਅਤੇ ਘਰਾਂ ਨੂੰ ਰੋੜ੍ਹ ਕੇ ਲੈ ਗਿਆ। ਜਿੱਥੇ ਸਾਡੇ ਵਰਗੇ ਲੋਕਾਂ ਦੇ ਘਰ ਅਤੇ ਫਸਲਾਂ ਰੁੜ੍ਹ ਗਈਆਂ, ਉੱਥੇ ਸਾਡੀਆ ਨੂੰਹਾਂ ਅਤੇ ਧੀਆਂ-ਧਿਆਣੀਆਂ ਦੇ ਤੀਜ ਦੀਆਂ ਤੀਆਂ ਦੇ ਸਾਰੇ ਚਾਅ-ਅਰਮਾਨ ਇਸ ਪਾਣੀ ਦੇ ਵਹਾਅ ਵਿਚ ਵਹਿ ਗਏ। ਕਿਉਂਕਿ ਕਈ ਬੱਚੀਆਂ ਦਾ ਨਵਾਂ ਵਿਆਹ ਹੋਇਆ ਅਤੇ ਕਈਆਂ ਦੇ ਵਿਆਹ ਦੇ ਦਿਨ ਬੰਨ੍ਹੇ ਹੋਏ ਸਨ। ਮਾਪਿਆ ਨੇ ਆਪਣੀਆਂ ਬੱਚੀਆਂ ਲਈ ਬੜੇ ਚਿਰਾਂ ਤੋਂ ਦਾਜ ਦਾ ਸਮਾਨ ਥੋੜੀ-ਥੋੜੀ ਬਚਤ ਕਰਕੇ ਇੱਕਠਾ ਕੀਤਾ ਹੋਇਆ ਸੀ, ਜੋ ਹੜ੍ਹਾਂ ਦੇ ਪਾਣੀ ਵਿਚ ਰੁੜ੍ਹ ਗਿਆ ਅਤੇ ਇਸ ਕੁਦਰਤੀ ਕਰੋਪੀ ਕਾਰਨ ਕਈ ਘਰਾਂ ਦੇ ਪਸ਼ੂ, ਡੰਗਰ, ਫਸਲ, ਮਸ਼ੀਨਰੀ ਅਤੇ ਘਰਦੇ ਜੀਅ ਵੀ ਪਾਣੀ ਰੋੜ੍ਹ ਕੇ ਲੈ ਗਿਆ। ਫਿਰ ਦੱਸੋ ਕੀ ਰਹਿ ਗਿਆ ਸਾਡੇ ਕੋਲ ਤੀਜ਼ ਦੀ ਖੁਸ਼ੀ ਮਨਾਉਣ ਲਈ। ਇਹ ਸਾਲ ਜਿਵੇਂ ਰੱਬ ਕਦੁਰਤੀ ਕਰੋਪੀ ਲੈ ਕੇ ਆਇਆ। ਹੁਣ ਰੱਬ ਮੇਹਰ ਕਰੇ, ਸਭ ਜੀਵ-ਜੰਤੂ ਅਤੇ ਸਾਰੇ ਆਲਮ ਨੂੰ ਤੰਦਰੁਸਤੀ ਦੇ ਨਾਲ-ਨਾਲ ਸਬਰ, ਸਿਦਕ ਅਤੇ ਹੌਸਲਾ ਬਖ਼ਸ਼ੇ, ਤਾਂ ਜੋ ਅਸੀਂ ਮੁੜ ਤੋਂ ਜ਼ਿੰਦਗੀ ਰੂਪੀ ਗੱਡੀ ਲੀਹ ’ਤੇ ਲੈ ਆਈਏ ਅਤੇ ਆਪਣੇ ਪੰਜਾਬੀ ਸੱਭਿਆਚਾਰ ਨਾਲ ਮਿਲੇ ਵਿਹਾਰ, ਤਿਉਹਾਰ ਮਨਾਉਣ ਜੋਗਰੇ ਹੋ ਜਾਈਏ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ





-ਦਿਲਜੀਤ ਸਿੰਘ ਬੇਦੀ
(Punjab Mail USA)

ਸਿੱਖੀ ਸ਼ਰਧਾ, ਸੇਵਾ, ਸਿਮਰਨ, ਮਾਨਸਿਕ ਤ੍ਰਿਪਤੀ ਅਤੇ ਕੁਰਬਾਨੀ ਦੀ ਪ੍ਰੇਰਨਾ ਸਰੋਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਗੁਰਬਾਣੀ ਵਿਚ ਅੰਕਿਤ ਹੈ "ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ॥" ਅੱਜਕੱਲ੍ਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦਾ ਗੁਰਬਾਣੀ ਕੀਰਤਨ ਬੰਦ ਹੋਣ ਕਾਰਨ ਸ਼ਰਧਾਲੂਆਂ ਵਿਚ ਚਿੰਤਾ ਪ੍ਰਗਟ ਹੋ ਰਹੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਿਛਲੇ ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ ਹੋ ਰਿਹਾ ਹੈ। ਪਿਛਲੇ ਦੋ-ਤਿੰਨ ਸਾਲ ਤੋਂ ਰਾਜਸੀ ਦਲਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਡਟਵਾਂ ਵਿਰੋਧ ਕਰਨਾ ਆਪਣਾ ਟੀਚਾ ਮੰਨ ਲਿਆ ਹੈ। ਵਿਰੋਧ ਇਸ ਕਰਕੇ ਕੀਤਾ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਉਪਰ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਕਾਬਜ਼ ਹੈ, ਜਿਸ ਦਾ ਹੁਣ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਹੈ। ਨਿੱਜੀ ਵਿਰੋਧ ਖਾਤਰ ਹਲਕਾ ਵਿਰੋਧ ਕਈ ਵਾਰ ਕੌਮੀ ਤੌਰ 'ਤੇ ਵੱਡਾ ਨੁਕਸਾਨ ਕਰ ਜਾਂਦਾ ਹੈ। ਜਦੋਂ ਸਿਆਸੀ ਪਾਰਟੀਆਂ ਲੋਕਾਂ ਦੇ ਅਹਿਮ ਮਸਲਿਆਂ ਬਾਰੇ ਸੁਹਿਰਦਤਾ ਗੁਆ ਬੈਠਦੀਆਂ ਹਨ ਫਿਰ ਸਿਰਜਣਾਤਮਿਕ ਕਾਰਵਾਈਆਂ ਵੀ ਰਾਹੋਂ ਭਟਕ ਜਾਂਦੀਆਂ ਹਨ। ਵੱਡੀਆਂ ਕੁਰਬਾਨੀਆਂ ਦੀ ਨੀਂਹ 'ਤੇ ਬਣੀ ਸ਼੍ਰੋਮਣੀ ਕਮੇਟੀ ਸਮਾਜਿਕ ਸੰਕਟ ਦਾ ਸ਼ਿਕਾਰ ਹੋ ਗਈ ਹੈ, ਇਸ ਸੰਕਟ ਨੂੰ ਦੂਰ ਕਰਨ ਲਈ ਸੁਹਿਰਦ ਪੁਰਸ਼ਾਂ ਦੇ ਸਿਰਜੋੜ ਜਤਨਾਂ ਦੀ ਲੋੜ ਹੈ।

ਜਿਸ ਪੀ.ਟੀ.ਸੀ. ਚੈਨਲ ਰਾਹੀਂ ਗੁਰਬਾਣੀ ਪ੍ਰਸਾਰਨ ਹੋ ਰਿਹਾ ਹੈ, ਉਸ ਨਾਲ ਸੰਸਾਰ ਭਰ 'ਚ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਸਦੀਆਂ ਹਨ, ਉਹ ਭਾਵਨਾਤਮਕ, ਧਾਰਮਿਕ ਤੌਰ 'ਤੇ ਗੁਰਬਾਣੀ ਦੇ ਇਸ ਪ੍ਰਸਾਰਨ ਵਿਧੀ ਨਾਲ ਜੁੜੀਆਂ ਹੋਈਆਂ ਹਨ। ਲੰਮਾਂ ਸਮਾਂ ਸਿੱਖਾਂ ਨੇ ਸੰਘਰਸ਼ ਕਰਕੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਰੇਡੀਓ ਤੋਂ ਰੀਲੇਅ ਕਰਨ ਲਈ ਸੰਘਰਸ਼ ਲੜਿਆ। ਫਿਰ ਆਖਰਕਾਰ ਲੋਕ ਅੰਮ੍ਰਿਤ ਵੇਲੇ ਤੇ ਰਹਿਰਾਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਧਾ ਰੇਡੀਓ ਤੋਂ ਕੀਰਤਨ ਸਰਵਣ ਕਰਨ ਲਗ ਪਏ। ਦੂਰ-ਦੁਰਾਡੇ ਬੈਠਾ ਹਰ ਸਿੱਖ ਆਪਣੇ ਕੇਂਦਰੀ ਸਥਾਨ ਨਾਲ ਆਪਣੇ ਆਪ ਨੂੰ ਜੁੜਿਆ ਮਹਿਸੂਸ ਕਰਨ ਲੱਗ ਪਿਆ। ਸਮੇਂ ਦੀ ਬਦਲਦੀ ਆਧੁਨਿਕ ਤਕਨੀਕ ਨੇ ਇਸ ਨੂੰ ਟੀ.ਵੀ. ਚੈਨਲ 'ਤੇ ਲੈ ਆਂਦਾ। ਲੱਖਾਂ ਹੀ ਸ਼ਰਧਾਵਾਨ ਸਿੱਖ ਭਾਵ ਹਰ ਸਿੱਖ ਇਸ ਪ੍ਰਸਾਰਨ ਤੋਂ ਪਰਿਵਾਰ ਸਮੇਤ ਆਪਣੀ ਧਾਰਮਿਕ ਭਾਵਨਾਤਮਕ ਤ੍ਰਿਪਤੀ ਪੂਰੀ ਕਰਦੇ ਹਨ। ਅਨੇਕਾਂ ਬਜ਼ੁਰਗ ਕੇਵਲ ਟੀ.ਵੀ. ਤੇ ਪੀ.ਟੀ.ਸੀ. ਚੈਨਲ ਹੀ ਦੇਖਦੇ ਹਨ। ਉਨ੍ਹਾਂ ਦੇ ਬੱਚਿਆਂ ਨੇ ਗੁਰਬਾਣੀ ਪ੍ਰਸਾਰਨ ਦਾ ਸਮਾਂ ਤਹਿ ਕੀਤਾ ਹੋਇਆ ਹੈ। ਬਜ਼ੁਰਗਾਂ ਨੇ ਕੇਵਲ ਸਵਿੱਚ ਆਨ ਆਫ ਕਰਨਾ ਹੈ, ਵੱਖ-ਵੱਖ ਦੇਸ਼ਾਂ ਵਿਚ ਪੀ.ਟੀ.ਸੀ. ਦਾ ਲਾਈਵ ਪ੍ਰਸਾਰਣ ਜਾਂਦਾ ਹੈ। ਜੋ ਯੂਟਿਊਬ ਵਰਗੇ ਚੈਨਲ 'ਤੇ ਨਹੀਂ ਹੋ ਸਕਦਾ।

ਗੁਰਬਾਣੀ ਦਾ ਪ੍ਰਸਾਰਣ ਸੈਟੇਲਾਈਟ ਚੈਨਲ ਪੀ.ਟੀ.ਸੀ. ਤੋਂ ਹੁਣ ਇਕਦਮ ਬੰਦ ਹੋ ਜਾਣ ਦੀ ਖਬਰ ਨਾਲ ਹਰ ਸ਼ਰਧਾਵਾਨ ਸਿੱਖ ਮਾਯੂਸ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਚੈਨਲ ਰਾਹੀਂ ਪ੍ਰਸਾਰਣ ਦੇਣਾ ਪ੍ਰਸ਼ੰਸਾਜਨਕ ਹੈ ਪਰ ਜੋ ਯੂਟਿਊਬ ਤੋਂ ਪ੍ਰਸਾਰਨ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਬਾਰੇ ਅਖ਼ਬਾਰੀ ਬਿਆਨ ਆ ਰਹੇ ਹਨ, ਉਹ ਸੰਗਤਾਂ ਦੀ ਸੰਤੁਸ਼ਟੀ ਦਾ ਸਬੱਬ ਕਦਾਚਿੱਤ ਨਹੀਂ ਬਣ ਸਕਦੇ, ਚਾਹੀਦਾ ਤਾਂ ਇਹ ਹੈ ਕਿ ਜਿੰਨਾ ਚਿਰ ਸੈਟੇਲਾਈਟ ਚੈਨਲ ਦੇ ਬਦਲਵੇਂ ਪ੍ਰਬੰਧ ਸ਼੍ਰੋਮਣੀ ਕਮੇਟੀ ਨਹੀਂ ਕਰ ਲੈਂਦੀ, ਓਨਾ ਚਿਰ ਇਹ ਪ੍ਰਸਾਰਣ ਏਵੇਂ ਹੀ ਨਿਰੰਤਰ ਚੱਲਦਾ ਰਹਿਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਲਾਉਣ ਬਾਰੇ ਆਦੇਸ਼ ਹੁੰਦੇ ਰਹੇ ਹਨ, ਹੁਣ ਵੀ ਹੋਇਆ, ਸ਼੍ਰੋਮਣੀ ਕਮੇਟੀ ਵੱਲੋਂ ਲਿਆ ਗਿਆ ਫੈਸਲਾ ਚੰਗਾ ਹੈ ਪਰ ਸ਼੍ਰੋਮਣੀ ਕਮੇਟੀ ਆਪਣਾ ਸੈਟੇਲਾਈਟ ਚੈਨਲ ਤਿਆਰ ਕਰਨ ਲਈ ਲੰਮੇਂ ਸਮੇਂ ਤੋਂ ਪਾਸਾ ਕਿਉਂ ਵੱਟਦੀ ਆ ਰਹੀ ਹੈ? ਅਨੇਕਾਂ ਵਾਰ ਜਨਰਲ ਹਾਊਸ ਅਤੇ ਅੰਤ੍ਰਿੰਗ ਕਮੇਟੀ ਵਿਚ ਮਤੇ ਪਾਸ ਹੋਏ, ਸਬ ਕਮੇਟੀਆਂ ਬਣੀਆਂ ਪਰ ਸਿੱਟਾ ਅੱਜ ਤੱਕ ਜ਼ੀਰੋ ਹੀ ਕਿਉਂ ਰਿਹਾ ਹੈ। ਇਸ ਦੇ ਪਿੱਛੇ ਕਿਹੜੇ ਕਾਰਨ, ਕਿਹੜੀ ਭਾਵਨਾ ਕੰਮ ਕਰਦੀ ਹੈ, ਇਹ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਜਾਂ ਅੰਤ੍ਰਿੰਗ ਕਮੇਟੀ ਦੇ ਮੈਂਬਰ ਹੀ ਦਸ ਸਕਦੇ ਹਨ। ਪੀ.ਟੀ.ਸੀ. ਚੈਨਲ ਗੁਰਬਾਣੀ ਪ੍ਰਸਾਰਣ ਕਰਨ ਦਾ ਸ਼੍ਰੋਮਣੀ ਕਮੇਟੀ ਨੂੰ ਸਾਲਾਨਾ ਵਿਦਿਆ ਫੰਡ ਲਈ ਦੋ ਕਰੋੜ ਰੁਪਏ ਹੱਥੋਂ ਦੇਂਦਾ ਹੈ, ਜਦਕਿ ਹੁਣ ਯੂ ਟਿਊਬ ਤੇ ਹੋਰ ਚੈਨਲ ਸ਼੍ਰੋਮਣੀ ਕਮੇਟੀ ਤੋਂ ਵੱਡੀ ਰਕਮ ਲੈਣ ਦੀ ਮੰਗ ਕਰਦੇ ਹਨ। ਚੈਨਲ ਦੇ ਮਾਲਕ ਚੰਗੇ ਮਾੜੇ ਹੋ ਸਕਦੇ ਹਨ ਪਰ ਕਾਰਜ ਤਾਂ ਵਿਵੇਕਸ਼ੀਲ ਹੈ। ਇਸ ਦਾ ਵਿਰੋਧ ਕੇਵਲ ਪਰਿਵਾਰ ਕਰਕੇ ਹੀ ਕਰੀ ਜਾਣਾ ਵਿਅਰਥ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰਬਾਣੀ ਪ੍ਰਸਾਰਣ ਲਈ ਪਹਿਲਾਂ ਈ.ਟੀ.ਸੀ. ਨਾਲ ਸਮਝੌਤਾ ਕੀਤਾ, ਫਿਰ ਪੀ.ਟੀ.ਸੀ ਨਾਲ। ਇਸ ਚੈਨਲ ਵਿਚ ਬਾਦਲ ਪਰਿਵਾਰ ਜੁੜ ਗਿਆ। ਇਸ ਸਮਝੌਤੇ ਵਿਚ ਕੋਈ ਐਸੀ ਅਵਸਥਾ ਨਹੀਂ ਸੀ ਕਿ ਕੋਈ ਹੋਰ ਵੈੱਬ ਚੈਨਲ ਜਾਂ ਕੋਈ ਚੈਨਲ ਹਿੱਸਾ ਲੈ ਸਕਦਾ, ਸਾਰੇ ਅਧਿਕਾਰ ਕੇਵਲ ਪੀ.ਟੀ.ਸੀ. ਕੋਲ ਸੀ। ਇਹ ਸਮਝੌਤਾ ਸਿੱਧਾ ਦਸ ਸਾਲ ਦਾ ਹੋਇਆ। ਫਿਰ ਇਹ ਸਮਝੌਤਾ ਦੂਜੀ ਵਾਰ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵਧਾ ਦਿੱਤਾ। ਲੋਕ ਸਮਝਦੇ ਹਨ ਕਿ ਸਮਝੌਤੇ ਬਾਦਲ ਪਰਿਵਾਰ ਦੇ ਕਹਿਣ ਮੁਤਾਬਕ ਹੀ ਹੁੰਦੇ ਰਹੇ ਹਨ। ਸਮਝੌਤਿਆਂ ਦੀ ਡਰਾਫਟਿੰਗ ਵੀ ਚੰਡੀਗੜ੍ਹ, ਦਿੱਲੀ ਤੋਂ ਹੀ ਹੁੰਦੀ ਰਹੀ ਹੈ। ਹਰਿਆਣੇ ਨਾਲ ਸਬੰਧਤ ਇਕ ਸ਼੍ਰੋਮਣੀ ਕਮੇਟੀ ਮੈਂਬਰ ਇਸ ਲਈ ਮੂਹਰਲੀ ਭੂਮਿਕਾ ਨਿਭਾਉਂਦਾ ਰਿਹਾ। ਹੁਣ ਸ਼੍ਰੋਮਣੀ ਕਮੇਟੀ ਨੇ ਆਪਣਾ ਚੈਨਲ ਲਾਂਚ ਕਰਨ ਦਾ ਜੋ ਫੈਸਲਾ ਲਿਆ, ਉਸ ਦਾ ਨਾਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਰੱਖਿਆ ਗਿਆ, ਕੁੱਝ ਲੋਕਾਂ ਦੇ ਦਬਾਅ ਅੱਗੇ ਚੈਨਲ ਦਾ ਨਾਮ ਸੱਚਖੰਡ ਸ੍ਰੀ ਦਰਬਾਰ ਸਾਹਿਬ ਕਰ ਦਿੱਤਾ ਗਿਆ ਹੈ। ਥੋੜੇ ਵਿਰੋਧ 'ਤੇ ਹੀ ਪ੍ਰਧਾਨ ਸਾਹਿਬ ਸਮੇਤ ਜਨਰਲ ਸਕੱਤਰ ਅੱਗੇ ਲੱਗ ਤੁਰੇ। ਕੋਈ ਦਲੀਲ ਨਾਲ ਸਮਝਾਉਣ ਜਾਂ ਫੈਸਲੇ 'ਤੇ ਪਹਿਰਾ ਦੇਣ ਦੀ ਜ਼ੁਅੱਰਤ ਹੀ ਗੁਆ ਬੈਠੇ। ਵਿਦਵਾਨਾਂ ਤੇ ਗੁਰਸਿੱਖਾਂ ਨਾਲ ਵਿਚਾਰ-ਵਟਾਂਦਰੇ ਉਪਰੰਤ ਅੰਤ੍ਰਿੰਗ ਕਮੇਟੀ ਦੇ ਮਤਾ ਨੰ. 639 ਮਿਤੀ 09-02-2005 ਨੂੰ ਸ੍ਰੀ ਦਰਬਾਰ ਸਾਹਿਬ ਦਾ ਨਾਮ ਬਦਲ ਕੇ ਸ੍ਰੀ ਹਰਿਮੰਦਰ ਸਾਹਿਬ ਰੱਖਿਆ ਸੀ। ਫਿਰ ਜਨਰਲ ਹਾਊਸ ਦੇ ਮਤਾ ਨੰ. 278 ਰਾਹੀਂ ਇਸ ਦੀ ਪੁਸ਼ਟੀ ਹੋਈ ਹੈ। ਵਿਰੋਧੀ ਰਾਜਸੀ ਦਲਾਂ ਤੇ ਵਿਅਕਤੀਆਂ ਨੇ ਵਿਰੋਧ ਕਰਨਾ ਹੈ, ਜਿਸ ਦਾ ਵਿਰੋਧ ਨਹੀਂ, ਉਸ ਤੋਂ ਚੰਗੇਰੇ ਕਾਰਜ ਦੀ ਆਸ ਘੱਟ ਜਾਂਦੀ ਹੈ। ਪਰ ਸ਼੍ਰੋਮਣੀ ਕਮੇਟੀ ਆਪਣੇ ਜਨਰਲ ਹਾਊਸ ਤੇ ਅੰਤ੍ਰਿੰਗ ਕਮੇਟੀ ਦੇ ਫੈਸਲਿਆਂ ਨੂੰ ਆਪ ਹੀ ਰੱਦ ਕਰੀ ਜਾ ਰਹੀ ਹੈ। ਪਹਿਲਾਂ ਨਾਨਕਸ਼ਾਹੀ ਕੈਲੰਡਰ ਨੂੰ ਲੱਖਾਂ ਰੁਪਏ ਲਾ ਕੇ ਤਿਆਰ ਕੀਤਾ, ਕੁੱਝ ਸਮਾਂ ਉਹ ਲਾਗੂ ਵੀ ਰਿਹਾ, ਫਿਰ ਉਸ ਦਾ ਉਹ ਹਾਲ ਕੀਤਾ, ਨਾ ਹੁਣ ਉਹ ਨਾਨਕਸ਼ਾਹੀ ਤੇ ਨਾ ਬਿਕਰਮੀ ਰਹਿ ਗਿਆ। ਪੁਸਤਕਾਂ ਦੀ ਛਪਾਈ ਅਤੇ ਧਾਰਮਿਕ ਫਿਲਮਾਂ ਬਾਰੇ ਵੀ ਰੌਲਾ ਪੈਂਦਾ ਰਿਹਾ ਹੈ, ਫਿਰ ਗੁਰੂ ਮਹਾਰਾਜ ਦੇ ਸਰੂਧਾਂ ਬਾਰੇ ਲੰਮੇ ਸਮੇਂ ਤੋਂ ਚਰਚਾ ਰਹੀ, ਹੁਣ ਲੰਗਰ ਦੀਆਂ ਸੁੱਕੀਆਂ ਰੋਟੀਆਂ ਤੇ ਜੂਠ ਵੇਚਣ ਬਾਰੇ ਚਰਚਾ ਹੈ। ਸ਼੍ਰੋਮਣੀ ਕਮੇਟੀ ਆਪਣੇ ਫੈਸਲਿਆਂ 'ਚ ਆਪ ਹੀ ਘਿਰਦੀ ਰਹੀ ਹੈ। ਇਸ ਤਰ੍ਹਾਂ ਚੰਗੇ ਕੀਤੇ ਕਾਰਜ ਵੀ ਰੁਲ ਜਾਂਦੇ ਹਨ। ਗੁਰਦੁਆਰਾ ਪ੍ਰਬੰਧ ਸਕੰਲਪ ਨੇ ਧਰਮ ਤੇ ਰਾਜਸੀ ਦਬਾਅ ਵਿਚੋਂ ਕਈ ਸੰਕਟਾਂ ਤੇ ਲਹਿਰਾਂ ਨੂੰ ਜਨਮ ਦਿੱਤਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਤੇ ਮੁਲਾਜ਼ਮ ਵਰਗ ਨਾਲ ਬੇਇਨਸਾਫੀ ਤੇ ਧੱਕੇਸ਼ਾਹੀ ਨੇ ਇਕ ਸਦੀ ਦੇ ਇਤਿਹਾਸ ਨੂੰ ਤੋੜਿਆ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸਾਡੇ ਨੇਤਾਵਾਂ ਦੀ ਜ਼ਿੱਦ ਤੇ ਮੂਰਖ ਮੱਤ ਦਾ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਪਾਠੀਆਂ ਤੇ ਫਿਰ ਰਾਗੀਆਂ ਦੀਆਂ ਜਥੇਬੰਦੀਆਂ ਬਣੀਆਂ ਤੇ ਅੱਜ ਸਮੁੱਚੇ ਮੁਲਾਜ਼ਮਾਂ ਦੀ ਜਥੇਬੰਦੀ ਸਾਹਮਣੇ ਆ ਗਈ ਹੈ। ਹੁਣ ਗੁਰਦੁਆਰਿਆਂ ਵਿਚ ਵੀ ਹੜਤਾਲਾਂ, ਧਰਨੇ ਲੱਗਣਗੇ, ਮਰਿਯਾਦਾ ਦਾ ਰੌਲਾ ਪਾਉਣ ਵਾਲਿਆਂ ਲਈ ਹੁਣ ਹਰ ਪਲ ਇਕ ਨਵਾਂ ਸਵਾਲ ਸਾਹਮਣੇ ਖੜ੍ਹੇ ਰਹੇਗਾ, ਜਿਸ ਨਾਲ ਨਜਿੱਠਣਾ ਅਤੇ ਬਿਨ੍ਹਾਂ ਆਧਾਰ ਰੌਲੇ-ਰੱਪੇ ਦਾ ਸਬੱਬ ਵੱਧ ਜਾਵੇਗਾ। ਮੁਲਾਜ਼ਮ ਵਰਗ ਨੂੰ ਵੀ ਧਹੱਮਲ ਤੇ ਸਹਿਜ ਤੋਂ ਕੰਮ ਲੈਂਦਿਆਂ ਆਪਣੇ ਜ਼ਿੰਮੇ ਲੱਗੇ ਕੰਮਕਾਰ ਦੀ ਗ੍ਰਹਿਮਾ ਨੂੰ ਸਮਝਣ ਦੀ ਲੋੜ ਹੈ। ਮੈਂ ਏਥੇ ਉਸ ਨਾਉਂ ਦੀ ਚਰਚਾ ਵੀ ਪਾਠਕਾਂ ਨਾਲ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਦੀ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਦੇ ਹਵਾਲੇ ਨਾਲ ਸਾਂਝੀ ਕਰ ਰਿਹਾ ਹਾਂ। ਕਿਉਂਕਿ ਸਮੇਂ-ਸਮੇਂ ਸਿੱਖੀ ਸਿਧਾਂਤ, ਤੇ ਇਤਿਹਾਸ ਨੂੰ ਸੱਟ ਮਾਰਨ ਵਾਲੇ ਕੁੱਝ ਲੋਕ ਅਖ਼ਬਾਰੀ ਚਰਚਾ ਛੇੜੀ ਰੱਖਦੇ ਹਨ।

"ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਦੇ ਚਾਰ-ਚੁਫੇਰੇ ਅੰਮ੍ਰਿਤ-ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ-ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ-ਚੰਨ੍ਹ ਲਾਉਂਦਾ ਹੈ। ਇਹ ਸਿੱਖ ਸਤਿਗੁਰਾਂ ਦੀ ਅਮਰ ਯਾਦਗਾਰ ਹੈ। ਇਹ ਜਗਤ ਨੂੰ ਸਤਿਗੁਰਾਂ ਦੀ ਮਹਾਨ ਅਦੁੱਤੀ ਤੇ ਅਮੋਲਕ ਦੇਣ ਹੈ। ਸਿੱਖ ਰਹੁ-ਰੀਤੀ ਦਾ ਕੇਂਦਰੀ ਧੁਰਾ ਹੈ। ਸਿੱਖੀ ਦਾ ਮਾਣ ਤੇ ਖਾਲਸਾ ਪੰਥ ਦੀ ਆਨ-ਸ਼ਾਨ ਤੇ ਪ੍ਰਾਣ ਹੈ। ਇਹ ਸ੍ਰੀ ਹਰਿਮੰਦਰ, ਆਤਮਿਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੀ ਵਗਦੀ ਅਖੰਡ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ ਮੀਨਾਰ ਹੈ। ਇਹ ਤਾਂ 'ਹਰਿ ਜਪੇ ਹਰਿ ਮੰਦਰੁ ਸਾਜਿਆ' ਹੈ। ਇਹ ਗੁਰ-ਅਸਥਾਨ ਰੱਬੀ ਪਿਆਰ, ਏਕਤਾ, ਸਮਾਨਤਾ, ਇਕ-ਸੁਰਤਾ ਅਤੇ ਮਨੁੱਖ ਮਾਤਰ ਦੇ ਪ੍ਰਸਪਰ ਪਿਆਰ ਦਾ ਕੇਵਲ ਪ੍ਰਤੀਕ ਹੀ ਨਹੀਂ, ਸਗੋਂ ਜਿਉਂਦਾ-ਜਾਗਦਾ ਮੂੰਹ ਬੋਲਦਾ ਸੁੰਦਰ ਅਨੂਠਾ ਅਜੂਬਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਇਨਸਾਨੀ ਭਾਈਚਾਰੇ ਅਤੇ ਮਨੁੱਖੀ ਏਕਤਾ ਨੂੰ ਸਵੈਮਾਨ ਨਾਲ ਜੀਵਨ ਜਿਉਣ ਦੀ ਪ੍ਰੇਰਨਾ ਅਤੇ ਜਬਰ ਵਿਰੁੱਧ ਜੂਝਣ ਦੇ ਜਜ਼ਬੇ ਦਾ ਸੋਮਾ ਵੀ ਹੈ। ਇਸ ਹਰਿਮੰਦਰ ਦੀ ਪਾਵਨ ਹੋਂਦ ਨੂੰ ਕਾਇਮ ਰੱਖਣ ਲਈ ਅਣਗਿਣਤ ਗੁਰੂ ਪਿਆਰਿਆਂ ਨੇ ਆਪਣੇ ਲਹੂ ਤੇ ਮਿੱਝ ਦਾ ਸੀਮਿੰਟ ਤੇ ਸਿਰਾਂ ਦੀਆਂ ਇੱਟਾਂ ਲਾਈਆਂ ਹਨ। ਇਥੇ ਅੱਠੇ ਪਹਿਰ ਗੁਰਬਾਣੀ ਦੇ ਪਾਠ ਤੇ ਕੀਰਤਨ ਦੀਆਂ ਅਗੰਮੀ ਧੁਨਾਂ ਇਸ ਦੇ ਚੁਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸੁਗੰਧਤ ਕਰ ਰਹੀਆਂ ਹਨ, ਜਿਸ ਕਰਕੇ ਹਰ ਯਾਤਰੂ ਭਾਵੇਂ ਉਹ ਕਿਸੇ ਦੇਸ਼, ਨਸਲ, ਮਜ਼੍ਹਬ, ਜਾਤੀ ਤੇ ਸੰਪਰਦਾ ਨਾਲ ਸਬੰਧਤ ਹੋਵੇ, ਆਪਣੇ ਆਪ ਨੂੰ ਅਗੰਮੀ ਰਸ ਵਿਚ ਮਗਨ ਹੋਇਆ ਅਨੁਭਵ ਕਰਦਾ ਹੈ। ਇਹੋ ਕਾਰਨ ਹੈ ਕਿ ਦੇਸ਼-ਵਿਦੇਸ਼ ਵਿਚ ਵਸਦਾ ਹਰ ਗੁਰਸਿੱਖ ਦੋਨੋਂ ਵੇਲੇ ਦੀ ਅਰਦਾਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਦੀ ਆਪਣੀ ਮੰਗ ਨੂੰ ਹਰ ਰੋਜ਼ ਦੁਹਰਾਉਂਦਾ ਹੈ। ਜਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚੋਂ ਖੋਜ ਕਰਦੇ ਹਾਂ, ਤਾਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਦੇ ਨੌਵੇਂ ਸ਼ਬਦ ਵਿਚ ਲਿਖਦੇ ਹਨ : ਪ੍ਰਭ ਹਰਿਮੰਦਰ ਸੋਹਣਾ ਤਿਸੁ ਮਹਿ ਮਾਣਕ ਲਾਲ॥ (ਅੰਗ : 17) ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ 15 ਵਾਰ ਹਰਿਮੰਦਰ ਪਦ ਦੀ ਵਰਤੋਂ ਕੀਤੀ ਹੈ। ਪ੍ਰਭਾਤੀ ਰਾਗ ਅੰਦਰ ਰਾਮਕਲੀ ਦੀ ਵਾਰ ਵਿਚ ਰਾਮਕਲੀ ਦੀ ਵਾਰ ਵਿਚ ਇਕੋ ਸ਼ਬਦ ਵਿਚ 12 ਵਾਰ 'ਹਰਿਮੰਦਰ' ਸ਼ਬਦ ਦੀ ਵਰਤੋਂ ਹੋਈ ਹੈ। "ਹਰਿ ਮੰਦਰੁ ਹਰਿ ਜੀਉ ਸਾਜਿਆ, "ਹਰਿ ਮੰਦਰੁ ਹਰਿ ਕਾ ਹਾਟੁ ਹੈ, "ਹਰਿ ਮੰਦਰ ਮਹਿ ਹਰਿ ਵਸੈ, ਹਰਿ ਮੰਦਰੁ ਸੋਈ ਆਖੀਐ, ਸ੍ਰੀ ਗੁਰੂ ਰਾਮਦਾਸ ਜੀ ਨੇ ਦੋ ਵਾਰ ਹਰਿਮੰਦਰ ਪਦ ਆਪਣੀ ਬਾਣੀ ਵਿਖੇ ਵਰਤਿਆ ਹੈ "ਹਰਿ ਮੰਦਰੁ ਹਰਿ ਸਾਜਿਆ, ਹਰਿ ਵਸੈ ਜਿਸੁ ਨਾਲਿ॥" (ਅੰਗ : ੧੪੧੮)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਹਰਿਮੰਦਰ ਪਦ ਤਿੰਨ ਵਾਰ ਆਇਆ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸੀ। ਜਿਸ ਨੂੰ ਰਚਣ ਹਿੱਤ ਇਹ ਸੰਕਲਪ ਸ੍ਰੀ ਗੁਰੂ ਅੰਗਦ ਦੇਵ ਜੀ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਤੱਕ ਅਪੜਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ਼ਹਿਰ, ਸਰੋਵਰ ਤੇ ਹਰਿਮੰਦਰ ਸਾਹਿਬ ਦੇ ਰਚਣ ਦਾ ਹੁਕਮ ਕੀਤਾ, ਪਰ ਸਮਾਂ ਸੀਮਤ ਹੋਣ ਦੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਹਿਰ ਦੀ ਉਸਾਰੀ ਤੇ ਦੋਹਾਂ ਸਰੋਵਰਾਂ ਦੀ ਖੁਦਾਈ ਤਾਂ ਕਰਵਾਈ ਪਰ ਸ੍ਰੀ

## ਇਹ ਦਿਨ ਨ੍ਹੀ ਮੁੜ ਕੇ ਆਉਣੇ



ਫੋਟੋ : ਸੁਰਜੀਤ ਜੱਸਲ

# ... ਆਖਿਰ ਔਰਤਾਂ ਕਦੋਂ ਤੱਕ ਹੋਣਗੀਆਂ ਸੁਰੱਖਿਅਤ

ਸੰਜੀਵ ਸਿੰਘ ਸੈਣੀ
ਮੁਹਾਲੀ
78889-66168
(Punjab Mail USA)





ਹਾਲ ਹੀ ਵਿਚ ਮਨੀਪੁਰ ਵਿਚ ਵਾਪਰੀ ਘਟਨਾ ਨੇ ਪੂਰੀ ਕਾਇਨਾਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੋ ਔਰਤਾਂ ਨੂੰ ਨਗਨ ਕਰਕੇ, ਬਲਾਤਕਾਰ ਕਰਕੇ ਘੁਮਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਤਕਰੀਬਨ ਦੋ ਮਹੀਨੇ ਬਾਅਦ ਇਹ ਵੀਡੀਓ ਵਾਇਰਲ ਹੋਈ। ਇੱਕ ਦੋਸ਼ੀ ਆਦਿਵਾਸੀ ਔਰਤ ਨੂੰ ਘੜੀਸਦਾ ਹੋਇਆ ਦਿਖਾਈ ਦਿੱਤਾ। ਇੱਕ ਮਹਿਲਾ ਸਾਬਕਾ ਫੌਜੀ ਦੀ ਪਤਨੀ ਹੈ। ਹਜੂਮ ਨੇ ਪਿੰਡ 'ਤੇ ਹੱਲਾ ਬੋਲਦਿਆਂ ਘਰਾਂ ਵਿਚ ਲੁੱਟ-ਖੋਹ ਕੀਤੀ, ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਧਾਰਮਿਕ ਸਥਾਨਾਂ ਨੂੰ ਵੀ ਸਾੜਿਆ ਗਿਆ ਹੈ। ਸੂਬੇ ਵਿਚ ਡਰ ਦਾ ਮਾਹੌਲ ਹੈ। ਚਾਹੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨਾਗਾ ਗੁੱਟਾਂ ਨੇ ਔਰਤਾਂ ਲਈ ਫੌਰੀ ਇਨਸਾਫ਼ ਮੰਗਿਆ ਹੈ। ਸੰਸਦ ਵਿਚ ਬਹੁਤ ਜ਼ਿਆਦਾ ਹੰਗਾਮਾ ਹੋਇਆ ਹੈ। ਫਾਸਟ ਟ੍ਰੈਕ ਕੋਰਟ ਵਿਚ ਜਲਦੀ ਸੁਣਵਾਈ ਕਰਕੇ ਅਜਿਹੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਅਜਿਹੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਔਰਤਾਂ 'ਤੇ ਲਗਾਤਾਰ ਅਤਿਆਚਾਰ ਵੱਧ ਰਹੇ ਹਨ।

ਦੋ ਕੁ ਮਹੀਨੇ ਪਹਿਲਾਂ ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ 'ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ 'ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ 'ਤੇ ਪਾਬੰਦੀ ਦੇ ਬਾਵਜੂਦ ਇਨ੍ਹਾਂ ਦੋਸ਼ੀਆਂ ਨੇ ਇਹ ਕਿਥੋਂ ਲਿਆ? 17 ਸਾਲਾਂ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ 'ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ, ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ 'ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ। ਮਾਂ-ਬਾਪ 'ਤੇ ਕੀ ਬੀਤੀ ਹੋਵੇਗੀ।

ਕੁੱਝ ਹੀ ਮਹੀਨੇ ਪਹਿਲਾਂ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੋਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ 'ਚੋਂ ਮਿਲੀ। ਰਿਜ਼ੋਰਟ ਵਿਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੋਰਟ ਮਾਲਕ ਦੇ ਨਾਲ-ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲਿਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ, ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸਰੀਰ 'ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜ਼ਿਲ੍ਹੇ ਵਿਚ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਹੈ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਵਾਰ-ਵਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸ਼ੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜ਼ਖਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਵਿਚ ਹਨ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸ਼ੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ, ਮੁਜਹਾਰੇ ਲਗਾਏ ਜਾ ਰਹੇ ਹਨ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਹੀ ਦੇਸ਼ ਵਿਚ ਔਰਤਾਂ ਨਾਲ ਜਬਰ-ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।

7 ਸਾਲ, 3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ-ਪਿਤਾ ਨੂੰ ਇਨਸਾਫ਼ ਮਿਲਿਆ ਸੀ। ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ੍ਹ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸ਼ੀ ਮਨਾਈ। ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ, ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ, ਉਸ ਦੀ ਬਾਰ ਕੌਂਸਲ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ। ਅਜਿਹੇ ਬਲਾਤਕਾਰ, ਗੈਂਗਰੇਪ, ਤੇਜ਼ਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ-ਅੰਦਰ ਹੋ ਜਾਣੀ ਚਾਹੀਦੀ ਹੈ। ਫਾਸਟ ਟਰੈਕ ਅਦਾਲਤਾਂ ਵਿਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ। ਤੇਲੰਗਾਨਾ ਵਿਚ ਵੀ ਵੈਟਨਰੀ ਡਾਕਟਰ ਨੂੰ ਵੀ ਜ਼ਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸ਼ਨਰ ਨੇ ਐਨਕਾਊਂਟਰ ਵਿਚ ਦੋਸ਼ੀ ਮਾਰ ਦਿੱਤੇ। ਪੁਲਿਸ ਕਮਿਸ਼ਨਰ ਦਾ ਸ਼ਲਾਘਾ ਕਦਮ ਸੀ।

ਮਾਂ-ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਬਾਰੇ ਜਾਣੂੰ ਕਰਵਾਉਣ। ਮਾਂ-ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜਕੱਲ੍ਹ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕੱਲ੍ਹ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾਂ-ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ। ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿਚ ਇੱਕ ਗਰਭਵਤੀ ਔਰਤ ਨਾਲ ਜਬਰ-ਜਨਾਹ ਕਰਨ ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਤੇ ਉਥੋਂ ਦੀ ਸਰਕਾਰ ਨੇ ਇਸ ਸਾਲ ਆਜ਼ਾਦੀ ਦਿਵਸ 'ਤੇ ਅਜਿਹੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ, ਜੋ ਕਿ ਮੰਦਭਾਗੀ ਘਟਨਾ ਹੈ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਨ੍ਹਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਹੈ। ਇਹ ਬਿਲਕੁਲ ਗ਼ਲਤ ਹੈ। ਝਾਰਖੰਡ ਸਰਕਾਰ ਨੂੰ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਅਤੇ ਸੁਰੱਖਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ 'ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ 'ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ, ਤਾਂ ਸਿਖਰਲੀ ਪੁਜੀਸ਼ਨਾਂ 'ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ। ਕੁੜੀਆਂ ਮਾਂ-ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸ਼ੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ, ਤਾਂ ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ, ਜਲਦੀ ਤੋਂ ਜਲਦੀ ਫਾਸਟ ਟਰੈਕ ਵਿਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ। ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਪਰਿਵਾਰ ਆਪਣੇ ਪੁੱਤਰਾਂ ਨੂੰ ਔਰਤਾਂ ਦਾ ਮਾਣ-ਸਤਿਕਾਰ ਕਰਨ ਦੀ ਸਿੱਖਿਆ ਜ਼ਰੂਰ ਦੇਣ।

# ਨੀ ਮੈਂ ਸੱਸ ਕੁੱਟਣੀ, ਕੁੱਟਣੀ ਸੰਦੂਖਾਂ ਓਹਲੇ

ਪ੍ਰੋਫੈਸਰ ਬਸੰਤ ਸਿੰਘ ਬਰਾੜ
305 ਮਾਡਲ ਟਾਊਨ, ਬਠਿੰਡਾ
ਫੋਨ: 098149-41214
(Punjab Mail USA)





ਭਾਰਤ ਵਿਚ ਸਾਰੇ ਟੀ.ਵੀ. ਚੈਨਲਾਂ 'ਤੇ ਜਿਹੜੇ 'ਸਾਸ-ਬਹੂ' ਦੇ ਸੀਰੀਅਲ ਆਉਂਦੇ ਹਨ, ਉਨ੍ਹਾਂ ਨੂੰ ਵੇਖਣ ਲੱਗਿਆਂ ਔਰਤਾਂ ਇਸ ਤਰ੍ਹਾਂ ਕੀਲੀਆਂ ਜਾਂਦੀਆਂ ਹਨ, ਜਿਵੇਂ ਬੀਨ ਅੱਗੇ ਕਾਲਾ ਨਾਗ ਕੀਲਿਆ ਜਾਂਦਾ ਹੈ। ਇਸ ਸਰਵਵਿਆਪੀ ਜਾਦੂ ਦਾ ਕੋਈ ਤਾਂ ਕਾਰਣ ਹੋਵੇਗਾ। ਮੈਂ ਕਾਫ਼ੀ ਦੇਰ ਤੋਂ ਇਸ ਰਹੱਸ ਨੂੰ ਸਮਝਣ ਬਾਰੇ ਸੋਚ ਰਿਹਾ ਸਾਂ ਕਿਉਂਕਿ ਇਹ ਸਾਲਾਂ-ਬੱਧੀ ਚੱਲਣ ਵਾਲੇ ਪ੍ਰੋਗਰਾਮ ਹਰ ਤਿਉਹਾਰ ਅਨੁਸਾਰ ਢਾਲ਼ ਲਏ ਜਾਂਦੇ ਹਨ। ਇਕ ਦਿਨ ਮੇਰੇ ਕੰਨਾਂ 'ਚ ਇਕ ਪ੍ਰੋਗਰਾਮ ਵਿਚ ਤੀਆਂ ਦੀਆਂ ਤਿਆਰੀਆਂ ਦੀ ਆਵਾਜ਼ ਪਈ। ਮੈਂ ਵੀ ਜਾ ਕੇ ਬੈਠ ਗਿਆ। ਔਖੇ-ਸੌਖੇ ਕੁਝ ਦਿਨ ਇਹ ਸੀਰੀਅਲ ਵੇਖਿਆ, ਤਾਂ ਪਤਾ ਲੱਗਿਆ ਕਿ ਖ਼ੂਬ ਸਜਾ ਕੇ ਅਤੇ ਦਿਲਚਸਪੀ ਪੈਦਾ ਕਰਨ ਵਾਲੀਆਂ ਗੱਲਾਂ ਜੋੜ ਕੇ ਇਨ੍ਹਾਂ ਵਿਚ ਭਾਰਤੀ ਸਮਾਜ ਦੀ ਝਲਕ ਮਿਲਦੀ ਹੈ। ਆਮ ਵਿਸ਼ਾ ਸੱਸ ਅਤੇ ਨੂੰਹ ਦਾ ਇਕ ਦੂਜੇ 'ਤੇ ਹਾਵੀ ਹੋਣ ਦਾ ਹੀ ਹੁੰਦਾ ਹੈ। ਕਈ ਆਦਮੀ ਤਾਂ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਕਰਵਾ ਚੌਥ ਦਾ ਵਰਤ ਵੀ ਪਤਨੀ ਦਾ ਆਪਣੇ ਪਤੀ 'ਤੇ ਪ੍ਰਭਾਵ ਪਾ ਕੇ ਕਬਜ਼ਾ ਕਰਨ ਦਾ ਹੀ ਤਰੀਕਾ ਹੈ। ਪਰ ਸੱਸਾਂ ਵੀ ਕੁਝ ਦਿਨ ਬਾਅਦ ਆਪਣੀ ਸੰਤਾਨ ਦੀ ਲੰਬੀ ਉਮਰ ਲਈ 'ਝੱਕਰੀਆਂ' ਦਾ ਵਰਤ ਰੱਖ ਕੇ ਹਿਸਾਬ ਬਰਾਬਰ ਕਰ ਦਿੰਦੀਆਂ ਹਨ।

ਭਾਰਤੀ ਸਮਾਜ ਵਿਚ ਹਰ ਔਰਤ ਦੇ ਜੀਵਨ ਵਿਚ ਦੋ ਪ੍ਰਮੁੱਖ ਸਟੇਜਾਂ ਆਉਂਦੀਆਂ ਹਨ, ਨੂੰਹ ਦੀ ਅਤੇ ਫ਼ਿਰ ਸੱਸ ਦੀ। ਭਾਵੇਂ ਇਸ ਰਿਸ਼ਤੇ ਵਿਚ ਬਹੁਤ ਵਾਰ ਮਿਠਾਸ ਵੀ ਮਿਲ ਜਾਂਦੀ ਹੈ, ਪਰ ਆਮ ਤੌਰ 'ਤੇ ਇਹ ਮੈਦਾਨੇ-ਜੰਗ ਹੀ ਹੁੰਦਾ ਹੈ। ਇਕ ਮਿਆਨ ਵਿਚ ਦੋ ਤਲਵਾਰਾਂ। ਪਹਿਲਾਂ ਪੰਜਾਬ ਵਿਚ ਇਹ ਰਿਵਾਜ਼ ਸੀ ਕਿ ਨਵ-ਵਿਆਹੀਆਂ ਕੁੜੀਆਂ ਪਹਿਲੇ ਸਾਉਣ ਦਾ ਮਹੀਨਾ ਪੇਕੇ ਬਿਤਾਉਂਦੀਆਂ ਸਨ। ਐਨੇ ਸੁਹਾਵਣੇ ਮਹੀਨੇ ਵਿਚ ਪਤੀ-ਪਤਨੀ ਨੂੰ ਦੂਰ ਰੱਖਣ ਦਾ ਕਾਰਣ ਮੇਰੀ ਨਿਗੂਣੀ ਸਮਝ ਤੋਂ ਬਿਲਕੁਲ ਬਾਹਰ ਹੈ। ਚਲੋ, ਇਕ ਵੱਡਾ ਫਾਇਦਾ ਇਹ ਹੁੰਦਾ ਸੀ ਕਿ ਪਿੰਡ ਦੀਆਂ ਸਾਰੀਆਂ ਪਿਛਲੇ ਸਾਲ ਵਿਚ ਵਿਆਹੀਆਂ ਕੁੜੀਆਂ ਇਕੱਠੀਆਂ ਹੋ ਕੇ ਤੀਆਂ ਲਾਉਂਦੀਆਂ ਸਨ। ਪਿੰਡ ਦੀਆਂ ਅਣਵਿਆਹੀਆਂ ਕੁੜੀਆਂ ਵੀ ਉਨ੍ਹਾਂ ਨਾਲ ਮਿਲਕੇ ਨੱਚਦੀਆਂ-ਟੱਪਦੀਆਂ ਸਨ ਅਤੇ ਉਨ੍ਹਾਂ ਦੇ ਅਨੁਭਵਾਂ ਤੋਂ ਸਿੱਖਿਆ ਲੈਂਦੀਆਂ ਸਨ। ਮੁੱਖ ਵਿਸ਼ਾ ਸੱਸਾਂ ਹੀ ਹੁੰਦੀਆਂ ਸਨ। ਸਭ ਤੋਂ ਵੱਧ ਹਰਮਨ-ਪਿਆਰਾ ਇਹ ਗੀਤ ਹੀ ਹੁੰਦਾ ਹੈ: "ਨੀ ਮੈਂ ਸੱਸ ਕੁੱਟਣੀ, ਕੁੱਟਣੀ ਸੰਦੂਖਾਂ ਓਹਲੇ"। ਵਾਹ ਬਈ, ਸਮਝਦਾਰ ਪੰਜਾਬਣੋ! ਕੁੱਟਣੀ ਵੀ ਹੈ ਅਤੇ ਉਹ ਵੀ ਚੋਰੀ ਚੋਰੀ? ਸ਼ਿਵ ਕੁਮਾਰ ਨੇ ਵੀ ਤਾਂ ਇਨ੍ਹਾਂ ਕੁੜੀਆਂ ਦੀਆਂ ਭਾਵਨਾਵਾਂ ਦੀ ਕਿੰਨੀ ਸੋਹਣੀ ਤਰਜਮਾਨੀ ਕੀਤੀ ਹੈ: "ਇਕ ਮੇਰੀ ਸੱਸ ਨੀ ਬੁਰੀ, ਭੈੜੀ ਰੋਹੀ ਦੇ ਕਿੱਕਰ ਤੋਂ ਕਾਲ਼ੀ/ ਗੱਲੇ ਕੱਥੇ ਵੀਰ ਪੁਣਦੀ, ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲ਼ੀ..."

ਹੁਣ ਸਮਾਜ ਵਿਚ ਬਹੁਤ ਤਬਦੀਲੀ ਆ ਗਈ ਹੈ। ਪੇਂਡੂ ਕੁੜੀਆਂ ਵੀ ਪੜ੍ਹ-ਲਿਖ ਕੇ ਸ਼ਹਿਰਾਂ ਵਿਚ ਜਾ ਵਸਦੀਆਂ ਹਨ। ਪਿੰਡਾਂ ਵਿਚ ਹੁਣ ਨਾ ਪਿੱਪਲ਼ ਰਹੇ ਨਾ ਟੋਬ੍ਹੇ, ਨਾਂ ਪਿੜ ਰਹੇ ਨਾ ਤੀਆਂ। ਸ਼ਹਿਰਾਂ ਦੇ ਪਾਰਕਾਂ ਵਿਚ ਨੀਰਸ ਜੇਹੀਆਂ ਤੀਆਂ ਲੱਗਦੀਆਂ ਹਨ। ਉਥੇ ਅਧਿਕਤਰ ਅੱਧਖੜ ਉਮਰ ਦੀਆਂ ਔਰਤਾਂ ਆਪਣੇ ਮਹਿੰਗੇ ਕੱਪੜੇ ਅਤੇ ਗਹਿਣਾ ਗੱਟਾ ਵਿਖਾਉਣ, ਖਾਣ-ਪੀਣ ਅਤੇ ਤੰਬੋਲਾ ਖੇਡਣ ਆਉਂਦੀਆਂ ਹਨ। ਵਿਦੇਸ਼ਾਂ ਵਿਚ ਵੀ ਪੰਜਾਬੀ ਔਰਤਾਂ ਤੀਆਂ ਮਨਾਉਂਦੀਆਂ ਹਨ ਅਤੇ ਸ਼ਾਇਦ ਪੰਜਾਬ ਤੋਂ ਚੰਗੇ ਢੰਗ ਨਾਲ। ਸਮਾਜਿਕ ਤਬਦੀਲੀ ਤਾਂ ਆਉਣੀ ਹੀ ਹੁੰਦੀ ਹੈ, ਪਰ ਭਾਰਤ ਵਿਚ ਸੱਸ-ਨੂੰਹ ਦਾ ਪੁਰਾਣਾ ਕਾਟੋ-ਕਲੇਸ਼ ਉਸੇ ਤਰ੍ਹਾਂ ਬਰਕਰਾਰ ਹੈ। ਹੁਣ ਬਹੁਤੀਆਂ ਨੂੰਹਾਂ ਇਹ ਕਹਿੰਦੀਆਂ ਹਨ: "ਸੱਸ ਜਾਂ ਤਾਂ ਚੰਗੀ ਹੋਵੇ, ਜਾਂ ਫੋਟੋ ਕੰਧ ਉੱਤੇ ਟੰਗੀ ਹੋਵੇ"। ਨੂੰਹਾਂ ਲਈ ਪਹਿਲਾਂ ਨਾਲੋਂ ਵੀ ਜਟਿਲ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਅੱਜਕੱਲ੍ਹ ਲੜਕੇ ਤਾਂ ਪੜ੍ਹਾਈ-ਲਿਖਾਈ ਵੱਲ ਘੱਟ ਹੀ ਧਿਆਨ ਦਿੰਦੇ ਹਨ। ਲੜਕੀਆਂ ਪੜ੍ਹਾਈ ਵੀ ਕਰਦੀਆਂ ਹਨ, ਦਹੇਜ ਨਾਲ ਸਹੁਰਾ ਘਰ ਵੀ ਭਰ ਦਿੰਦੀਆਂ ਹਨ ਅਤੇ ਨੌਕਰੀ ਵੀ ਕਰਦੀਆਂ ਹਨ। ਹੋਸਟਲਾਂ ਵਿਚ ਰਹਿ ਕੇ ਪੜ੍ਹਨ ਕਰਕੇ, ਅਜਿਹੀ ਲੜਕੀਆਂ ਨੂੰ ਚੁੱਲ੍ਹੇ ਚੌਕੇ ਦਾ ਕੰਮ ਸਿੱਖਣ ਦਾ ਬਹੁਤਾ ਸਮਾਂ ਨਹੀਂ ਮਿਲਦਾ। ਪਰ ਸੱਸਾਂ ਉਨ੍ਹਾਂ ਤੋਂ ਘਰ ਦਾ ਕੰਮ ਵੀ ਵੱਧ ਤੋਂ ਵੱਧ ਕਰਵਾਉਣਾ ਚਾਹੁੰਦੀਆਂ ਹਨ, ਤਾਂਕਿ ਨੂੰਹ 'ਤੇ ਦਾਬਾ ਰਹੇ। ਜਿਹੜੀਆਂ ਸੱਸਾਂ ਨੇ ਪਹਿਲਾਂ ਕਦੇ ਮੰਦਿਰ-ਗੁਰਦੁਆਰੇ ਜਾਣ ਦੀ ਘੱਟ ਵੱਧ ਹੀ ਖੇਚਲ ਕੀਤੀ ਹੁੰਦੀ ਹੈ, ਉਹ ਅਚਾਨਕ ਅਤਿ ਧਾਰਮਿਕ ਹੋ ਜਾਂਦੀਆਂ ਹਨ। ਸੁਭਾ ਉੱਠਣ ਸਾਰ ਇਸ਼ਨਾਨ ਕਰਕੇ ਮੱਥਾ ਟੇਕਣ ਚਲੀਆਂ ਜਾਂਦੀਆਂ ਹਨ ਅਤੇ ਕੰਮ ਮੁੱਕਣ 'ਤੇ ਆ ਟਪਕਦੀਆਂ ਹਨ। ਸ਼ਹਿਰਾਂ ਵਾਲੀਆਂ ਸੱਸਾਂ ਨੂੰ ਸੁਭਾ ਸ਼ਾਮ ਸੈਰ ਕਰਨ ਦਾ ਸ਼ੌਕ ਵੀ ਜਾਗ ਪੈਂਦਾ ਹੈ, ਭਾਵੇਂ ਪਾਰਕਾਂ ਵਿਚ ਬੈਠ ਕੇ ਗੱਲਾਂ ਮਾਰ ਕੇ ਹੀ ਮੁੜ ਆਉਣ। ਘਰੋਂ ਬਾਹਰ ਜਾਣ ਵਾਲੀਆਂ ਨੂੰਹਾਂ ਨੇ ਬਣਦੇ-ਤਣਦੇ ਕੱਪੜੇ ਤਾਂ ਪਹਿਨਣੇ ਹੀ ਹੋਏ ਅਤੇ ਸੱਸਾਂ ਬੱਸ ਇਹ ਹੀ ਰਾਗ ਅਲਾਪਦੀਆਂ ਰਹਿੰਦੀਆਂ ਹਨ ਕਿ ਸਾਡੇ ਵੇਲੇ ਤਾਂ ਇਸ ਤਰ੍ਹਾਂ ਨਹੀਂ ਸੀ ਹੁੰਦਾ। ਇਸੇ ਕਰਕੇ ਨੂੰਹਾਂ ਮੌਕਾ ਮਿਲਦੇ ਹੀ ਅੱਡ ਆਲ੍ਹਣਾ ਬਣਾ ਲੈਂਦੀਆਂ ਹਨ। ਮੋਬਾਈਲ ਫੋਨ ਆਉਣ ਕਰਕੇ ਹਰ ਦਿਨ ਦੀ ਰਿਪੋਰਟ ਮਾਪਿਆਂ ਕੋਲ਼ ਪਹੁੰਚਦੀ ਰਹਿੰਦੀ ਹੈ ਅਤੇ ਉਹ ਵਿਚਾਰੇ ਬੇਵੱਸ ਪਰ ਦੁਖੀ ਰਹਿੰਦੇ ਹਨ। ਚੰਗਾ ਹੋਵੇ ਜੇ ਦੋਵੇਂ ਧਿਰਾਂ ਇਕ ਦੂਜੇ ਪ੍ਰਤੀ ਸਹਿਨਸ਼ੀਲਤਾ ਰੱਖਣ। ਸੱਸਾਂ ਨੂੰ ਆਪਣੇ ਪੁੱਤਰਾਂ ਉੱਪਰ ਹੱਕ ਥੋੜਾ ਘਟਾ ਦੇਣਾ ਚਾਹੀਦਾ ਹੈ ਅਤੇ ਨੂੰਹਾਂ ਨੂੰ ਆਪਣੇ ਪਤੀ 'ਤੇ ਮੁਕੰਮਲ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਨਹੀਂ ਤਾਂ ਮਾਵਾਂ ਇਹ ਹੀ ਕਹਿਣਗੀਆਂ: "ਹੇ ਰਾਮ ਤੂੰ ਹੀ, ਬੱਚੜੇ ਖੋਹ ਲਏ ਨੂੰਹੀਂ।"

ਇਸ ਸਮੱਸਿਆ ਬਾਰੇ ਮੇਰੇ ਇਕ ਮਨਪਸੰਦ ਰੱਦੀ ਖਰੀਦਣ ਵਾਲੇ 60 ਕੁ ਸਾਲ ਦੇ ਸ਼ੰਕਰ ਨਾਂ ਦੇ ਰਾਜਸਥਾਨੀ ਨੇ ਦਿਲਚਸਪ ਘਟਨਾ ਸੁਣਾਈ। ਉਹ ਪੜ੍ਹਿਆ ਘੱਟ ਅਤੇ ਗੁੜ੍ਹਿਆ ਜ਼ਿਆਦਾ ਹੈ। ਹਰ ਮਹੀਨੇ ਰੱਦੀ ਵੇਚਣ ਵੇਲੇ ਬਾਹਰ ਨਿੰਮ ਹੇਠ ਬੈਠ ਕੇ ਮੈਂ ਉਸ ਦੇ ਅਕਲਮੰਦੀ ਦੇ ਤਜ਼ਰਬੇ ਸੁਣਦਾ ਹਾਂ। ਪਿਛਲੇ ਦਿਨੀਂ ਉਹ ਰਾਜਸਥਾਨ ਵਿਚ ਆਪਣੀ ਲੜਕੀ ਲਈ ਘਰ ਵੇਖਣ ਗਿਆ। ਲੜਕੇ ਦੇ ਪਿਤਾ ਨੇ ਕਿਹਾ ਕਿ ਉਹ ਮੋਟਰ ਸਾਈਕਲ, ਟੀ.ਵੀ., ਵਾਸ਼ਿੰਗ ਮਸ਼ੀਨ ਵਗੈਰਾ ਤੋਂ ਇਲਾਵਾ ਤਿੰਨ ਲੱਖ ਰੁਪਏ ਨਕਦ ਵੀ ਲੈਣਗੇ। ਸ਼ੰਕਰ ਨੂੰ ਪਤਾ ਲੱਗ ਗਿਆ ਕਿ ਕੰਧੋਲੀ ਪਿੱਛੇ ਲੁੱਕ ਕੇ ਲੜਕੇ ਦੀ ਮਾਂ ਇਸ਼ਾਰੇ ਕਰ ਰਹੀ ਹੈ। ਸ਼ੰਕਰ ਨੇ ਅਜਿਹੇ ਲੋਕਾਂ ਨਾਲ ਰਿਸ਼ਤੇਦਾਰੀ ਤਾਂ ਪਾਉਣੀ ਨਹੀਂ ਸੀ। ਉਸਨੂੰ ਇਕ ਸ਼ਰਾਰਤ ਸੁੱਝੀ। ਉਸ ਨੇ ਕਿਹਾ ਕਿ ਇਹ ਸਭ ਕੁਝ ਮੈਂ ਦੇ ਦੇਵਾਂਗਾ, ਪਰ ਮੇਰੀ ਲੜਕੀ ਬੀਐਡ ਹੋਣ ਦੇ ਵਾਵਜੂਦ ਨੌਕਰੀ ਨਹੀਂ ਕਰੇਗੀ, ਅੱਠ ਵਜੇ ਉੱਠ ਕੇ ਬਿਸਤਰੇ 'ਚ ਚਾਹ ਲਵੇਗੀ ਅਤੇ ਘਰ ਦਾ ਕੋਈ ਕੰਮ ਨਹੀਂ ਕਰੇਗੀ। ਗੁੱਸੇ ਵਿਚ ਆ ਕੇ ਲੜਕੇ ਦੀ ਮਾਂ ਖੜ੍ਹੀ ਹੋ ਗਈ ਅਤੇ ਬੋਲੀ, "ਯੋਹ ਕੈਸੇ ਹੋ ਸਕੈ?"। ਸ਼ੰਕਰ ਤਾਂਡਵ ਰੂਪ ਵਿਚ ਆ ਗਿਆ ਅਤੇ ਬੋਲਿਆ, "ਘਣੋ ਸਿਆਣੋ ਸੈ ਥੇ, ਭਾਈ? ਮ੍ਹੇ ਪੀਸਾ ਭੀ ਖਰਚ ਕਰਾਂ, ਛੋਰੀ ਨੌਕਰੀ ਭੀ ਕਰੇ ਅਰ ਨੌਕਰਾਣੀ ਭੀ ਬਣੇ? ਅੱਛਾ, ਰਾਮ ਰਾਮ।" ਇਹ ਕਹਿਕੇ ਉਹ ਉਥੋਂ ਤੁਰ ਆਇਆ। ਠੀਕ ਜਾਂ ਗਲਤ, ਬਹੁਤੇ ਲੋਕ ਇਹ ਮੰਨਦੇ ਹਨ ਕਿ ਦਹੇਜ ਮੰਗਣ 'ਚ ਲੜਕਿਆਂ ਦੀਆਂ ਮਾਵਾਂ ਦਾ ਵਧੇਰੇ ਹੱਥ ਹੁੰਦਾ ਹੈ। ਜੇ ਸੱਸ ਸੰਤੁਸ਼ਟ ਨਾ ਹੋਈ ਹੋਵੇ, ਤਾਂ ਨੂੰਹ ਨੂੰ ਮਿਹਣੇ ਮਾਰ-ਮਾਰ ਕੇ ਜੀਣਾ ਦੁੱਭਰ ਕਰ ਦਿੰਦੀ ਹੈ। ਕੁੜੀ ਦੇ ਵਿਆਹ ਵੇਲੇ ਸਿਆਣੇ ਮਾਪੇ ਸੱਸਾਂ ਦਾ ਖਾਸ ਖਿਆਲ ਰੱਖਦੇ ਹਨ।

ਸੱਸ-ਨੂੰਹ ਦੀ ਖਿੱਚੋਤਾਣ ਪੁਰਾਣੇ ਸੱਭਿਆਚਾਰ ਅਤੇ ਰੂੜ੍ਹੀਵਾਦੀ ਸਮਾਜ ਵਾਲੇ ਪੱਛਮੀ ਦੇਸ਼ਾਂ 'ਚ ਵੀ ਚੱਲਦੀ ਰਹੀ ਹੈ। ਇਕ ਛੋਟਾ ਜੇਹਾ ਖਰਬੂਜ਼ੇ ਵਰਗਾ ਥੋਹਰ ਹੁੰਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ ਹੁਣ ਵੀ ਉਥੇ ਲੜਕੀਆਂ 'ਮਦਰ-ਇਨ-ਲਾਅਜ਼ ਪਿੱਲੋ' (ਸੱਸ ਦਾ ਸਿਰਾਹਣਾ) ਕਹਿੰਦੀਆਂ ਹਨ। ਜੇਨ ਔਸਟਨ ਦੇ ਇਕ ਨਾਵਲ ਵਿਚ ਇਕ ਸਰਦਾ ਪੁਜਦਾ ਲੜਕਾ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ ਉਸਨੂੰ ਆਪਣੀ ਅਲੱਗ ਰਹਿ ਰਹੀਆਂ ਗਰੀਬ ਮਾਂ ਅਤੇ ਭੈਣ ਨੂੰ ਹਰ ਮਹੀਨੇ ਕੁਝ ਪੈਸੇ ਭੇਜਣੇ ਚਾਹੀਦੇ ਹਨ। ਉਸ ਦੀ ਪਤਨੀ ਬਹੁਤ ਹੁਸ਼ਿਆਰੀ ਨਾਲ ਨਾ ਸਿਰਫ਼ ਇਹ ਵਿਚਾਰ ਛੁਡਵਾ ਦਿੰਦੀ ਹੈ, ਸਗੋਂ ਉਸ ਭੋਲੇ ਬੰਦੇ ਨੂੰ ਇਹ ਜਚਾ ਦਿੰਦੀ ਹੈ ਕਿ ਉਸ ਦੀ ਮਾਂ ਨੂੰ ਉਨ੍ਹਾਂ ਨੂੰ ਪੈਸੇ ਭੇਜਣੇ ਚਾਹੀਦੇ ਹਨ। ਸੁਣਿਆ ਹੈ ਕਿ ਹੁਣ ਤਾਂ ਪੱਛਮੀ ਦੇਸ਼ਾਂ ਵਿਚ ਲੜਕੇ ਦੇ ਵਿਆਹ ਤੋਂ ਪਹਿਲਾਂ ਹੀ ਅਲੱਗ ਰਹਿਣ ਦਾ ਪ੍ਰਬੰਧ ਕਰ ਦਿੰਦੇ ਹਨ। ਸਾਂਝੇ ਪਰਿਵਾਰ ਦੇ ਬਹੁਤ ਫ਼ਾਇਦੇ ਹਨ, ਪਰ ਇਹ ਤਾਂ ਹੀ ਸੰਭਵ ਹੈ, ਜੇਕਰ ਸੱਸ-ਨੂੰਹ ਵਿਚਕਾਰ ਸੰਬੰਧ ਅੱਛੇ ਹੋਣ।

# ਪਤੀ-ਪਤਨੀ ਦਫਤਰਾਂ ਦੇ ਦੁਆਲੇ ਖੁਸ਼ੀਆਂ ਦੀ ਭਾਲ ਕਰਦੇ ਹੋਏ





ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)

ਅੱਜ ਦੀ ਸਥਿਤੀ ਬਿਲਕੁਲ ਉਲਟ ਹੈ। ਉਦੋਂ ਤੋਂ ਹੀ ਔਰਤ-ਮਰਦ ਦੀ ਬਰਾਬਰੀ ਦੀ ਗੱਲ ਹੁੰਦੀ ਰਹੀ ਹੈ। ਬਰਾਬਰ ਦੇ ਅਧਿਕਾਰਾਂ ਦੀ ਗੱਲ ਹੁੰਦੀ ਹੈ। ਉਨ੍ਹਾਂ ਨੂੰ ਸਿੱਖਿਅਤ ਕਰਨ ਅਤੇ ਫਿਰ ਵਿਆਹੀਆਂ ਔਰਤਾਂ ਨੂੰ ਨੌਕਰੀਆਂ ਦੇਣ ਦੀ ਗੱਲ ਕੀਤੀ ਗਈ ਹੈ। ਉਦੋਂ ਤੋਂ ਲੈ ਕੇ ਬੇਸ਼ੱਕ ਬੌਧਿਕ ਖੁਸ਼ੀਆਂ ਵਿੱਚ ਅਥਾਹ ਵਾਧਾ ਹੋਇਆ ਹੈ ਪਰ ਦੋਹਾਂ ਦੀ ਆਤਮਿਕ ਖੁਸ਼ੀ ਕਿਤੇ ਨਾ ਕਿਤੇ ਗੁਆਚ ਗਈ ਹੈ। ਦੋਵੇਂ ਪਤੀ-ਪਤਨੀ ਇੱਕ ਦੂਜੇ ਵਿਚ ਖੁਸ਼ੀ ਲੱਭਣ ਦੀ ਬਜਾਏ ਆਪੋ-ਆਪਣੇ ਦਫਤਰਾਂ ਦੇ ਦੁਆਲੇ ਖੁਸ਼ੀਆਂ ਹਾਸਲ ਕਰਨ ਵਿਚ ਲੱਗੇ ਹੋਏ ਹਨ। ਇਸ ਤਰ੍ਹਾਂ ਜਾਣੇ-ਅਣਜਾਣੇ ਵਿਚ ਵੀ ਸੁੱਖ ਮਿਲਦਾ ਹੈ। ਪਰ ਕੀ ਇਨ੍ਹਾਂ ਦਾ ਅਧਿਆਤਮਿਕ ਰਿਸ਼ਤਾ ਇੰਨਾ ਮਜ਼ਬੂਤ ਰਹਿੰਦਾ ਹੈ ਕਿ ਪਰਿਵਾਰ ਦੀ ਇੱਜ਼ਤ ਬਰਕਰਾਰ ਰੱਖਣ ਦੇ ਨਾਲ-ਨਾਲ ਬੱਚਿਆਂ ਦਾ ਸਹੀ ਅਤੇ ਸਰਵਪੱਖੀ ਵਿਕਾਸ ਕਰ ਸਕੇ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅੱਜ-ਕੱਲ੍ਹ ਜ਼ਿਆਦਾਤਰ ਬੱਚੇ ਕਿਉਂ ਵਿਗੜ ਰਹੇ ਹਨ? ਉਨ੍ਹਾਂ ਦਾ ਸੰਤੁਲਿਤ ਵਿਕਾਸ ਕਿਉਂ ਨਹੀਂ ਹੋ ਸਕਦਾ? ਏਅਰ ਕੰਡੀਸ਼ਨਡ ਕਮਰੇ ਵਿਚ ਬੈਠੇ ਜੋੜੇ ਆਪਣੇ ਟੀ.ਵੀ. ਅਤੇ ਮੋਬਾਈਲ ਖੋਲ੍ਹ ਕੇ ਕਿਉਂ ਬੈਠਦੇ ਹਨ? ਅਤੇ ਰੰਗੀਨ ਸੁਪਨਿਆਂ ਦੀ ਦੁਨੀਆਂ ਵਿਚ ਗੁਆਚ ਜਾਓ। ਨਜ਼ਦੀਕੀ ਵਿਆਹੁਤਾ ਖੁਸ਼ੀਆਂ ਬੋਰਿੰਗ ਕਿਉਂ ਲੱਗਣ ਲੱਗ ਪਈਆਂ ਹਨ? ਅਤੇ ਉਨ੍ਹਾਂ ਦਾ ਆਪਣਾ ਮਿੱਠਾ ਵਿਆਹੁਤਾ ਰਿਸ਼ਤਾ ਜਲਦੀ ਹੀ ਥਕਾਵਟ ਵਿਚ ਕਿਉਂ ਬਦਲ ਜਾਂਦਾ ਹੈ?

ਨੌਕਰੀਪੇਸ਼ਾ ਪਤੀ-ਪਤਨੀ ਸਾਂਝੇ ਜੀਵਨ ਵਿਚ ਰਹਿਣ ਵਾਲੇ ਪਤੀ-ਪਤਨੀ ਦੇ ਮੁਕਾਬਲੇ ਹੰਕਾਰੀ ਅਤੇ ਗੰਦੀ ਭਾਵਨਾਵਾਂ ਦਾ ਸ਼ਿਕਾਰ ਕਿਉਂ ਹੋ ਜਾਂਦੇ ਹਨ? ਜੇਕਰ ਤੁਸੀਂ ਵਿਆਹੀ ਔਰਤ ਅਤੇ ਨੌਕਰੀ ਬਾਰੇ ਸੋਚਦੇ ਹੋ, ਤਾਂ ਕੀ ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਸਿਰਫ਼ ਉਦੋਂ ਹੀ ਨੌਕਰੀ ਦੀ ਲੋੜ ਹੁੰਦੀ ਹੈ, ਜਦੋਂ ਮਰਦ ਉਸ ਨੂੰ ਕਮਾਉਣ ਅਤੇ ਪਾਲਣ-ਪੋਸ਼ਣ ਅਤੇ ਪਰਿਵਾਰ ਚਲਾਉਣ ਤੋਂ ਅਸਮਰੱਥ ਸਾਬਤ ਹੁੰਦਾ ਹੈ? ਤਾਂ ਕਿ ਨੌਕਰੀਆਂ ਕਰ ਕੇ ਪੜ੍ਹੀਆਂ-ਲਿਖੀਆਂ ਔਰਤਾਂ ਆਪਣੇ ਪਰਿਵਾਰ ਨੂੰ ਪੜ੍ਹੇ-ਲਿਖੇ ਬਣਾ ਸਕਣਗੀਆਂ ਅਤੇ ਆਪਣੇ ਬੱਚਿਆਂ ਦੀ ਸਹੀ ਦੇਖਭਾਲ ਕਰ ਸਕਣਗੀਆਂ? ਜਾਂ ਇਹ ਕਹਿ ਲਈਏ ਕਿ ਜੇ ਔਰਤਾਂ ਨੂੰ ਨੌਕਰੀਆਂ ਕਰਨ ਦਾ ਇੰਨਾ ਹੀ ਸ਼ੌਕ ਹੈ, ਤਾਂ ਮਰਦਾਂ ਨੂੰ ਘਰ ਸੰਭਾਲਣਾ ਚਾਹੀਦਾ ਹੈ। ਦੋਵਾਂ ਵਿਚੋਂ ਕਿਸੇ ਇੱਕ ਦੀ ਅਣਹੋਂਦ ਵਿਚ ਘਰ ਅਤੇ ਪਰਿਵਾਰ ਸਿਰਫ਼ ਇੱਕ ਘਰ ਹੀ ਰਹਿ ਜਾਂਦਾ ਹੈ ਜਾਂ ਰੋਟੀ, ਦਾਲ-ਸਬਜ਼ੀ ਤਾਂ ਮਿਲਦੀ ਹੈ ਪਰ ਰਸਮਾਂ ਨਹੀਂ ਮਿਲਦੀਆਂ।

ਕੰਮਕਾਜੀ ਪਤੀ-ਪਤਨੀ ਦੀ ਇੱਕ ਦੂਜੇ 'ਤੇ ਨਿਰਭਰਤਾ ਖਤਮ ਹੋ ਰਹੀ ਹੈ। ਦੋਵੇਂ ਆਜ਼ਾਦਾਨਾ ਫੈਸਲੇ ਲੈਂਦੇ ਹਨ, ਜਿਸ ਵਿਚ ਕਈ ਵਾਰ ਹਉਮੈ ਵੀ ਟਕਰਾ ਜਾਂਦੀ ਹੈ। ਨਾਲ ਹੀ ਭੱਜ-ਦੌੜ ਭਰੀ ਜ਼ਿੰਦਗੀ ਵਿਚ ਇੱਕ ਦੂਜੇ ਲਈ ਸਮਾਂ ਨਾ ਕੱਢਣਾ ਵੀ ਵਿਛੋੜੇ ਦਾ ਵੱਡਾ ਕਾਰਨ ਬਣ ਰਿਹਾ ਹੈ। ਜੇਕਰ ਦੋਵੇਂ ਖੁੱਲ੍ਹ ਕੇ ਗੱਲ ਕਰਨਗੇ, ਤਾਂ ਉਨ੍ਹਾਂ ਦੇ ਅੰਦਰ ਦੀਆਂ ਗੱਲਾਂ ਸਾਹਮਣੇ ਆ ਜਾਣਗੀਆਂ। ਅਸਲ ਵਿਚ ਇਹ ਸੱਚ ਹੈ ਕਿ ਜੇਕਰ ਔਰਤ ਨੇ ਆਪਣੇ ਪਰਿਵਾਰ ਨੂੰ ਬਚਾਉਣਾ ਹੈ, ਤਾਂ ਉਸ ਨੂੰ ਆਪਣੇ ਬੱਚਿਆਂ ਸਮੇਤ ਸਾਰਿਆਂ ਦਾ ਖਿਆਲ ਰੱਖਣਾ ਪੈਂਦਾ ਹੈ। ਜੇਕਰ ਦਾਈ ਦੇ ਭਰੋਸੇ ਵਿਚ ਬੱਚਿਆਂ ਨੂੰ ਛੱਡ ਦਿਓ, ਤਾਂ ਬੱਚਾ ਉਹੋ ਜਿਹਾ ਨਹੀਂ ਹੋਵੇਗਾ, ਜੋ ਮਾਂ ਕੋਲ ਰਹਿ ਕੇ ਬਣਦਾ ਹੈ। ਆਯਾ ਮਾਂ ਦਾ ਦਿਲ ਨਹੀਂ ਲਿਆ ਸਕਦੀ। ਇਸ ਲਈ ਵਿਆਹੀਆਂ ਔਰਤਾਂ ਨੂੰ ਅਜਿਹੇ ਸਮੇਂ 'ਤੇ ਕੰਮ 'ਤੇ ਨਹੀਂ ਜਾਣਾ ਚਾਹੀਦਾ, ਤਾਂ ਜੋ ਉਹ ਪਿਆਰ ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕਰ ਸਕਣ। ਤਾਂ ਜੋ ਭਟਕਦੀ ਨੌਜਵਾਨ ਪੀੜ੍ਹੀ ਇਸ ਸਮਾਜ ਨੂੰ ਨਾ ਮਿਲੇ, ਉਸ ਦੇ ਪਤੀ ਨੂੰ ਚਿੰਤਾ ਵਿਚ ਕੰਮ 'ਤੇ ਜਾਣਾ ਚਾਹੀਦਾ ਹੈ। ਸ਼ਾਮ ਨੂੰ ਆਪਣੀ ਪਿਆਰੀ ਪਤਨੀ ਅਤੇ ਬੱਚਿਆਂ ਦੇ ਹੱਸਦੇ ਚਿਹਰਿਆਂ ਨੂੰ ਦੇਖ ਕੇ ਉਸ ਨੂੰ ਵੀ ਖੁਸ਼ੀ ਹੋਣੀ ਚਾਹੀਦੀ ਹੈ।

ਦੋਵੇਂ ਮਿਲ ਕੇ ਬੱਚਿਆਂ ਦੀ ਦੇਖਭਾਲ ਕਰਨਗੇ, ਤਾਂ ਹੀ ਸੁੰਦਰ ਸਮਾਜ ਦਾ ਨਿਰਮਾਣ ਹੋਵੇਗਾ। ਸੁਪਨਿਆਂ ਦਾ ਭਾਰਤ ਤਿਆਰ ਹੋਵੇਗਾ। ਨੌਕਰੀ ਕਰਨ ਤੋਂ ਬਾਅਦ ਵਿਆਹੀਆਂ ਔਰਤਾਂ ਵਿਚ ਜੋ ਸਵੈ-ਭਾਵਨਾ ਆਉਂਦੀ ਹੈ, ਉਹ ਅਜੋਕੇ ਸਮਾਜ ਲਈ ਘਾਤਕ ਹੈ। ਪਤੀ-ਪਤਨੀ ਦੋਵਾਂ ਕੋਲ ਨਾ ਤਾਂ ਇਕ ਦੂਜੇ ਲਈ ਸਮਾਂ ਹੈ ਅਤੇ ਨਾ ਹੀ ਬੱਚਿਆਂ ਨੂੰ ਦੇਖਣ ਲਈ। ਅਜਿਹੇ 'ਚ ਉਹ ਆਪਣੇ ਬੱਚਿਆਂ ਦੀ ਦੇਖਭਾਲ ਲਈ ਨਾਨੀ 'ਤੇ ਭਰੋਸਾ ਕਰਦੇ ਹਨ। ਜਿਹੜੀ ਨਾਨੀ ਆਪਣੇ ਬੱਚਿਆਂ ਨੂੰ ਛੱਡ ਕੇ ਆ ਜਾਂਦੀ ਹੈ, ਉਹ ਦੂਸਰਿਆਂ ਦੇ ਬੱਚਿਆਂ ਨੂੰ ਕਿੰਨਾ ਪਿਆਰ ਕਰੇਗੀ? ਇਹ ਸੋਚਣ ਵਾਲੀ ਗੱਲ ਹੈ। ਅੱਜ ਬੱਚਿਆਂ ਦੀ ਮਾੜੀ ਪਰਵਰਿਸ਼ ਕਾਰਨ ਬੁਢਾਪਾ ਘਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬੱਚਿਆਂ ਨੂੰ ਦਾਦਾ-ਦਾਦੀ ਤੋਂ ਪਿਆਰ ਮਿਲੇਗਾ, ਬੱਚਿਆਂ ਨੂੰ ਸੰਸਕਾਰ ਵੀ ਮਿਲਣਗੇ ਅਤੇ ਬਿਰਧ ਆਸ਼ਰਮਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਵੇਗੀ।

ਅੱਜ ਵਿਆਹੁਤਾ ਖੁਸ਼ੀਆਂ ਦੇ ਨਾਲ-ਨਾਲ ਪਰਿਵਾਰਕ ਖੁਸ਼ੀ ਉਹ ਨਹੀਂ ਹੈ, ਜੋ ਇਕੱਲੇ ਪਰਿਵਾਰ ਅਤੇ ਕੰਮ 'ਤੇ ਜਾਣ ਵਾਲੀਆਂ ਔਰਤਾਂ ਕਾਰਨ ਹੋਣੀ ਚਾਹੀਦੀ ਹੈ। ਕਿਸੇ ਹੋਰ 'ਤੇ ਨਿਰਭਰ ਹੋਣ ਕਾਰਨ ਬੱਚੇ ਟੀ.ਵੀ., ਮੋਬਾਈਲ 'ਚ ਲੱਗੇ ਰਹਿੰਦੇ ਹਨ। ਕੰਮਕਾਜੀ ਪਤੀ-ਪਤਨੀ ਦੇ ਮਾਮਲੇ 'ਚ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਦੋਵੇਂ ਦਫਤਰ ਤੋਂ ਬਾਅਦ ਘਰ 'ਚ ਮੋਬਾਇਲ 'ਤੇ ਬਿਜ਼ੀ ਹੋ ਜਾਂਦੇ ਹਨ। ਸੋਸ਼ਲ ਸਾਈਟਸ 'ਤੇ ਚੈਟਿੰਗ ਵੀ ਘਰ ਟੁੱਟਣ ਦਾ ਵੱਡਾ ਕਾਰਨ ਬਣ ਰਹੀ ਹੈ। ਉਹ ਅਜਿਹੇ ਮਾਮਲਿਆਂ ਵਿਚ ਇੱਕ ਦੂਜੇ ਦੀ ਦਖਲਅੰਦਾਜ਼ੀ ਨੂੰ ਪਸੰਦ ਨਹੀਂ ਕਰਦੇ। ਪਤੀ-ਪਤਨੀ ਆਪ ਕਿਸੇ ਘਰੇਲੂ ਕੰਮ ਜਾਂ ਬੱਚਿਆਂ ਬਾਰੇ ਗੱਲਬਾਤ ਕਰਨ ਦੇ ਯੋਗ ਨਹੀਂ ਹਨ। ਉਹ ਆਪੋ-ਆਪਣੇ ਮੋਬਾਈਲਾਂ ਵਿਚ ਮਗਨ ਰਹਿੰਦੇ ਹਨ, ਜਦੋਂ ਕਿ ਉਨ੍ਹਾਂ ਨੂੰ ਫਿਰ ਵਿਆਹੁਤਾ ਖੁਸ਼ੀਆਂ ਨਾਲ ਰਹਿਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ, ਭੌਤਿਕ ਖੁਸ਼ੀ ਸਰਵੋਤਮ ਹੋ ਜਾਂਦੀ ਹੈ। ਇਸ ਗੱਲ ਨਾਲ ਸਹਿਮਤ ਹਾਂ ਕਿ ਕੁਝ ਵਿਆਹੁਤਾ ਔਰਤਾਂ ਅਪਵਾਦ ਹੋ ਸਕਦੀਆਂ ਹਨ, ਪਰ ਕੀ ਵਿਆਹੀਆਂ ਔਰਤਾਂ ਦੀ ਨੌਕਰੀ ਉਨ੍ਹਾਂ ਦੇ ਪਰਿਵਾਰ ਨੂੰ ਪੂਰੀ ਖੁਸ਼ੀ ਦੇ ਸਕਦੀ ਹੈ ਜਾਂ ਨਹੀਂ, ਇਹ ਅੱਜ ਸਾਡੇ ਸਮਾਜ ਦਾ ਸੜਦਾ ਦਰਦ ਹੈ।

ਪਤੀ-ਪਤਨੀ ਲਈ ਇਕ-ਦੂਜੇ ਨੂੰ ਸਮਾਂ ਦੇਣਾ ਵੀ ਜ਼ਰੂਰੀ ਹੈ। ਨਹੀਂ ਤਾਂ ਰਿਸ਼ਤਾ ਟੁੱਟਣ ਦੀ ਕਗਾਰ 'ਤੇ ਪਹੁੰਚ ਜਾਂਦਾ ਹੈ। ਪਤੀ-ਪਤਨੀ ਵਿਚਕਾਰ ਹੰਕਾਰ ਵੀ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਹੁਰੇ ਕੰਮਕਾਜੀ ਨੂੰਹ ਤੋਂ ਵੀ ਉਮੀਦਾਂ ਰੱਖਦੇ ਹਨ, ਜਿਸ ਕਾਰਨ ਘਰ ਵਿਚ ਝਗੜੇ ਦੀ ਸਥਿਤੀ ਬਣ ਜਾਂਦੀ ਹੈ। ਹਾਲਾਂਕਿ ਅਜਿਹੇ ਮਾਮਲਿਆਂ 'ਚ ਕਾਊਂਸਲਿੰਗ ਰਾਹੀਂ ਪਤੀ-ਪਤਨੀ 'ਚ ਦੂਰੀ ਘੱਟ ਕੀਤੀ ਜਾ ਰਹੀ ਹੈ। ਇਸ ਲਈ ਕੰਮਕਾਜੀ ਪਤੀ-ਪਤਨੀ ਨੂੰ ਇਕ-ਦੂਜੇ ਨਾਲ ਗੱਲਬਾਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਦੋਵਾਂ ਨੂੰ ਇਕ-ਦੂਜੇ ਲਈ ਸਮਾਂ ਜ਼ਰੂਰ ਕੱਢਣਾ ਚਾਹੀਦਾ ਹੈ।

# ਪੰਜਾਬ ਦੀ ਕੋਇਲ ਸੁਰਿੰਦਰ ਕੌਰ





ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)

ਸੰਗੀਤ ਰੂਹ ਦੀ ਖੁਰਾਕ ਹੁੰਦੀ ਹੈ। ਜਿਵੇਂ ਪਿਆਸ ਨੂੰ ਪਾਣੀ, ਭੁੱਖ ਨੂੰ ਰੋਟੀ ਨਾਲ ਹੀ ਬੁਝਾਇਆ ਜਾ ਸਕਦਾ ਹੈ, ਬਿਲਕੁਲ ਉਸੇ ਤਰ੍ਹਾਂ ਆਤਮਾ ਦੀ ਭੁੱਖ ਨੂੰ ਸੰਗੀਤ ਨਾਲ ਹੀ ਬੁਝਾਇਆ ਜਾ ਸਕਦਾ ਹੈ। ਗੀਤ ਲੋਕਾਂ ਦੇ ਵਿਵਹਾਰ, ਸੱਭਿਆਚਾਰ, ਕਿੱਤੇ ਅਤੇ ਰੋਜ਼ਾਨਾ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ। ਮਨ ਦੀਆਂ ਭਾਵਨਾਵਾਂ ਖੁਸ਼ੀ-ਗਮੀ, ਪਿਆਰ-ਮੁਹੱਬਤ ਅਤੇ ਵਿਛੋੜੇ ਦਾ ਦਰਦ ਗੀਤਾਂ ਵਿਚ ਆਮ ਦਿਖਾਈ ਦਿੰਦਾ ਹੈ। ਕਿਸੇ ਦੇਸ਼ ਦੇ ਲੋਕਾਂ ਦੀ ਜ਼ੁਬਾਨ 'ਤੇ ਮੌਜੂਦ ਗੀਤਾਂ ਤੋਂ ਉਸ ਦੇਸ਼ ਦੇ ਲੋਕਾਂ ਦੇ ਭਵਿੱਖ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਅਜਿਹੇ ਬਹੁਤ ਸਾਰੇ ਸਿਰਕੱਢ ਗਾਇਕ ਹਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਬੋਲੀ ਦੀ ਰੱਜ ਕੇ ਸੇਵਾ ਕੀਤੀ। ਉਨ੍ਹਾਂ ਦੇ ਗਾਏ ਹੋਏ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਣ ਕਰਕੇ ਅੱਜ ਵੀ ਤਰੋਤਾਜ਼ਾ ਲੱਗਦੇ ਹਨ। ਇਨ੍ਹਾਂ ਸਿਰਕੱਢ ਗਾਇਕਾਂ ਵਿਚ ਹੀ ਇੱਕ ਹੈ ਸੁਰਿੰਦਰ ਕੌਰ, ਜਿਸ ਨੂੰ ਪੰਜਾਬ ਦੀ ਕੋਇਲ ਹੋਣ ਦੇ ਖਿਤਾਬ ਨਾਲ ਨਿਵਾਜਿਆ ਜਾ ਚੁੱਕਿਆ ਹੈ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਨੂੰ ਅਣਵੰਡੇ ਪੰਜਾਬ ਲਾਹੌਰ ਵਿਖੇ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਗ੍ਰਹਿ ਵਿਖੇ ਹੋਇਆ। ਸੁਰਿੰਦਰ ਕੌਰ ਨੇ ਬਾਰਾਂ ਸਾਲ ਦੀ ਉਮਰ ਵਿਚ ਹੀ ਮਾਸਟਰ ਇਨਾਇਤ ਹੁਸੈਨ ਅਤੇ ਪੰਡਤ ਮਾਨੀ ਪ੍ਰਸ਼ਾਦ ਕੋਲੋਂ ਕਲਾਸੀਕਲੀ ਗਾਇਕੀ ਦੀ ਸਿੱਖਿਆ ਹਾਸਲ ਕੀਤੀ। ਸਭ ਤੋਂ ਪਹਿਲਾਂ ਸੁਰਿੰਦਰ ਕੌਰ ਨੇ ਪੇਸ਼ੇਵਰ ਗੀਤਕਾਰੀ ਦੀ ਸ਼ੁਰੂਆਤ ਅਗਸਤ 1943 ਵਿਚ ਲਾਹੌਰ ਰੇਡੀਓ ਸਟੇਸ਼ਨ ਤੋਂ ਕੀਤੀ। ਉਸ ਤੋਂ ਬਾਅਦ ਸੁਰਿੰਦਰ ਕੌਰ ਨੇ ਪਿੱਛੇ ਮੁੜ ਕੇ ਕਦੇ ਨਹੀਂ ਦੇਖਿਆ ਅਤੇ ਪੰਜਾਬੀ ਜ਼ੁਬਾਨ ਨੂੰ ਇਕ ਦੇ ਬਾਅਦ ਇਕ ਹਿੱਟ ਗਾਣੇ ਦਿੱਤੇ, ਜੋ ਅੱਜ ਵੀ ਜ਼ੁਬਾਨੀ ਯਾਦ ਹਨ।

ਉਸ ਦੇ ਗਾਏ ਗੀਤਾਂ ਵਿਚ 'ਚੰਨ ਕਿੱਥੇ ਗੁਜ਼ਾਰੀ ਆ ਰਾਤ ਵੇ', 'ਲੱਠੇ ਦੀ ਚਾਦਰ', 'ਸੌਕਣ ਮੇਲੇ ਦੀ', 'ਇਨ੍ਹਾਂ ਅੱਖੀਆਂ ਵਿਚ ਪਾਵਾਂ ਕਿਵੇਂ ਕੱਜਲਾ ਵੇ', 'ਗੋਰੀ ਦੀਆਂ ਝਾਂਜਰਾਂ', 'ਸੜਕੇ ਸੜਕੇ ਜਾਂਦੀਏ ਮੁਟਿਆਰੇ', 'ਮਾਵਾਂ ਤੇ ਧੀਆਂ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ' ਅਤੇ 'ਸੂਹੇ ਵੇ ਚੀਰੇ ਵਾਲਿਆ' ਵਰਗੇ ਹਜ਼ਾਰਾਂ ਗੀਤ ਪੰਜਾਬੀ ਮਾਂ ਬੋਲੀ ਦੀ ਝੋਲ਼ੀ ਪਾਏ। ਸੁਰਿੰਦਰ ਕੌਰ ਨੇ ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਤੋਂ ਇਲਾਵਾ, ਨੰਦ ਲਾਲ ਨੂਰਪੁਰੀ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਲਿਖੇ ਹੋਏ ਗੀਤ ਗਾਏ।

1948 ਵਿਚ ਸੁਰਿੰਦਰ ਕੌਰ ਦਾ ਵਿਆਹ ਦਿੱਲੀ ਯੂਨੀਵਰਸਿਟੀ ਵਿਚ ਤਾਇਨਾਤ ਪੰਜਾਬੀ ਦੇ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਨਾਲ ਹੋਇਆ। ਉਸ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ, ਜਿਸ ਵਿਚ ਸਭ ਤੋਂ ਵੱਡੀ ਰੁਪਿੰਦਰ ਕੌਰ ਉਰਫ਼ ਡੌਲੀ ਗੁਲੇਰੀਆ ਪੰਜਾਬੀ ਗਾਇਕੀ ਵਿਚ ਇੱਕ ਜਾਣਿਆ ਪਹਿਚਾਣਿਆ ਪ੍ਰਸਿੱਧ ਨਾਮ ਹੈ, ਜੋ ਆਪਣੀ ਮਾਤਾ ਦੇ ਦਿਖਾਏ ਰਸਤੇ 'ਤੇ ਚਲਦੀ ਹੋਈ ਮਾਂ ਬੋਲੀ ਦੀ ਸੇਵਾ ਕਰ ਰਹੀ ਹੈ।

ਪੰਜਾਬੀ ਗਾਇਕੀ ਦੇ ਨਾਲ-ਨਾਲ ਸੁਰਿੰਦਰ ਕੌਰ ਨੇ ਹਿੰਦੀ ਫ਼ਿਲਮ ਇੰਡਸਟਰੀ ਵਿਚ ਪਲੇਅ ਬੈਕ ਸਿੰਗਰ ਦੇ ਤੌਰ 'ਤੇ ਕੰਮ ਕੀਤਾ। ਸੁਰਿੰਦਰ ਕੌਰ ਨੇ ਸਭ ਤੋਂ ਪਹਿਲਾਂ ਸੰਗੀਤ ਨਿਰਦੇਸ਼ਕ ਗੁਲਾਮ ਹੈਦਰ ਦੀ ਨਿਰਦੇਸ਼ਨਾ ਦੇ ਹੇਠ 1948 ਵਿਚ ਰਿਲੀਜ਼ ਹੋਈ ਫ਼ਿਲਮ 'ਸ਼ਹੀਦ' ਵਿਚ ਤਿੰਨ ਗਾਣੇ ,ਗਾਏ ਜਿਸ ਵਿਚ 'ਬਦਨਾਮ ਨਾ ਹੋ ਜਾਏ ਮਹੱਬਤ ਕਾ ਫਸਾਨਾ', 'ਆਨਾ ਹੈ ਤੋਂ ਆ ਜਾਉ' ਅਤੇ 'ਹਮ ਕਹਾਂ ਔਰ ਤੁਮ ਕਹਾਂ' ਸ਼ਾਮਲ ਹਨ।

ਸੁਰਿੰਦਰ ਕੌਰ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ, ਤਾਂ ਉਨ੍ਹਾਂ ਦੀ ਗਿਣਤੀ ਕਰਨੀ ਬਹੁਤ ਮੁਸ਼ਕਿਲ ਹੈ। ਵੱਖ-ਵੱਖ ਸੰਗੀਤ ਅਕਾਦਮੀਆਂ ਅਤੇ ਸੰਸਥਾਵਾਂ ਨੇ ਉਸ ਨੂੰ ਸਨਮਾਨਿਤ ਕੀਤਾ। ਪੰਜਾਬੀ ਲੋਕ ਸੰਗੀਤ ਲਈ 1984 ਵਿਚ ਸੰਗੀਤ ਨਾਟਕ ਅਕੈਡਮੀ ਪੁਰਸਕਾਰ, 2002 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਡਾਕਟਰੇਟ ਦੀ ਆਨਰੇਰੀ ਡਿਗਰੀ ਅਤੇ 2006 ਵਿਚ ਭਾਰਤ ਸਰਕਾਰ ਦੁਆਰਾ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ।

ਆਪਣੀ ਗਾਇਕੀ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੀ ਪੰਜਾਬ ਦੀ ਕੋਇਲ 15 ਜੂਨ, 2006 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ। ਸੁਰਿੰਦਰ ਕੌਰ ਚਾਹੇ ਅੱਜ ਸਾਡੇ ਵਿਚਕਾਰ ਨਹੀਂ ਰਹੀ ਪਰ ਸਪੀਕਰਾਂ ਵਿਚ ਗੂੰਜਦੇ ਹੋਏ ਉਸ ਦੇ ਗੀਤ ਹਮੇਸ਼ਾਂ ਉਸ ਯਾਦ ਦਿਵਾਉਂਦੇ ਰਹਿਣਗੇ।

## ਕਾਗਜ਼-ਕਲਮ

ਕਾਗਜ਼-ਕਲਮ ਦਾ ਰਿਸ਼ਤਾ ਬੜਾ ਪੁਰਾਣਾ ਏ
ਹੈ ਨਰ ਇਕ ਨਾਰੀ, ਗੂੜਾ ਦੋਵਾਂ 'ਚ ਯਰਾਨਾ ਏ

ਬਿਨ ਕਾਗਜ਼ ਨਾ ਜਾਣੇ ਕਲਮ ਨੂੰ ਕੋਈ
ਮਿਲ ਜਾਣ ਜਦ ਦੋਵੇਂ ਤਾਂ ਬਣਦਾ ਫਸਾਨਾ ਏ

ਕਲਮ ਕਹੇ ਨਹੀਂ ਲੋੜ ਕਾਗਜ਼ ਦੀ
ਭਰਮ ਹੈ ਉਸ ਦਾ, ਪੈਂਦਾ ਸਾਥ ਨਿਭਾਣਾ ਏ

ਜੇ ਕਹਿੰਦਾ ਕਾਗਜ਼ ਕਿ ਸਾਰ ਲਊ ਕੱਲਾ
ਰਹੇ ਕੋਰਾ, ਨਾ ਉਸ 'ਤੇ ਕਿਸੇ ਧਿਆਨ ਲਾਉਣਾ ਏ

ਸਾਥ ਚੱਲਣ ਜਦੋਂ ਦੋਵੇਂ ਇਕੱਠੇ
ਬਣਜੇ ਉਦੋਂ ਫਿਰ ਨਵਾਂ ਤਰਾਨਾ ਏ

ਜੇ ਨਾ ਨਿਭਾਉਂਦੇ ਇਹ ਸਾਥ ਆਪਣਾ
ਨਾ ਹੁੰਦਾ ਆਬਾਦ ਫਿਰ ਲੱਗਦਾ ਵਿਰਾਨਾ ਏ

ਕਈ ਲਿੱਖਤੇ ਗ੍ਰੰਥ ਇਨ੍ਹਾਂ ਰੱਲ ਕੇ
ਲਿਖਿਆ ਪੜ੍ਹਦੇ, ਲੈਂਦੇ ਸਿੱਖਿਆ ਤੇ ਚੱਲਦਾ ਜ਼ਮਾਨਾ ਏ

'ਗੁਰਜਤਿੰਦਰ' ਤਾਂ ਕਰੇ ਕਦਰ ਦੋਹਾਂ ਦੀ
ਦੋਵੇਂ ਨੇ ਉਸ ਦੇ ਸਾਥੀ, ਵਿਚ ਨਹੀਂ ਕੋਈ ਬਹਾਨਾ ਏ



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444.
(Punjab Mail USA)

## ਕਮਲ ਬੰਗਾ ਜੀ ਨੂੰ ਸਮਰਪਿਤ

ਅਧਿਆਪਕ ਵਿਦਿਆਰਥੀ ਦਾ ਰਿਸ਼ਤਾ
ਵੀ ਹੁੰਦਾ ਹੈ ਆਪਣੇ ਧੀਆਂ ਪੁੱਤਰਾਂ ਵਾਂਗ
ਕਦੀ ਹੁੰਦਾ ਸੀ ਇਹ ਰਿਸ਼ਤਾ
ਗੁਰੂ ਚੇਲੇ ਵਾਲਾ ਪਰ ਅੱਜ ਨਹੀਂ
ਜਦੋਂ ਪਿਤਾ ਪੁੱਤਰ ਨੂੰ ਉੱਨਤੀ ਕਰਦਾ ਦੇਖਦਾ ਹੈ
ਤਾਂ ਉਸ ਦੀ ਖੁਸ਼ੀ ਸਾਂਭੀ ਨਹੀਂ ਜਾਂਦੀ
ਇਸੇ ਤਰ੍ਹਾਂ ਜਦੋਂ ਕੋਈ ਹੋਣਹਾਰ ਵਿਦਿਆਰਥੀ
ਉੱਨਤੀ ਦੀਆਂ ਪੌੜੀਆਂ ਚੜ੍ਹਦਾ ਹੈ
ਅਤੇ ਆਪਣੀ ਮਿਥੀ ਮੰਜ਼ਿਲ ਵੱਲ ਵੱਧਦਾ ਹੈ
ਤਾਂ ਅਧਿਆਪਕ ਦਾ ਚਾਅ ਵੀ ਸਾਂਭਿਆ ਨਹੀਂ ਜਾਂਦਾ
ਜਿਸ ਤਰ੍ਹਾਂ ਪੁੱਤਰ ਹੁੰਦੇ ਨੇ ਵਿਹੜੇ ਦੀਆਂ ਛਾਵਾਂ
ਉਸੇ ਤਰ੍ਹਾਂ ਵਿਦਿਆਰਥੀ ਵੀ
ਅਧਿਆਪਕ ਦੇ ਮਨ ਰੂਪੀ ਵਿਹੜੇ ਦੀਆਂ
ਹੁੰਦੀਆਂ ਠੰਡੀਆਂ ਛਾਵਾਂ
ਹੁੰਦੇ ਨੇ ਖੁਸ਼ੀਆਂ ਯਾਦਾਂ, ਚਾਅਵਾਂ,
ਉਮੰਗਾਂ ਦੇ ਸੋਮੇ
ਕਮਲ ਬੰਗਾ ਜੀ ਦੀਆਂ ਹਰ ਹਫਤੇ ਸੁਣਕੇ ਕਵਿਤਾਵਾਂ
ਮਨ ਨੂੰ ਬੜੀ ਪ੍ਰਸੰਨਤਾ ਹੁੰਦੀ ਹੈ ਤੇ ਚਾਅ ਸਾਂਭਿਆ
ਨਹੀਂ ਜਾਂਦਾ ਕਿਉਂਕਿ ਕਮਲ ਬੰਗਾ
ਹੋਣੀ ਮੇਰੇ ਪੁਰਾਣੇ ਵਿਦਿਆਰਥੀ ਨੇ
ਕਮਲ ਬੰਗਾ ਹੋਣਾ ਨੂੰ ਸ਼ੁੱਭ ਇਛਾਵਾਂ
ਅਤੇ ਇਨ੍ਹਾਂ ਦੀ ਕਲਮ ਇਸੇ ਤਰ੍ਹਾਂ
ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ
ਸੇਵਾ ਕਰਦੀ ਰਹੇ।



-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955
(Punjab Mail USA)

## ਯੁੱਗ-ਨਾਇਕ



ਉਦਾਸੀਆਂ ਦਾ ਨੂਰ
ਇਨ੍ਹਾਂ ਦਾ ਪਥ-ਪ੍ਰਦਰਸ਼ਕ,
ਤੇ
ਖੜਗ ਦਾ ਧਾਰਨੀ
ਇਨ੍ਹਾਂ ਦਾ ਮਹਾਂ-ਨਾਇਕ।
ਹੜ੍ਹਾਂ, ਝੱਖੜਾਂ, ਦਰਿਆਵਾਂ ਦੇ ਵਹਿਣ
ਇਨ੍ਹਾਂ ਦਾ ਰਾਹ ਨਾ ਰੋਕਦੇ
ਇਹ ਜਾਣਦੇ –
"ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ।"
ਵਲਗਣਾਂ, ਵਖਰੇਵਿਆਂ ਤੋਂ ਮੁਕਤ
ਇਹ ਮਰਜੀਵੜੇ
'ਮਾਨਸ ਕੀ ਏਕ ਰਾਤ' ਦੇ ਮੁਤਲਾਸ਼ੀ।
ਸੰਤਾਲੀਆਂ, ਚੁਰਾਸੀਆਂ ਦੇ
ਕਾਲੇ ਪਹਿਰਾਂ ਨੂੰ ਉਲੰਘ
'ਤੇਰਾ ਕੀਆ' ਨੂੰ ਹਿਰਦੇ ਵਿਚ ਬਿਠਾਉਣਾ
ਇਨ੍ਹਾਂ ਦਾ ਸਦੀਵੀ ਅਮਲ ਹੈ।
ਇਨ੍ਹਾਂ ਦੇ ਮੱਥੇ ਉੱਤੇ
'ਸੱਚਾ ਸੌਦਾ' ਖੁਣਿਆ ਹੋਇਆ ਹੈ।
ਸਰਕਾਰੀ-ਤੰਤਰ ਵਿਚਲੇ ਅੱਤਵਾਦੀ ਦੇ ਲਕਬ ਨੂੰ
'ਹੋਊ ਪਰ੍ਹੇ' ਕਹਿ ਕੇ ਛੁਟਿਆਉਂਦੇ
ਨਿਮਾਣਿਆਂ-ਨਿਤਾਣਿਆਂ ਦੀ ਬਾਂਹ ਫੜਦੇ।
ਜ਼ੋਰ, ਜਬਰ ਤੇ ਜ਼ੁਲਮ ਅੱਗੇ ਮੱਥਾ ਡਾਹੁੰਦੇ,
ਭਗਤੀ ਤੇ ਸ਼ਕਤੀ ਨੂੰ ਸਮਾਨਾਂਤਰ ਚਿਤਵਦੇ,
ਜ਼ਿੰਦਗੀ ਨੂੰ ਪਿਆਰਦੇ ਤੇ ਸਤਿਕਾਰਦੇ ਬਾਬੇ
ਸਾਡੇ ਸਮਿਆਂ ਦਾ
ਅਮੁੱਕ ਦਸਤਾਵੇਜ਼ ਹਨ!



-ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ, ਬਠਿੰਡਾ
94176-92015.
(Punjab Mail USA)

## ਗਜ਼ਲ

ਮੰਨਿਆ ਪੈਸਾ ਜਾਣਾ ਬੰਦੇ ਦੇ ਨਾਲ ਨਹੀਂ,
ਪਰ ਇਸ ਦੇ ਬਿਨ ਵੀ ਉਸ ਦੀ ਪੁੱਛ ਪੜਤਾਲ ਨਹੀਂ।
ਉਨ੍ਹਾਂ ਪੁੱਤਾਂ ਬਿਨ ਕੀ ਥੁੜ੍ਹਿਆ ਹੈ ਉਨ੍ਹਾਂ ਦਾ,
ਜਿਹੜੇ ਪੁੱਛਦੇ ਬੁੱਢੇ ਮਾਂ-ਪਿਉ ਦਾ ਹਾਲ ਨਹੀਂ।
ਤਾਂ ਹੀ ਮੁੰਡੇ ਬਦੇਸ਼ਾਂ ਨੂੰ ਜਾਈ ਜਾਂਦੇ ਨੇ,
ਜਦ ਇੱਥੇ ਉਨ੍ਹਾਂ ਨੂੰ ਮਿਲਦੀ ਰੋਟੀ ਦਾਲ ਨਹੀਂ।
ਨੇਤਾ ਤੇ ਬਾਬੇ ਇੱਥੇ ਐਸ਼ਾਂ ਕਰਦੇ ਨੇ,
ਪਰ ਮਜ਼ਦੂਰਾਂ ਦਾ ਬਹੁਤਾ ਚੰਗਾ ਹਾਲ ਨਹੀਂ।
ਇਸ ਸਾਲ ਹੜ੍ਹਾਂ ਨੇ ਖੂਬ ਤਬਾਹੀ ਕੀਤੀ ਹੈ,
ਲੋਕਾਂ ਨੂੰ ਯਾਰੋ ਕਦੇ ਭੁੱਲਣਾ ਇਹ ਸਾਲ ਨਹੀਂ।
ਉਹ ਸਾਹ ਲੈਣ ਲਈ ਸ਼ੁੱਧ ਹਵਾ ਨੂੰ ਤਰਸਣਗੇ,
ਜੋ ਹਾਲੇ ਕਰਦੇ ਰੁੱਖਾਂ ਦੀ ਸੰਭਾਲ ਨਹੀਂ।
ਆਸ ਬੜੀ ਰੱਖ ਕੇ ਉਹ ਮੇਰੇ ਘਰ ਆਇਆ ਹੈ,
ਲਾਰੇ ਲਾ ਕੇ ਮੈਂ ਉਸ ਨੂੰ ਸਕਦਾ ਟਾਲ ਨਹੀਂ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554
(Punjab Mail USA)

## ਕਿਰਦਾਰ

ਸੱਚਾ-ਸੁੱਚਾ ਰੱਖੀਂ ਕਿਰਦਾਰ ਦੋਸਤਾ।
ਜ਼ਿੰਦਗੀ 'ਚ ਮੰਨੀਂ ਨਾ ਤੂੰ ਹਾਰ ਦੋਸਤਾ।
ਖੁਸ਼ੀ ਨਾਲ ਚਾਹੁੰਨੈ ਜੇ ਬਿਤਾਣਾ ਜ਼ਿੰਦਗੀ,
ਰੱਖੀਂ ਨਾ ਤੂੰ ਕਿਸੇ ਨਾਲ ਖ਼ਾਰ ਦੋਸਤਾ।
ਰੁੜ੍ਹਦਾ ਤਾਂ ਭਾਵੇਂ ਘੜਾ ਰੁੜ੍ਹੇ ਘਿਓ ਦਾ,
ਕਰੀਂ ਨਾ ਤੂੰ ਕਦੇ ਯਾਰ ਮਾਰ ਦੋਸਤਾ।
ਖੁਸ਼ ਹੋਈਂ ਤਰੱਕੀ ਦੂਜਿਆਂ ਦੀ ਵੇਖਕੇ,
ਸਾਥ ਤੇਰਾ ਦਊ ਪਰਵਰਦਗਾਰ ਦੋਸਤਾ।
ਲੜ ਲੱਗਾ ਰਹੀਂ ਤੂੰ ਹਮੇਸ਼ਾ ਇੱਕ ਦੇ,
ਬਹੁਤਿਆਂ ਦਾ ਹੋਈਂ ਨਾ ਸਵਾਰ ਦੋਸਤਾ।
ਘਰੇ ਬੁੱਢੇ ਮਾਪਿਆਂ 'ਚੋਂ ਰੱਬ ਵੇਖ ਲਈਂ,
ਲੱਭਦਾ ਨਾ ਫਿਰੀਂ ਜਾ ਕੇ ਬਾਹਰ ਦੋਸਤਾ।
ਧਨ ਕਦੇ ਖਾਧਾ ਜੇ ਲਿਆਕੇ ਪ੍ਰਜਾ ਦਾ,
ਹੋਵੇਗੀ ਤਬਾਹੀ ਮਾਰੋ-ਮਾਰ ਦੋਸਤਾ।
ਚੰਗਾ ਹੀ ਨਤੀਜਾ ਹੁੰਦਾ ਚੰਗੇ ਕੰਮ ਦਾ,
ਹਰ ਥਾਂ ਹੀ ਮਿਲੇ ਸਤਿਕਾਰ ਦੋਸਤਾ।
ਚੰਗੀਆਂ ਹੀ ਗੱਲਾਂ ਉਂਝ ਲਿਖੇ 'ਨਾਗਰਾ'
ਖੱਬਲੀਆਂ ਜਾਂਦਾ ਕਦੇ ਮਾਰ ਦੋਸਤਾ।



-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ',
ਯੂਬਾ ਸਿਟੀ
ਫੋਨ: +1-360-448-1989
(Punjab Mail USA)

## ਲਾਵਾਰਿਸ ਬੁਢਾਪਾ



ਛੱਡ ਗਏ ਸੰਗ ਮੀਤ ਪਿਆਰੇ,
ਸਕੇ ਸੰਬੰਧੀ ਧੀਆਂ ਪੁੱਤ ਸਾਰੇ।

ਕਰ ਮੁਸ਼ੱਕਤ ਅੱਜ ਰੋਵੇ ਅੱਖ,
ਸਰਕਾਰਾਂ ਪੱਲੇ ਹੈ ਨਹੀਂ ਕੱਖ।

ਜਾਨ ਤੋੜ 2 ਮਹਿਲ ਉਸਾਰੇ,
ਪਰ ਆਪਣੇ ਰਹੇ ਕੱਚੇ ਢਾਰੇ।

ਰੁਲ਼ੇ ਬੇਵੱਸ ਲਾਚਾਰ ਬੁਢਾਪਾ,
ਪੇਟ ਖਾਤਿਰ ਪਿਆ ਸਿਆਪਾ।

ਕਰਦੈ ਮਜ਼ਦੂਰੀ ਕੁੱਟਦਾ ਰੋੜੇ,
ਝੂਰਦੈ ਕਿਸਮਤ ਨੂੰ ਮੱਥਾ ਫੋੜੇ।

ਜੀਵਨ ਦਾ ਰੱਖਿਆ ਦਸਤੂਰ,
ਹੱਥ ਅੱਡਣਾ ਹੈ ਨ੍ਹੀਂ ਮਨਜ਼ੂਰ।

ਜੇਕਰ ਚਲਦੇ ਘੰਡ 'ਚ ਸਾਹ,
ਲਾਉਣੀ ਹੈ ਅਸਾਂ ਪੂਰੀ ਵਾਹ।

ਮਹਿੰਗਾਈ ਸਾਹ ਦਿੱਤੇ ਘੁੱਟ,
ਕਿਰਤਾਂ ਦੀ ਹੋਵੇ ਨਿੱਤ ਲੁੱਟ।



-ਸੇਵਾ ਸਿੰਘ "ਨੂਰਪੁਰੀ"
(Punjab Mail USA)

## "ਤੇਰੀ ਉਦਾਸੀ"

ਮੁੱਦਤਾਂ ਬਾਦ ਅੱਜ
ਤੈਨੂੰ ਤੱਕਿਆ
ਤੇਰੇ ਚਿਹਰੇ 'ਤੇ ਦਿਖੀ
ਇਕ ਵੀਰਾਨਗੀ ਜਿਹੀ
ਕਿੰਨਾ ਕੁਝ ਪੜ੍ਹ ਲਿਆ
ਤੇਰੇ ਚਿਹਰੇ ਤੋਂ
ਦਰਦ, ਹੌਕੇ, ਹਾਵੇ
ਜਿਵੇਂ ਸਦੀਆਂ ਤੋਂ ਤੇਰੀ ਉਦਾਸੀ
ਤੇ ਇਨ੍ਹਾਂ ਦੀ ਪਰਤ
ਜੰਮ ਗਈ ਹੋਵੇ
ਮੁਰਝਾਇਆ, ਉਦਾਸਿਆ ਚਿਹਰਾ
ਤੇਰਾ ਹਾਸਾ, ਖੇੜਾ, ਮੁਸਕਾਨ
ਪਤਾ ਨਹੀਂ ਕਿੱਥੇ ਗਾਇਬ ਹੋ ਗਈ
ਕਹਿੰਦੇ ਹਨ ਦਿਲ ਦੀਆਂ ਵੀ
ਅੱਖਾਂ ਹੁੰਦੀਆਂ ਹਨ
ਜਿਨ੍ਹਾਂ ਨਾਲ ਅਸੀਂ
ਇੱਕ ਦੂਸਰੇ ਦੇ
ਆਰ-ਪਾਰ ਦੇਖ ਸਕਦੇ ਹਾਂ
ਤੇ ਉਨ੍ਹਾਂ ਨਜ਼ਰਾਂ ਨਾਲ ਸਾਰਾ
ਪੜ੍ਹ ਲਿਆ ਅੱਜ ਮੈਂ ਤੈਨੂੰ
ਰੂਹਾਂ ਦੇ ਰਿਸ਼ਤੇ
ਇਹੀ ਤੇ ਹੁੰਦੇ ਹਨ
ਦਰਦ ਇੱਕ ਨੂੰ ਹੋਵੇ 'ਤੇ
ਤਕਲੀਫ਼ ਦੂਸਰੇ ਨੂੰ
ਮਹਿਸੂਸ ਹੋਏ
ਤੈਨੂੰ ਇਸ ਹਾਲ ਵਿਚ ਦੇਖ
ਤੜਪ ਉੱਠੀ ਮੈਂ ਦਰਦ ਨਾਲ
ਆਪਣਾ ਦਰਦ ਭੁਲਾ
ਤੇਰੇ ਦਰਦ ਵਿਚ
ਖੋ ਗਈ ਮੈਂ
ਜੀ ਕੀਤਾ ਹੁਣੇ ਤੈਨੂੰ ਮਿਲ
ਕਲਾਵੇ ਵਿਚ ਭਰ
ਗਲੇ ਲਗਾ ਲਵਾਂ
ਤੇ ਕਹਾਂ ਝੱਲੀਏ
ਹੁਣ ਤੂੰ ਕਦੀ ਉਦਾਸ
ਨਾ ਹੋਵੀਂ
ਮੈਂ ਹੂੰ ਨਾ
ਤੇਰੀ ਉਦਾਸੀ ਮੈਂ ਦੇਖ
ਨਹੀਂ ਸਕਦੀ
ਤੈਨੂੰ ਉਦਾਸ ਦੇਖ
ਕਿੰਨਾ ਕੁਝ ਟੁੱਟ ਭੱਜ
ਜਾਂਦਾ ਹੈ ਮੇਰੇ ਅੰਦਰ
ਤੇਰੀ ਉਦਾਸੀ ਫਿਰ
ਘੇਰਾ ਘੱਤ ਲੈਂਦੀ ਹੈ
ਮੇਰੇ ਆਲੇ ਦੁਆਲੇ ਤੇ
ਮੈਂ ਤੇਰੀ ਉਦਾਸੀ ਨੂੰ
ਆਪਣੇ ਗਲੇ ਲਗਾ ਲੈਂਦੀ ਹਾਂ
ਉਨ੍ਹਾਂ ਨਾਲ ਗੱਲਾਂ ਕਰ
ਤੇਰਾ ਹਾਲ-ਚਾਲ ਪੁੱਛਦੀ
ਰਹਿੰਦੀ ਹਾਂ ਤੇ ਕਹਿੰਦੀ ਹਾਂ
ਹੁਣ ਤੂੰ ਕਦੀ ਉਦਾਸ ਨਾ ਹੋਵੀਂ ।
ਗੁਰਬਾਣੀ ਵਿਚ ਸ਼ਬਦ ਹੈ
ਉਸਨੂੰ ਹਮੇਸ਼ਾਂ ਯਾਦ ਰੱਖਣਾ।
"ਕਾਹੇ ਮਨ ਤੂ ਡੋਲਤਾ ਹਰਿ ਮਨਸਾ
ਪੂਰਣਹਾਰੁ ॥"



-ਰਮਿੰਦਰ ਰੰਮੀ
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
CITY OF ELK GROVE
Elk Grove
9700
BLVD
9600
Bradshaw
RD
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR
CA DRE licence # 01490567